eZee ELD
You Drive... We Log
eZee ELD Powered By Simple Truck
ELD ਕੋਲ AOBRD Device ਤੁਰੰਤ ਉਪਲਬਧ ਹੈ।
ਅੱਜ ਹੀ ਕਾਲ ਕਰੋ : 209-679-1145

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 36
Decmber 13, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਅਮਰੀਕਾ ਦੀ ਪਹਿਲੀ ਸਿੱਖ ਔਰਤ ਮੇਅਰ ਬਣਕੇ

## ਪ੍ਰੀਤ ਡਿਡਬਾਲ ਨੇ ਰਚਿਆ ਇਤਿਹਾਸ

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 'ਤੇ)

# ਪ੍ਰਵਾਸ ਪ੍ਰਣਾਲੀ ਨੂੰ ਸਖਤ ਕਰ ਸਕਦੇ ਨੇ ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ (ਬਿਊਰੋ)–** ਹਾਲ ਹੀ ਵਿਚ ਨਿਊਯਾਰਕ 'ਚ ਹੋਏ ਬੰਬ ਧਮਾਕੇ ਨੂੰ ਦੇਖਦੇ ਹੋਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਾਂਗਰਸ ਨੂੰ ਕਿਹਾ ਕਿ ਅਮਰੀਕੀਆਂ ਦੇ ਬਚਾਅ ਲਈ 'ਚੇਨ ਇਮੀਗਰੇਸ਼ਨ' ਦਾ ਖਾਤਮਾ ਕਰਨਾ ਜ਼ਰੂਰੀ ਹੈ ਅਤੇ ਨਰਮ ਪ੍ਰਵਾਸ ਪ੍ਰਣਾਲੀ ਨੂੰ ਸਖਤ ਕਰਨ ਦੀ ਲੋੜ ਹੈ। ਬੀਤੇ ਦਿਨੀ ਨਿਊਯਾਰਕ ਵਿਚ ਹੋਏ ਬੰਬ ਧਮਾਕੇ ਵਿਚ ਗ੍ਰਿਫਤਾਰ ਕੀਤੇ ਦੋਸ਼ੀ 27 ਸਾਲਾ ਅਕਾਇਦ ਉਲਾ ਨੇ ਤਾਰ ਤੇ ਪਾਇਪ ਬੰਬ ਆਪਣੇ ਸਰੀਰ ਦੁਆਲੇ ਲਪੇਟਿਆ ਹੋਇਆ ਸੀ। ਇਹ ਬੰਬ ਦੋ ਜ਼ਮੀਨਦੋਜ ਸਟੇਸ਼ਨ ਦੇ ਵਿਚਕਾਰ ਸਮੇਂ ਤੋਂ ਪਹਿਲਾਂ ਹੀ ਫਟ ਗਿਆ ਜਿਸ ਵਿਚ ਸ਼ੱਕੀ ਮਨੁੱਖੀ ਬੰਬ ਅਤੇ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ। ਟਰੰਪ ਨੇ ਕਿਹਾ ਕਿ ਪਿਛਲੇ ਦੋ ਮਹੀਨਿਆਂ ਵਿਚ ਨਿਊਯਾਰਕ ਸ਼ਹਿਰ ਵਿਚ ਸਮੂਹਿਕ ਕਤਲੇਆਮ ਕਰਨ ਦਾ ਇਹ ਦੂਸਰਾ ਯਤਨ ਹੈ ਜਿਸ ਕਾਰਨ ਅਮਰੀਕੀ ਲੋਕਾਂ ਨੂੰ ਬਚਾਉਣ ਲਈ ਕਾਂਗਰਸ ਨੂੰ ਲਾਜ਼ਮੀ ਤੌਰ 'ਤੇ ਕਾਨੂੰਨ ਬਣਾਉਣ ਦੀ ਲੋੜ ਹੈ। ਸ਼ੱਕੀ ਦੋਸ਼ੀ 7 ਸਾਲ ਪਹਿਲਾਂ ਆਪਣੇ ਪਰਿਵਾਰ ਨਾਲ ਪਰਿਵਾਰਕ ਵੀਜ਼ੇ 'ਤੇ ਅਮਰੀਕਾ ਆਇਆ ਸੀ। ਟਰੰਪ ਨੇ ਕਿਹਾ ਕਿ ਅਮਰੀਕਾ ਲਈ ਆਪਣੀ ਨਰਮ ਪ੍ਰਵਾਸੀ ਪ੍ਰਣਾਲੀ ਨੂੰ ਸਖਤ ਕਰਨਾ ਜ਼ਰੂਰੀ ਹੈ ਕਿਉਂਕਿ ਢਿੱਲੀ ਪ੍ਰਵਾਸੀ ਪ੍ਰਣਾਲੀ ਕਾਰਨ ਕਈ ਖਤਰਨਾਕ ਲੋਕ ਅਮਰੀਕਾ ਵਿਚ ਦਾਖਲ ਹੋ ਜਾਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸ਼ੱਕੀ ਅਮਰੀਕਾ ਵਿਚ ਪਰਿਵਾਰਕ ਸਪਾਂਸਰਸ਼ਿਪ ਪ੍ਰਵਾਸ ਤਰੀਕੇ ਨਾਲ ਦਾਖਲ ਹੋਇਆ ਸੀ। ਰਾਸ਼ਟਰਪਤੀ ਟਰੰਪ ਚਾਹੁੰਦਾ ਹੈ ਕਿ ਪਰਿਵਾਰਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਅਮਰੀਕਾ ਸੱਦਣ ਲਈ ਸਪਾਂਸਰ ਕਰਨ ਦੀ ਪ੍ਰਣਾਲੀ ਖਤਮ ਕੀਤੀ ਜਾਵੇ। ਉਧਰ ਗ੍ਰਿਫਤਾਰ ਸ਼ੱਕੀ ਬੰਗਲਾਦੇਸ਼ੀ ਦੇ ਇਸਲਾਮਿਕ ਸਟੇਟ ਅੱਤਵਾਦੀ ਸੰਗਠਨ ਨਾਲ ਜੁੜੇ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ। ਉਸ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਦੀ ਨਿਊਯਾਰਕ ਵਿਚ ਅੱਤਵਾਦੀ ਹਮਲਾ ਕਰਨ ਦੀ ਯੋਜਨਾ ਸੀ ਕਿਉਂਕਿ ਇਸਰਾਈਲ ਨੇ ਪਿਛਲੇ ਦਿਨੀ ਗਾਜ਼ਾ ਪੱਟੀ ਵਿਚ ਹਮਲਾਵਰ ਕਾਰਵਾਈਆਂ ਕੀਤੀਆਂ ਹਨ।



## ਗੁਰਬੀਰ ਗਰੇਵਾਲ ਬਣੇ ਪਹਿਲੇ ਸਿੱਖ ਅਟਾਰਨੀ ਜਨਰਲ



**ਵਾਸ਼ਿੰਗਟਨ (ਬਿਊਰੋ)–** ਨਿਊ ਜਰਸੀ ਦੇ ਮਨੋਨੀਤ ਗਵਰਨਰ ਫਿਲ ਮਰਫੀ ਨੇ ਗੁਰਬੀਰ ਸਿੰਘ ਗਰੇਵਾਲ ਨੂੰ ਸਟੇਟ ਦਾ ਅਟਾਰਨੀ ਜਨਰਲ ਨਾਮਜ਼ਦ ਕੀਤਾ ਹੈ। ਉਹ ਮੁਲਕ ਵਿੱਚ ਅਟਾਰਨੀ ਜਨਰਲ ਬਣਨ ਵਾਲੇ ਪਹਿਲੇ ਸਿੱਖ-ਅਮਰੀਕੀ ਹੋਣਗੇ।

## ਡੋਕਲਾਮ ਵਿਚ ਫਿਰ ਚੀਨ ਦੀ ਵਧੀ ਸਰਗਰਮੀ ਕਾਰਨ ਯੁੱਧ ਦਾ ਖਤਰਾ ਵਧਿਆ

**ਨਵੀਂ ਦਿੱਲੀ (ਬਿਊਰੋ)–** ਡੋਕਲਾਮ ਵਿਚ ਆਪਣਾ ਹੱਥ ਉੱਪਰ ਕਰਨ ਦੇ ਨਿਸ਼ਾਨੇ ਨਾਲ ਮੌਸਮ ਦਾ ਪੂਰਾ ਲਾਭ ਲੈਂਦਿਆਂ ਚੀਨ ਦੇ 1800 ਦੇ ਲਗਭਗ ਸੈਨਿਕ ਉਸ ਇਲਾਕੇ ਵਿਚ ਪਹੁੰਚ ਗਏ ਹਨ ਅਤੇ ਉਨ੍ਹਾਂ ਨੂੰ ਡੋਕਲਾਮ ਤੋਂ ਮਹਿਜ 200 ਮੀਟਰ ਦੀ ਦੂਰੀ 'ਤੇ ਤਾਇਨਾਤ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਡੋਕਲਾਮ ਇਲਾਕੇ ਵਿਚ ਚੀਨੀ ਸੈਨਿਕਾਂ ਦੀ ਭਾਰੀ ਹਿਲਜੁਲ ਦੇਖੀ ਗਈ ਹੈ ਅਤੇ ਉਹ ਠੰਢ ਵਾਲੇ ਮੌਸਮ ਕਾਰਨ ਭੁਟਾਨ ਦੀ ਫ਼ੌਜ ਵਲੋਂ ਖਾਲੀ ਕੀਤੀਆਂ ਚੌਕੀਆਂ 'ਤੇ ਕਾਬਜ਼ ਹੋਣ ਦਾ ਯਤਨ ਕਰ ਸਕਦੇ ਹਨ। ਬੈਰਕਾਂ ਅਤੇ ਸੈਟੇਲਾਈਟ ਟਾਵਰਾਂ ਦੀ ਉਸਾਰੀ ਵੀ ਕੀਤੀ ਗਈ ਹੈ ਅਤੇ ਚਲਦੇ ਫਿਰਦੇ ਰੈਣ ਬਸੇਰੇ ਵਜੋਂ 406 ਤੰਬੂ ਵੀ ਲਾਏ ਗਏ ਹਨ। ਚੀਨੀ ਸੈਨਿਕਾਂ ਨੇ ਸਿੰਚੇ-ਲਾ ਡੋਕਾ-ਲਾ ਦੇ ਕਈ



ਇਲਾਕਿਆਂ ਵਿਚ ਚੀਨੀ ਝੰਡੇ ਵੀ ਲਾ ਦਿੱਤੇ ਹਨ। ਸੂਤਰਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਹੈ ਕਿ ਪਹੁੰਚ ਸੜਕਾਂ ਨੂੰ ਵੀ ਚੌੜਾ ਕੀਤਾ ਜਾ ਰਿਹਾ ਹੈ। ਅਜਿਹਾ ਸ਼ਾਇਦ ਸੈਨਿਕਾਂ ਤੇ ਭਾਰੀ ਬਖਤਰਬੰਦ ਮਸ਼ੀਨਰੀ ਨੂੰ ਇਧਰ ਉਧਰ ਲਿਜਾਣ ਲਈ ਕੀਤਾ ਜਾ ਰਿਹਾ ਹੈ। ਭਾਰਤ ਦੇ ਰੱਖਿਆ ਮਾਹਰਾਂ ਮੁਤਾਬਿਕ ਇਹ ਚੀਨੀ ਫ਼ੌਜ ਦਾ ਹਮਲਾਵਰ ਰੁਖ ਹੈ। ਚੁੰਬੀ ਵਾਦੀ ਵਿਚ ਚੀਨ ਦੀ ਸਥਿਤੀ ਕਮਜ਼ੋਰ ਹੈ ਕਿਉਂਕਿ ਭਾਰਤ ਉਥੇ ਹਾਵੀ ਹੈ। ਮੇਜਰ ਜਨਰਲ (ਸੇਵਾ ਮੁਕਤ) ਪੀ. ਕੇ. ਸਹਿਗਲ ਦਾ ਕਹਿਣਾ ਕਿ ਇਸ ਕਮਜ਼ੋਰੀ ਨਾਲ ਨਜਿੱਠਣ ਲਈ ਚੀਨ ਚੁੰਬੀ ਵਾਦੀ ਦੇ ਸੱਜੇ ਪਾਸੇ ਆਪਣੇ ਆਪ ਨੂੰ ਸਥਾਪਤ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਆਉਣ ਵਾਲੇ ਸਮੇਂ ਵਿਚ ਭੁਟਾਨ ਅਤੇ ਭਾਰਤ ਲਈ ਖਤਰਨਾਕ ਹੋਵੇਗੀ।


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

## ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲੀ



ਫਾਇਲ ਚਿੱਤਰ

ਰਿਪੋਰਟ ਦੇਖੋ ਸਫਾ 4 'ਤੇ


BERKSHIRE HATHAWAY
Home Services
BH HS
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX
Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,.com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

2081 Arena Blvd # 100 Sacramento, CA 95834

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS

## ਸਾਡੀ ਸਪੈਸ਼ਲਟੀ


* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿਂਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕੈਲੀਫੋਰਨੀਆ ਦੇ ਸਿੱਖਾਂ ਵਲੋਂ ਗਰੀਬ ਬੱਚਿਆਂ ਲਈ 1000 ਤੋਂ ਵੱਧ ਸਾਇਕਲ ਦਾਨ






**ਫਰਿਜ਼ਨੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** "ਵੀ ਆਰ ਸਿੱਖ ਮੁਹਿੰਮ" ਨੇ ਬੀਤੇ ਦਿਨ ਫਰਿਜ਼ਨੋ ਹੈਲਸ ਏਂਜਲਸ ਟਾਏ ਰਨ ਦੇ 19ਵੇ ਸਾਲਾਨਾ ਸਮਾਗਮ ਵਿਚ ਸ਼ਾਮਿਲ ਹਿੱਸਾ ਲਿਆ ਜੋ ਕਿ ਚੁਕਚਾਨਸੀ ਪਾਰਕ ਫੀਲਡ ਵਿਚ ਹੋਇਆ। ਦਸਣਯੋਗ ਹੈ ਕਿ ਨੈਸ਼ਨਲ ਸਿਖ ਕੈਂਪੇਨ ਨੇ ਇਸੇ ਸਾਲ ਅਪ੍ਰੈਲ ਵਿਚ "ਵੀ ਆਰ ਸਿਖ ਕੈਂਪੇਨ" ਸ਼ੁਰੂ ਕੀਤੀ ਸੀ ਤੇ ਇਹ ਨੈਸ਼ਨਲ ਕੈਬਲ ਟੀ ਵੀ 'ਤੇ ਇਕ ਐਡ ਵੀ ਚਲਾਉਂਦੀ ਹੈ। ਉਕਤ ਸਮਾਗਮ ਵਿਚ ਸਿੱਖਾਂ ਨੇ ਗਰੀਬ ਬੱਚਿਆਂ ਨੂੰ 1000 ਤੋਂ ਵੱਧ ਸਾਈਕਲਾਂ ਦਾਨ ਕੀਤੀਆਂ।

ਇਹ ਗਿਣਤੀ ਪਿਛਲੇ ਸਾਲ ਨਾਲੋਂ 200 ਵੱਧ ਹੈ। ਇਸ ਮੌਕੇ ਬਿਲ ਸਿੰਘ ਨਿੱਝਰ ਨੇ ਕਿਹਾ ਕਿ ਅਸੀ ਇਸ ਸੇਵਾ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕਰਦੇ ਹਾਂ। ਉਨਾਂ ਨੇ ਕਿਹਾ ਕਿ ਅਸੀ ਸਿੱਖੀ ਦੇ ਸਿਧਾਂਤ ਕਿਰਤ ਕਰਨੀ ਤੇ ਵੰਡ ਛਕਣੀ 'ਤੇ ਪਹਿਰਾ ਦਿੰਦਿਆਂ ਇਹੋ ਜਿਹੇ ਕਾਰਜ ਕਰਨਾ ਜਾਰੀ ਰਖਾਂਗੇ। ਅਸੀ ਫਰਿਜ਼ਨੋ ਵਿਚ ਭਾਈਚਾਰੇ ਦਾ ਹਿੱਸਾ ਹਾਂ ਅਤੇ ਸਾਨੂੰ ਆਪਣੇ ਗੁਆਂਢੀਆਂ ਨਾਲ ਖੜਣਾ ਚਾਹੀਦਾ ਹੈ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਅਸੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹਾਂ ਤੇ ਲੋੜਵੰਦਾਂ ਦੀ ਸੇਵਾ ਕਰਨਾ ਸਾਡਾ ਫਰਜ਼ ਹੈ। ਅਸੀ ਅਮਰੀਕੀ ਅਤੇ ਸਿਖ ਹੋਣ ਦੇ ਨਾਤੇ ਸਾਨੂੰ ਸਾਡੇ ਭਾਈਚਾਰੇ ਦੀ ਸੇਵਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

ਦਸਣਯੋਗ ਹੈ ਕਿ ਫਰਿਜ਼ਨੋ ਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ 50,000 ਤੋਂ ਵੱਧ ਸਿੱਖ ਹਨ। ਫਰਿਜ਼ਨੋ ਵਿਚ ਐਡ ਕੈਂਪੇਨ ਤੋਂ ਬਾਅਦ ਕੀਤੀ ਗਈ ਚੋਣ ਨੇ ਸਿਖਾਂ ਪ੍ਰਤੀ ਹਾਂਪੱਖੀ ਧਾਰਨਾ ਵਿਚ ਅਹਿਮ ਵਾਧਾ ਕੀਤਾ ਹੈ। ਫਰਿਜ਼ਨੋ ਦੇ 59 ਫੀਸਦੀ ਵਾਸੀ ਮੰਨਦੇ ਹਨ ਕਿ ਉਹ ਸਿਖਾਂ ਬਾਰੇ ਕਾਫੀ ਜਾਣ ਗਏ ਹਨ, 68 ਫੀਸਦੀ ਸਿੱਖਾਂ ਨੂੰ ਚੰਗੇ ਗੁਆਂਢੀ ਵਜੋਂ ਵੇਖਦੇ ਹਨ ਅਤੇ 64 ਫੀਸਦੀ ਲੋਕ ਸਿੱਖਾਂ ਨੂੰ ਦਿਆਲੂ ਅਤੇ ਭਦਰਪੁਰਸ਼ ਵਜੋਂ ਵੇਖਦੇ ਹਨ।

# ਗਰਭਵਤੀ ਪੰਜਾਬਣ ਕਵੀਨਸ, ਨਿਊਯਾਰਕ ਤੋਂ ਗਾਇਬ, ਪੁਲਿਸ ਭਾਲ ਤੇ ਤਫਤੀਸ਼ 'ਚ ਜੁਟੀ

ਕਵੀਨਸ, ਨਿਓਯਾਰਕ (ਹੁਸਨ ਲੜੋਆ ਬੰਗਾ)- ਨਿਓਯਾਰਕ ਦੇ ਕਵੀਨਸ ਸ਼ਹਿਰ ਦੀ ਪੁਲਸ, ਇੱਕ ਗਰਭ-ਵਤੀ ਪੰਜਾਬਣ, ਜੋ ਬੈਂਕ ਜਾਣ ਤੋਂ ਬਾਅਦ ਗਾਇਬ ਦੱਸੀ ਜਾਂਦੀ ਹੈ ਦੀ ਪੁਲੀਸ ਉਸਦੀ ਭਾਲ ਤੇ ਤਫਦੀਸ਼'ਚ ਜੁਟੀ ਹੋਈ ਹੈ। ਇਸ ਭਾਰਤੀ ਅਮਰੀਕਨ ਔਰਤ ਦਾ ਨਾਂ ਅਮਰ-ਜੀਤ ਕੌਰ ਦੱਸਿਆ ਗਿਆ ਹੈ, ਜੋ ਇਕ 7 ਸਾਲ ਦੀ ਉਮਰ ਦੇ ਦੋ ਬੱਚਿਆਂ ਦੀ ਵਿਆਹੁਤਾ ਮਾਂ ਹੈ ਤੇ ਨਿਊਯਾਰਕ ਵਿਚ ਪੁਲੀਸ ਇਸ ਗਰਭਵਤੀ ਔਰਤ ਨੂੰ ਲੱਭਣ ਵਿਚ ਲੋਕਾਂ ਦੀ ਮਦਦ ਮੰਗ ਰਹੀ ਹੈ।



ਪੁਲਿਸ ਅਨੁਸਾਰ ਅਮਰਜੀਤ ਕੌਰ, 34 ਸਾਲ ਦੀ ਇਕ ਬੈਂਕ ਦੀ ਯਾਤਰਾ ਤੋਂ ਬਾਅਦ 5 ਦਸੰਬਰ ਨੂੰ ਲਾਪਤਾ ਹੋ ਗਈ ਸੀ। ਕੌਰ ਦੇ ਪਤੀ ਲਖਵਿੰਦਰ ਮੁਲਤਾਨੀ ਜੋ ਕਿ ਬਿਜਨਸਮੈਂਨ ਹਨ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਨੇ 128 ਵੇਂ ਸਟਰੀਟ 'ਤੇ ਆਪਣੇ ਘਰ ਨੂੰ ਕਰੀਬ 10.30 ਵਜੇ ਦੇ ਕਰੀਬ ਸਵੇਰੇ 10. 30 ਵਜੇ ਦੇ ਕਰੀਬ ਚੇਜ਼ ਬੈਂਕ ਨੂੰ ਛੱਡ ਦਿੱਤਾ ਸੀ। ਬੈਂਕ' ਤੇ ਕੋਈ ਚੈਕ ਜਮ੍ਹਾ ਕਰਨ ਮਗਰੋਂ ਉਹ ਮੁੜ ਘਰ ਵਾਪਿਸ ਨਹੀਂ ਆਈ ਤੇ ਉਸ ਦਾ ਫੋਨ 114 ਵੇਂ ਸਟਰੀਟ ਅਤੇ ਲਿ-ਬਰਟੀ ਐਵਨਿਊ 'ਤੇ ਖੜ੍ਹੀ ਕਾਰ ਦੇ ਅੰਦਰ ਸੀ, ਇੱਕ ਸਕੂਲ ਦੀ ਰਿਪੋਰਟ ਅਨੁਸਾਰ ਉਹ ਬੱਚਿਆਂ ਨੂੰ ਵੀ ਚੁੱਕਣ ਲਈ ਨਹੀਂ ਗਈ। ਇਸ ਤੋਨ ਬਾਦ ਪਤੀ ਲਖਵਿੰਦਰ ਮੁਲਤਾਨੀ ਨੇ ਫ਼ੋਨ ਕਰਨਾ ਸ਼ੁਰੂ ਕਰ ਦਿੱਤਾ।

"ਮੁਲਤਾਨੀ ਨੇ ਟੀ ਵੀ ਰਿਪੋਰਟ ਵਿਚ ਕਿਹਾ ਕਿ ਸਾਡੇ ਦੋ 7 ਸਾਲ ਦੇ ਜੁੜਵੇਂ ਮੁੰਡੇ ਹਨ ਅਤੇ ਉਹ ਛੇ ਹਫ਼ਤਿਆਂ ਦੀ ਗਰਭਵਤੀ ਹੈ,ਤੇ "ਮੈਂ ਬਹੁਤ ਬੁਰਾ ਮਹਿਸੂਸ ਕਰ ਰਿਹਾ ਹਾਂ, ਬੱਚੇ ਬਹੁਤ ਮਾੜਾ ਮਹਿਸੂਸ ਕਰ ਰਹੇ ਹਨ। ਅਸੀਂ ਉਸ ਦੀ ਉਡੀਕ ਕਰ ਰਹੇ ਹਾਂ। ਪਤੀ ਨੇ ਕਿਹਾ ਕਿ, "ਸਾਨੂੰ ਕਦੇ ਵੀ ਸਮੱਸਿਆਵਾਂ ਨਹੀਂ ਆਈ ਤੇ ਮੈਂ ਚਾਹੁੰਦਾ ਹਾਂ ਕਿ ਉਹ ਵਾਪਸ ਆ ਜਾਵੇ। "ਪੁਲੀਸ ਨੂੰ ਮਿਲੀ ਵੀਡੀਓ ਵਿੱਚ ਉਹ ਗਾਇਬ ਹੋਣ ਤੋਂ ਥੋੜ੍ਹੇ ਹੀ ਸਮੇਂ ਵਿੱਚ ਸਾਈਡਵਾਕ ਉੱਤੇ ਪੈਦਲ ਚੱਲ ਰਹੀ ਸੀ। ਅਮਰਜੀਤ ਕੌਰ ਦੇ ਠਿਕਾਣਿਆਂ ਦੀ ਜਾਣਕਾਰੀ ਵਾਲਾ ਕੋਈ ਵੀ ਵਿਅਕਤੀ ਕਰਾਈਮ ਸਟਾਪਸ ਨੂੰ 800-577-8477 ਤੇ ਕਾਲ ਕਰ ਸਕਦਾ ਹੈ।

## ਪੰਜਾਬੀ ਜੋੜਾ ਕਨੇਡਾ ਸਰਹੱਦ ਤੇ 1 ਕੁਇੰਟਲ ਡਰੱਗ ਨਾਲ ਗ੍ਰਿਫਤਾਰ..!

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆ-** ਪਿਛਲੇ ਹਫ਼ਤੇ 1 ਕੁਇੰਟਲ ਡਰੱਗ ਨਾਲ ਕੈਨੇਡਾ ਦੀ ਅਲਬਰਟਾ ਸਰਹੱਦ 'ਤੇ ਫੜੇ ਗਏ ਟਰੱਕ ਚਾਲਕ ਪਤੀ-ਪਤਨੀ ਦੀ ਪਛਾਣ ਕਲੋਵਸ ਕੈਲੇ-ਫੋਰਨੀਆ ਨਿਵਾਸੀ ਗੁਰਮਿੰਦਰ ਸਿੰਘ ਤੂਰ (31) ਅਤੇ ਕਿਰਨਦੀਪ ਕੌਰ (26) ਵਜੋਂ ਹੋਈ ਹੈ। ਜਿਸ ਟਰੱਕ ਨੂੰ ਇਹ ਚਲਾ ਰਹੇ ਸਨ, ਉਹ ਸਬਜੀਆਂ ਨਾਲ ਲੱਦਿਆ ਸੀ ਤੇ ਕੈਲੇਫੋਰਨੀਆ ਤੋਂ ਅਲਬਰਟਾ ਆ ਰਿਹਾ ਸੀ। ਹੁਣ ਦੋਵੇਂ ਜਣੇ ਜੇਲ੍ਹ 'ਚੋ ਇਹ ਮੁਕੱਦਮਾ ਭੁਗਤਣਗੇ, ਜ਼ਮਾਨਤ ਮਿਲਣ ਦੀ ਆਸ ਘੱਟ ਹੈ। ਫੜੀ ਗਈ ਡਰੱਗ ਦੀ ਕੀਮਤ ਸੱਤ-ਅੱਠ ਮਿਲੀਅਨ ਬਣਦੀ ਹੈ, ਜਿਸਨੇ ਪਤਾ ਨਹੀਂ ਕਿੰਨੇ ਘਰ ਉ-ਜਾੜਨੇ ਸਨ।ਸਾਰੀ ਡਰੱਗ ਟਰੱਕ ਦੀ ਕੈਬ ਵਿੱਚੋਂ ਬਰਾਮਦ ਹੋਈ ਹੈ। ਮਾਇਕਰੋਵੇਵ ਅਤੇ ਟਰੱਕ ਦੇ ਬੈਂਡ ਹੇਠ ਡਰੱਗ ਛੁਪਾਈ ਹੋਈ ਸੀ। ਡਰੱਗ ਮਾਮਲੇ ਵਿੱਚ ਪੁਲਿਸ ਵੱਡੀ ਮੱਛੀ ਦੀ ਭਾਲ ਕਰ ਰਹੀ ਹੈ।

SKY TRANSPORT SOLUTIONS
STRIVE FOR MORE

WE PROVIDE ALL TRUCKING RELATED PER-MITS AND SERVICES



ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

Drug & Alcohol Random Programs Testing

- Fast IRP Plates Issued From Our Office
- On The Spot VIN Verification Service
- Safety Audit Help
- Driver Hiring Compliance

SPECIAL DOT COMPLIANCE FOR SAFETY, AUDITS AND RECORD KEEPING.

ਟਰੱਕ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

One Stop Shop for Truckers

2680 N TRACY BLVD, SUITE 4, TRACY, CA 95376

PHONE: 209-855-6938, FAX: 209-762-6540

Website: SkyTransportSolutions.com
Email: info@SkyTransportSolutions.com
Give us a chance to provide you best services

## ਕੀ ਤੁਹਾਨੂੰ ਪਤਾ ਹੈ ?

20 ਤੋਂ 27 ਦਸੰਬਰ 1704 ਈ: ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਮਹਾਰਾਜ ਦਾ ਸਾਰਾ ਪਰਿਵਾਰ ਸ਼ਹੀਦ ਹੋ ਗਿਆ ਸੀ।
ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੀ ਜੰਗ ਵਿੱਚ ਗਰੀਬਾਂ,
ਮਜ਼ਲੂਮਾਂ, ਨਿਮਾਣੇ ਅਤੇ ਨਿਤਾਣੇ ਲੋਕਾਂ ਦੀ ਖਾਤਿਰ
ਸ਼ਹੀਦ ਹੋਏ ਅਤੇ ਛੋਟੇ ਸਾਹਿਬਜ਼ਾਦੇ
ਸੂਬਾ ਸਰਹਿੰਦ ਨੇ ਨੀਹਾਂ ਵਿੱਚ
ਚਿਣ ਕੇ ਸ਼ਹੀਦ ਕਰ
ਦਿੱਤੇ ਸਨ।

ਸੋ ਉਪ੍ਰੋਕਤ ਸ਼ਹੀਦੀ ਹਫਤਾ ਮਾਨਵਤਾ ਦੇ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ
ਅਸੀਂ ਸਾਰੇ, ਸਰਬੰਸਦਾਨੀ ਦਸਮੇਸ਼ ਪਿਤਾ ਦੇ ਕਰਜ਼ਦਾਰ ਹਾਂ।

### ਕੀ ਸਾਨੂੰ ਇਸ ਗੱਲ ਦਾ ਅਹਿਸਾਸ ਹੈ?

ਜੇ ਹੈ ਤਾਂ ਆਉ "ਖਰਚੇ ਤੇ ਖੇਚਲ" ਤੋਂ ਬਿਨਾਂ ਇਹ ਸ਼ਹੀਦੀ ਹਫਤਾ ਮਨਾਈਏ ਅਤੇ
'ਇਹ ਪ੍ਰਣ ਕਰੀਏ'!

* ਇਸ ਹਫਤੇ ਦੌਰਾਨ ਆਪਣੇ ਘਰਾਂ ਵਿੱਚ ਕੋਈ ਐਸਾ ਕੰਮ, ਜਿਸ ਵਿੱਚ ਨੱਚਣਾ, ਟੱਪਣਾ, ਗਾਉਣਾ,ਵਜਾਉਣਾ, ਦੀਪਮਾਲਾ ਅਤੇ ਨਸ਼ਿਆਂ ਦੀ ਵਰਤੋਂ ਵਾਲਾ ਕੋਈ ਸਮਾਗਮ ਨਾ ਕਰੀਏ। ਕਿਓਂ ਕਿ ਚੰਚਲਤਾ "ਸ਼ਹੀਦੀ" ਪ੍ਰਤੀ ਅਹਿਸਾਸ ਪੈਦਾ ਨਹੀਂ ਹੋਣ ਦਿੰਦੀ।
* ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ 25, 26 ਅਤੇ 27 ਦਸੰਬਰ ਦੀਆਂ "ਸ਼ਹੀਦੀ ਰਾਤਾਂ" ਨੂੰ ਸੌਣ ਲਈ ਆਪਣੇ ਬਿਸਤਰੇ ਧਰਤੀ ਉੱਤੇ ਵਿਛਾਕੇ ਠੰਡੇ ਬੁਰਜ ਵਾਲੇ ਵਾਤਾਵਰਣ ਨੂੰ ਮਹਿਸੂਸ ਕਰੀਏ।
* 26 ਦਸੰਬਰ (13 ਪੋਹ) ਸ਼ਹੀਦੀ ਵਾਲੇ ਦਿਨ ਸਮਾਂ ਸਵੇਰੇ 10:00 ਤੋਂ 11:15 ਤੱਕ ਅਸੀਂ ਸਾਰੇ ਕੰਮ ਕਾਜ ਛੱਡਕੇ ਸ਼ਾਹਿਬਜ਼ਾਦਿਆਂ ਦੀ ਯਾਦ ਵਿੱਚ ਜਿਥੇ ਵੀ ਹਾਂ, ਜਾਂ ਨੇੜੇ ਗੁਰਦੁਆਰਾ ਸਾਹਿਬ ਵਿੱਚ ( ਹਲਕਾ ਸ੍ਰੀ ਅਨੰਦਪੁਰ ਸਾਹਿਬ ਦੀਆਂ ਸੰਗਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਲਈ ਗੁ: ਸੀਸ ਗੰਜ ਸਾਹਿਬ ਵਿਖੇ) ਇਕੱਤਰ ਹੋ ਕੇ ਗੁਰਬਾਣੀ ਪਾਠ ਅਤੇ ਵਾਹਿਗੁਰੂ ਸਿਮਰਨ ਕਰੀਏ।

ਨੋਟ:- ਹਰਖ, ਸੋਗ, ਖੁਸ਼ੀ, ਗਮੀ, ਅਫਸੋਸ, ਚੜ੍ਹਦੀ ਜਾਂ ਢਹਿੰਦੀ ਕਲਾ ਨਾਲ ਉਪ੍ਰੋਕਤ ਅਪੀਲ ਦਾ ਕੋਈ ਸਬੰਧ ਨਹੀਂ, ਸਗੋਂ ਚੰਚਲਤਾਈ ਛੱਡ, ਗੰਭੀਰਤਾ ਨਾਲ ਵਿਰਸੇ ਪ੍ਰਤੀ ਸੁਚੇਤ ਹੋਣਾ ਹਰ ਸਿੱਖ ਦਾ ਫਰਜ਼ ਹੈ।

ਜੇ ਇਹ ਪ੍ਰਣ ਤੁਸੀਂ ਨਿਭਾਇਆ ਹੈ ਤਾਂ ਹੇਠ ਲਿਖੇ ਨੰਬਰਾਂ ਤੇ ਸੂਚਿਤ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ, ਮੋ: ਨੰ: 99140-98750

ਧੰਨਵਾਦ ਸਹਿਤ- ਦੇਸ਼ ਦੁਆਬਾ

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਨਾਇਆ ਸਤਿਗੁਰੂ ਸੈਣ ਜੀ ਦਾ ਪ੍ਰਕਾਸ਼ ਪੁਰਬ ਦਿਹਾੜਾ









**ਫਰਿਜ਼ਨੋ (ਡੀ. ਡੀ. ਬੀ.)-** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਤੇ ਸੰਗਤਾਂ ਨੇ ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਦਿਹਾੜਾ ਗੁਰੂ ਘਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਤੇ ਉਹਨਾਂ ਤੋਂ ਇਲਾਵਾ ਭਾਈ ਹਰਬਿਲਾਸ ਸਿੰਘ ਝਿੰਗੜ, ਭਾਈ ਸੁੰਦਰ ਸਿੰਘ ਅਤੇ ਭਾਈ ਸੂਰਤ ਸਿੰਘ ਜਥੇ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਦੌਰਾਨ ਗਾਇਕ ਰਾਜ ਬਰਾੜ ਜੀ ਨੇ ਵੀ ਧਾਰਮਿਕ ਗੀਤਾਂ ਨਾਲ ਆਪਣੀ ਹਾਜ਼ਰੀ ਲਗਵਾਈ। ਸਟੇਜ ਸਕੱਤਰ ਸ੍ਰੀ ਅਮਰ ਦੜੌਚ ਨੇ ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਈ ਅਤੇ ਸੰਗਤਾਂ ਨੂੰ ਬੇਨਤੀ ਕੀਤੀ। ਅਗਲੇ ਐਤਵਾਰ 17 ਦਸੰਬਰ ਨੂੰ ਵੀ ਇਸੇ ਤਰ੍ਹਾਂ ਹਾਜ਼ਰੀਆਂ ਭਰਨੀਆਂ ਹਨ, ਉਸ ਦਿਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਦੀਵਾਨ ਸਜਾਏ ਜਾਣਗੇ ਅਤੇ ਭਾਰਤ ਰਤਨ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ।

## ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲੀ

**ਯੂਨੀਅਨ ਸਿਟੀ-** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਸਮੂਹ ਕੈਲੇਫੋਰਨੀਆ ਦੀ ਸੰਗਤ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ 12 ਦਸੰਬਰ 2017 ਨੂੰ ਯੂਨੀਅਨ ਸਿਟੀ ਸ਼ਹਿਰ ਦੀ ਪਬਲਿਕ ਕੌਂਸਲ ਦੀ ਮੀਟਿੰਗ ਵਿਚ ਸ੍ਰੀ ਗੁਰੂ ਰਵਿਦਾਸ ਦੇ ਨਾਂ ਤੇ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲ ਗਈ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਰਵਿਦਾਸ ਬੇ-ਏਰੀਆ ਦੀਆਂ ਸੰਗਤਾਂ ਦਾ ਇਹ ਸੁਪਨਾ 17 ਸਾਲ ਬਾਅਦ ਪੂਰਾ ਹੋਣ ਜਾ ਰਿਹਾ ਹੈ। ਇਸ ਗੁਰੂ ਘਰ ਦੀ 16 ਹਜ਼ਾਰ ਸਕੁਏਅਰ ਫੁੱਟ ਇਮਾਰਤ ਨਵੀਂ ਬਣਾਈ ਜਾਵੇਗੀ, ਜਿਸਦੀ ਰੂਪ-ਰੇਖਾ ਅਤੇ




ਸਿਸਟਮ ਵਧੀਆ ਹੋਵੇਗਾ। ਇਸ ਮਨਜ਼ੂਰੀ ਲਈ ਵਿਨੋਦ ਕੁਮਾਰ ਚੁੰਬਰ, ਹਰਮੇਸ਼ ਮਦਾਰਾ, ਕੇਵਲ ਸਿੰਘ, ਰਣਧੀਰ ਸੁੰਮਨ ਅਤੇ ਬਲਬੀਰ ਬਿੰਦ ਨੇ ਆਰਕੀਟੈਕਟ ਟੀਮ, ਇੰਜੀਨੀਅਰ ਟੀਮ, ਪਲਾਨਿੰਗ ਕਮਿਸ਼ਨ, ਪਬਲਿਕ ਕੌਂਸਲ ਯੂਨੀਅਨ ਸਿਟੀ ਅਤੇ ਸਿਟੀ ਸਟਾਫ ਦਾ ਧੰਨਵਾਦ ਕੀਤਾ, ਜਿਹਨਾਂ ਨੇ ਇਸ ਪ੍ਰਾਜੈਕਟ ਨੂੰ ਮਨਜ਼ੂਰੀ ਦਿਵਾਈ।

ਵਿਨੋਦ ਕੁਮਾਰ ਚੁੰਬਰ ਨੇ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਸ਼ੁਭ ਕਾਰਜ ਵਿਚ ਤਨ, ਮਨ ਅਤੇ ਧੰਨ ਨਾਲ ਸਹਿਯੋਗ ਦੇਣ।

## ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸਦਮਾ, ਪਿਤਾ ਸ. ਬਲਬੀਰ ਸਿੰਘ ਪਰਲੋਕ ਸਿਧਾਰ ਗਏ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੈਕਰਾਮੈਂਟੋ ਤੋਂ ਨਨਕਲਦੀ ਅਖਬਾਰ ਪੰਜਾਬ ਮੇਲ ਦੇ ਐਡੀਟਰ ਗੁਰਜਤਿੰਦਰ ਸਿੰਘ ਰੰਧਾਵਾ ਦੇ ਪਿਤਾ ਸ. ਬਲਬੀਰ ਸਿੰਘ ਰੰਧਾਵਾ ਇਸ ਫਾਨੀ ਦੁਨੀਆਂ ਨੂੰ 7 ਦਸੰਬਰ 2017 ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ 85 ਵਰਿਆਂ ਦੇ ਸਨ। ਸ. ਬਲਬੀਰ ਸਿੰਘ ਰੰਧ-ਾਵਾ ਦਾ ਜਨਮ 20 ਸਤੰਬਰ, 1932 ਗੁੱਜਰਾਂਵਾਲਾ, ਅਣਵੰਡੇ ਹਿੰਦੋਸਤਾਨ ਵਿਚ ਹੋਇਆ। ਉਨਾਂ ਬੀ.ਏ. ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕੀਤੀ। ਉਪਰੰਤ ਭਾਰਤੀ ਫੌਜ ਵਿਚ ਭਰਤੀ ਹੋਏ। ਇਸ ਤੋਂ ਬਾਅਦ ਉਨਾਂ ਨੇ ਕੁੱਝ ਸਮਾਂ ਸਿਖਿਆ ਦੇ ਖੇਤਰ ਵਿਚ ਵੀ ਲਾਇਆ। ਫਿਰ ਭਾਰਤੀ ਜੀਵਨ ਬੀਮਾ ਨਿਗਮ ਵਿਚ ਉੱਚ ਅਹੁਦੇ ’ਤੇ ਸੇਵਾ ਨਿਭਾਉਣ ਉਪਰੰਤ 1992 ਵਿਚ ਰਿਟਾਇਰ ਹੋਏ। ਹੁਣ ਪਿਛਲੇ ਲੰਮੇ ਸਮੇਂ ਤੋਂ ਉਹ ਆਪਣੇ ਸਪੁੱਤਰ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਅਮਰੀਕਾ ਵਿਖੇ ਰਹਿ ਰਹੇ ਸਨ। ਸ. ਬਲਬੀਰ ਸਿੰਘ ਰੰਧਾਵਾ ਜੀ ਇਕ ਵਧੀਆ ਤੇ ਨੇਕ ਇਨਸਾਨ ਹੋਣ ਦੇ ਨਾਲ-ਨਾਲ ਉਚ ਪਾਏ ਦੇ ਬੁੱਧੀਜੀਵੀ ਅਤੇ ਚੰਗਾ ਗਿਆਨ ਰੁੱਖਣ ਵਾਲੇ ਸਨ ਤੇ ਜਿਸ ਕਰਕੇ ਉਨਾਂ ਦਾ ਸਮਾਜ ਵਿਚ ਵੀ ਚੰਗਾ ਸਤਿਕਾਰ ਬਣਿਆ ਹੋਇਆ ਸੀ। ਪਿੱਛੇ ਉਹਨਾਂ ਦੇ ਪਰਿਵਾਰ ਵਿਚ ਉਨਾਂ ਦੇ ਧਰਮਪਤਨੀ ਬੀਬੀ ਸਤਵੰਤ ਕੌਰ ਜੀ, ਸਪੁੱਤਰ ਗੁਰਜਤਿੰਦਰ ਸਿੰਘ ਰੰਧਾਵਾ, ਤਿੰਨ ਧੀਆਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਅਤੇ ਪੜਪੋਤੇ-ਪੜਪੋਤੀਆਂ ਨਾਲ ਭਰਿਆ ਪਰਿਵਾਰ ਖੁਸ਼ਹਾਲ ਜੀਵਨ ਜੀਅ ਰਿਹਾ ਹੈ ਅਤੇ ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਪਰਿਵਾਰ



ਨਾਲ ਦੁੱਖ ਸਾਂਝਾ ਕਰਨ ਲਈ ਸ. ਗੁਰਜਤਿੰਦਰ ਸਿੰਘ ਰੰਧਾਵਾ ਨਾਲ 916-320-9444 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਰਾਹੁਲ ਗਾਂਧੀ ਕਾਂਗਰਸ ਪਾਰਟੀ ਦੇ ਪ੍ਰਧਾਨ ਬਣੇ

**ਨਵੀਂ ਦਿੱਲੀ-** ਰਾਹੁਲ ਗਾਂਧੀ ਸਰਬਸੰਮਤੀ ਨਾਲ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਪਾਰਟੀ ਦੇ ਕੇਂਦਰੀ ਚੋਣ ਅਥਾਰਟੀ ਦੇ ਮੁਖੀ ਮੁੱਲਾਪੱਲੀ ਰਾਮਾਚੰਦਰਨ ਨੇ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਨਹਿਰੂ ਗਾਂਧੀ ਪਰਿਵਾਰ ਦੇ ਵੰਸ਼ਜ ਰਾਹੁਲ ਇਸ ਦੌੜ ਵਿੱਚ ਇਕੱਲੇ ਉਮੀਦਵਾਰ ਸੀ। ਰਾਹੁਲ ਗਾਂਧੀ ਆਪਣੀ ਮਾਂ ਸੋਨੀਆ ਗਾਂਧੀ ਦੀ ਥਾਂ ਲੈਣਗੇ ਜੋ 19 ਸਾਲ ਤਕ ਕਾਂਗਰਸ ਦੇ ਪ੍ਰਧਾਨ ਰਹੇ। ਰਾਹੁਲ ਨੂੰ ਜਨਵਰੀ 2013 ਵਿੱਚ ਪਾਰਟੀ ਦਾ ਉਪ ਪ੍ਰਧਾਨ ਬਣਾਇਆ ਗਿਆ ਸੀ। ਦੂਜੇ



ਮੰਤਰੀ ਨਰਿੰਦਰ ਮੋਦੀ ਗੁਜਰਾਤ ਚੋਣਾਂ ਵਿੱਚ ਪਾਕਿਸਤਾਨ, ਚੀਨ ਅਤੇ ਜਾਪਾਨ ਦੀ ਗੱਲ ਕਰਦੇ ਹਨ ਜਦੋਂ ਕਿ ਉਹ ਆਪਣੇ ਗ੍ਰਹਿ ਰਾਜ ਬਾਰੇ ਬੋਲਣ ਤੋਂ ਗੁਰੇਜ਼ ਕਰ ਰਹੇ ਹਨ। ਰਾਹੁਲ ਨੇ ਭਾਜਪਾ ਮੁਖੀ ਅਮਿਤ ਸ਼ਾਹ ਦੇ ਪੁੱਤਰ ਜੈ ਸ਼ਾਹ ਦੀ ਕੰਪਨੀ ਬਾਰੇ ਮੋਦੀ ਦੇ ਚੁੱਪ ਰਹਿਣ ’ਤੇ ਸਵਾਲ ਉਠਾਏ। ਜ਼ਿਕਰਯੋਗ ਹੈ ਕਿ ਕੇਂਦਰ ਵਿੱਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਜੈ ਸ਼ਾਹ ਦੀ ਕੰਪਨੀ ਨੇ ਕਈ ਗੁਣਾਂ ਤਰੱਕੀ ਕੀਤੀ ਸੀ। ਰਾਹੁਲ ਨੇ ਦੋਸ਼ ਲਾਇਆ ਕਿ ਮੋਦੀ ਗੁਜਰਾਤ ਵਿੱਚ ਪ੍ਰਚਾਰ ਦੌਰਾਨ ਲਗਾਤਾਰ ਮੁੱਦਾ ਬਦਲ ਰਹੇ ਹਨ।

ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਟਵਿੱਟਰ ’ਤੇ ਰਾਹੁਲ ਨੂੰ ਕਾਂਗਰਸ ਪ੍ਰਧਾਨ ਬਣਨ ’ਤੇ ਵਧਾਈ ਦਿੱਤੀ। ਉਹ ਗੁਜਰਾਤ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਇਹ ਜ਼ਿੰਮੇਵਾਰੀ ਸੰਭਾਲ ਲੈਣਗੇ। ਕਾਂਗਰਸ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਰਾਹੁਲ ਗਾਂਧੀ ਨੇ ਅੱਜ ਮੋਦੀ ’ਤੇ ਕਟਾਖਸ਼ ਕਰਦਿਆਂ ਕਿਹਾ ਕਿ ਪ੍ਰਧਾਨ ਪਹਿਲਾਂ ਉਨ੍ਹਾਂ ਨੇ ਨਰਮਦਾ ਦੇ ਪਾਣੀ ਦੀ ਗੱਲ ਕੀਤੀ। ਕਿਸਾਨਾਂ ਵੱਲੋਂ ਇਹ ਕਹਿਣ ਕਿ ਪਾਣੀ ਉਨ੍ਹਾਂ ਦੇ ਖੇਤਾਂ ਤਕ ਨਹੀਂ ਪੁੱਜਦਾ, ਉਨ੍ਹਾਂ ਨੇ ਟਰੈਕ ਬਦਲਿਆ ਤੇ ਓਬੀਸੀ ਦਾ ਮੁੱਦਾ ਚੁੱਕਿਆ ਜਦੋਂ ਇਸ ਨਾਲ ਵੀ ਗੱਲ ਨਾ ਬਣੀ ਤਾਂ ਉਨ੍ਹਾਂ ਨੇ ਵਿਕਾਸ ਦੀ ਗੱਲ ਕੀਤੀ ਪਰ ਲੋਕਾਂ ਨੇ ਇਸ ਦੀ ਫੂਕ ਕੱਢ ਦਿੱਤੀ ਹੈ।

## ਇੰਡਸ ਵੈਲੀ ਅਮਰੀਕਨ ਚੈਂਬਰ ਆਫ ਕਾਮਰਸ ਦੀ ਸਲਾਨਾ ਪਾਰਟੀ ’ਚ ਲੱਗੀਆਂ ਰੌਣਕਾਂ

**ਸੈਕਰਾਮੈਂਟੋ (ਕਮਲ ਬੰਗਾ)-** ਪਿਛਲੇ ਸਾਲਾਂ ਦੀ ਤਰ੍ਹਾਂ ਹੀ ਲੰਘੇ ਸ਼ੁੱਕਰਵਾਰ ਦੀ ਸ਼ਾਮ ’ਚ ਲਗੂਨਾ ਟਾਊਨ ਹਾਲ ’ਓ ਐਲਕਗਰੋਬ ਚੈਂਬਰ ਨੇ ਸਾਲਾਨਾ ਡਿਨਰ ਪਾਰਟੀ ਕੀਤੀ, ਜਿਸ ਵਿਚ ਸਾਰੇ ਭਾਈਚਾਰਿਆਂ ਤੇ ਲੀਡਰਾਂ ਨੇ ਹਿੱਸਾ ਲਿਆ। ਪ੍ਰੋ-ਗਰਾਮ ਦੀ ਸ਼ੁਰੂਆਤ ਕਰਨ ਸਮੇਂ ਐਮ. ਸੀ. ਰਮਨ ਢਿੱਲੋਂ ਨੇ ਸਾਰਿਆਂ ਨੂੰ ਗੁੱਡ ਈਵਨਿੰਗ ਕਹਿ ਕੇ ਚੈਂਬਰ ਦੇ ਟਰੱਸਟੀ ਅਤੇ ਬੋਰਡ ਮੈਂਬਰਾਂ ਨੂੰ ਸਟੇਜ ’ਤੇ ਸੱਦ ਕੇ ਸਭ ਦੇ ਸਨਮੁਖ ਕਰ-ਾਇਆ।ਦੇਖਣ ਵਾਲੀ ਇਹ ਗੱਲ ਸੀ ਕਿ ਖੱਬੇ ਤੋਂ ਸੱਜੇ ਤੱਕ ਸਾਰੀ ਸਟੇਜ ਭਰ ਗਈ।

ਇਸਦੇ ਨਾਲ ਹੀ ਰਮਨ ਢਿੱਲੋਂ ਨੇ ਚਾਈਨੀਜ਼ ਲੇਡੀਜ਼ ਡਾਂਸ ਨਾਲ ਤਾੜੀਆਂ ਦੀ ਗੂੰਜ ਵਿਚ ਪ੍ਰੋਗਰਾਮ ਦਾ ਆਗਾਜ਼ ਕੀਤਾ। ਰੰਗਾ ਰੰਗ ਪ੍ਰੋਗਰਾਮ ਸ਼ੁਰੂ ਹੋਣ ਦੀ ਦੇਰ ਸੀ, ਭੰਗੜੇ-ਗਿੱਧੇ ਦੇ ਨਾਲ ਢੋਲ ਤੇ ਡੱਗੇ ਤੇ ਡੀਜ਼ੇ ਦੇ ਸੁਰ ਸੰਗਮ ਨੇ ਮਾਹੌਲ ਨਸ਼ਿਆ ਦਿੱਤਾ। ਦੂਜੇ ਪਾਸੇ ਕਾਕਟੇਲ ਦੀ ਤਾਕੀ ’ਤੇ ਵੀ ਭੀੜ ਲੱਗ ਗਈ। ਫਿਰ ਚੈਂਬਰ ਦੇ ਟਰੱਸਟੀ ਜੇ. ਪੀ. ਸਿੰਘ ਨੇ ਪ੍ਰੋਗਰਾਮ ਦੇ ਸਪਾਂਸਰਾਂ ਨੂੰ ਸਟੇਜ ’ਤੇ ਸੱਦਿਆ ਅਤੇ ਨਾਲ ਹੀ ਮੁੱਖ ਮਹਿਮਾਨ ਡੇਵ ਜੋਨਜ਼ ਇੰਸ਼ੋਰੈਂਸ ਕਮਿਸ਼ਨਰ ਕੈਲੇਫੋਰ-ਨੀਆ ਨੂੰ ਸੱਦਾ ਦਿੱਤਾ। ਡੇਵ ਜੋਨਜ਼ ਨੇ ਸਾਰਿਆਂ ਨਾਲ ਹੱਥ ਮਿਲਾ ਕੇ ਪਰਮ ਪ੍ਰੀਤ ਬਿੰਦਰਾ ਅਟਾਰਨੀ ਐਟ ਲਾਅ ਨੂੰ ਸਨਮਾਨ ਪੱਤਰ ਭੇਂਟ ਕੀਤਾ। ਇਸ ਉਪਰੰਤ ਕਮਿਊਨਿਟੀ ਐਵਾਰਡ ਪ੍ਰਾਪਤ ਕਰਨ ਲਈ ਬੋਰਡ ਮੈਂਬਰ ਕਮਲ ਬੰਗਾ ਨੇ ਬਲਵੰਤ ਸਿੰਘ ਬਾਂਕਾ, ਜੋਤੀ ਸਿੰਘ, ਹਰੀ ਸਿੰਘ ਨਰਵਾਲ, ਇੰਦਰਜੀਤ ਥਰੀਕੇ ਗਰੇਵਾਲ, ਮਹਿੰਗਾ ਸਿੰਘ ਢੱਡ ਅਤੇ ਪ੍ਰਦੀਪ ਸ਼ਰਮਾ ਨੂੰ ਸਟੇਜ ਤੇ ਬੁਲਾਇਆ ਅਤੇ ਐਲਕ ਗਰੋਵ ਦੇ ਮੇਅਰ ਸਟੀਵ ਲੀ ਨੇ ਸਨਮਾਨ ਚਿੰਨ੍ਹ ਦੇ ਕੇ ਚੈਂਬਰ ਦਾ ਧੰਨਵਾਦ ਕੀਤਾ।

ਰੂਹ ਪੰਜਾਬ ਦੀ ਭੰਗੜਾ, ਕਜੋਲ ਜੈਂਗ ਡਾਂਸ, ਰੋਇਲਟੀ ਭੰਗੜਾ, ਬਲਬੀਰ ਡਾਂਸ ਗਰੁੱਪ ਅਤੇ ਡੇਵਿਸ ਭੰਗੜਾ ਗਰੁੱਪ ਸਾਰੇ ਕਲਾਕਾਰਾਂ ਨੇ ਆਪਣੇ ਆਪਣੀ ਕਲਾ ਵਾਸਤੇ ਤਾੜੀਆਂ ਦੀ ਗੂੰਜ ਲਗਾਤਾਰ ਖੱਟੀ।ਫਿਰ ਚੈਂਬਰ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਵੀ. ਪੀ. ਬੌਬੀ ਐਲਨ, ਕੌਂਸਲ ਮੈਂਬਰ ਸਟਿਫਨੀ ਨੂਜਿੰਨ, ਤਾਜਿੰਦਰ ਮਾਨ ਅਤੇ ਨਿਊ ਲਾਈਫ ਟਾਈਮ ਮੈਂਬਰ, ਦਿਲ ਨਿੱਜਰ ਆਦਿ ਨੂੰ ਸਟੇਜ ’ਤੇ ਸੱਦ ਕੇ ਜਾਣ-ਪਛਾਣ ਕਰਾਈ।

ਸੰਗੀਤਾ ਸਿੰਘ ਤੇ ਮੋਨਿਕਾ ਬੇਦੀ ਨੇ ਰੈਫਰ ਇਨਾਮ ਕੱਢੇ। ਪੂਨਮ ਮਲਹੋਤਰਾ ਨੇ ਦੋ ਗੀਤ ਗਾਏ। ਇਹਨਾਂ ਤੋਂ ਇਲਾਵਾ ਸੁਰਿੰਦਰ ਬਿੰਦਰਾ, ਕੇਵਲ ਬੋਲੀਨਾ, ਹੰਸ ਰਾਜ ਕਾਜਲਾ, ਸਰਪੰਚ ਜਰਨੈਲ ਸਿੰਘ, ਮਨੀਸ਼ਾ ਸ਼ਰਮਾ, ਪ੍ਰਮਿੰਦਰ ਸੁੱਖ, ਇਕਬਾਲ ਬਡਵਾਲ, ਡਾ. ਟੌਮ, ਡਾਕਟਰ ਲਖਵਿੰਦਰ, ਮੱਖਣ ਲੁਹਾਰ, ਜਾਦੂ ਰਾਮ ਆਦਿ ਨੇ ਸ਼ਾਮ ਦੇ ਰੰਗ ਨਿਖਾਰੇ।

ਸਾਂਝੀ ਰਸੋਈ ਦਾ ਖਾਣਾ, ਚਾਹ, ਪਾਣੀ ਦਾ ਵਧੀਆ ਪ੍ਰਬੰਧ ਸੀ। ਗੱਲ ਕੀ ਚਾਰ ਘੰਟੇ, ਚਾਰ ਕੁ ਸੌ ਲੋਕਾਂ ਨੇ ਖੂਬ ਆਨੰਦ ਮਾਣਿਆ। ਅੰਤ ਵਿਚ ਪ੍ਰਧਾਨ ਅਮਰਜੀਤ ਬੇਦੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।

# ਡਾ.ਅੰਬੇਡਕਰ ਬਲੱਡ ਆਰਗਨਾਈਜੇਸ਼ਨ ਨੇ ਖੂਨ ਦਾਨ ਕੈਂਪ ਲਗਾ ਕੇ ਦਿੱਤੀ ਬਾਬਾ ਸਾਹਿਬ ਨੂੰ ਸ਼ਰਧਾਂਜਲੀ

**ਫਗਵਾੜਾ (ਰੱਤੂ)–** ਡਾ. ਅੰਬੇਡਕਰ ਬਲੱਡ ਆਰਗਨਾਈਜੇਸ਼ਨ ਵਲੋਂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਪ੍ਰੀਨਿਰਵਾਨ ਦਿਵਸ ਤੇ ਉਹਨਾਂ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕਰਨ ਦੇ ਮਕਸਦ ਨਾਲ ਸਿਵਲ ਹਸਪਤਾਲ ਫਗਵਾੜਾ ਵਿਖੇ ਜੱਥੇਬੰਦੀ ਦੇ ਪ੍ਰਧਾਨ ਪਰਮਿੰਦਰ ਬੋਧ ਦੀ ਅਗਵਾਈ ਹੇਠ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ 108 ਸੰਤ ਬਾਬਾ ਮਹਿੰਦਰ ਪਾਲ ਡੇਰਾ ਪੰਡਵਾ ਅਤੇ ਸਮਾਜ ਸੇਵਕ ਨਿਰਮਲ ਭੁੱਲਾਰਾਈ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਕੈਂਪ ਵਿਚ ਪ੍ਰਧਾਨ ਪਰਮਿੰਦਰ ਬੋਧ ਸਮੇਤ ਸਮੂਹ ਨੌਜਵਾਨਾ ਨੇ ਕਰੀਬ 100 ਯੂਨਿਟ ਖੂਨਦਾਨ ਕੀਤਾ। ਇਸ ਮੌਕੇ ਲੋਕ ਇਨਸਾਫ ਪਾਰਟੀ ਆਗੂ ਜਰਨੈਲ ਨੰਗਲ, ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ, ਐਸ.ਪੀ. ਫਗਵਾੜਾ ਪੀ.ਐਸ. ਭੰਡਾਲ, ਪਾਵਰਕਾਮ ਦੇ ਐਸ.ਡੀ.ਓ. ਜਗਜੀਵਨ ਕੈਲੇ, ਬੀ.ਐਸ.ਐਨ.ਐਲ. ਦੇ ਐਸ.ਡੀ.ਓ. ਰਾਜੇਸ਼ ਕੁਮਾਰ ਤੋਂ ਇਲਾਵਾ ਐਸ.ਐਚ.ਓ. ਸਿਟੀ ਭਾਰਤ ਮਸੀਹ, ਸੁਖਦੇਵ ਸਿੰਘ



ਖਾਲਸਾ, ਮਨੋਹਰ ਲਾਲ ਜੱਖੂ, ਡਾ. ਸੁਖਦੇਵ ਸਲਾਰਪੁਰੀਆ ਅਤੇ ਭਾਈ ਸਰਬਜੀਤ ਸਿੰਘ ਮੁਕੇਰੀਆਂ ਵਿਸ਼ੇਸ਼ ਤੌਰ ਤੇ ਪੁੱਜੇ। ਉਹਨਾਂ ਖੂਨਦਾਨ ਕਰਨ ਵਾਲੇ ਨੌਜਵਾਨਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਆਰਗਨਾਈਜੇਸ਼ਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਕ ਵਿਅਕਤੀ ਵਲੋਂ ਕੀਤਾ ਖੂਨਦਾਨ ਤਿੰਨ ਕੀਮਤੀ ਜਿੰਦਗੀਆਂ ਬਚਾਅ ਸਕਦਾ ਹੈ ਇਸ ਲਈ ਬਾਬਾ ਸਾਹਿਬ ਨੂੰ ਇਸ ਤੋਂ ਵਧੀਆ ਸ਼ਰਧਾਂਜਲੀ ਨਹੀਂ ਹੋ ਸਕਦੀ। ਪਰਮਿੰਦਰ ਬੌਧ ਨੇ ਸਮੂਹ ਮਹਿਮਾਨਾ ਅਤੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਅਗਲਾ ਕੈਂਪ ਬਾਬਾ ਸਾਹਿਬ ਦੇ ਜਨਮ ਦਿਵਸ ਨੂੰ ਸਮਰਪਿਤ ਹੋਵੇਗਾ ਜੋ ਕਿ 12 ਅਪ੍ਰੈਲ ਨੂੰ ਲਗਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਾਦ ਅਲੀ, ਗੋਲਡੀ ਮੇਹਮੀ, ਅਮਨ ਕੁਮਾਰ, ਕਮਲਜੀਤ ਕੰਬੀ, ਅਮਰਜੀਤ ਖੁੱਤਣ, ਪ੍ਰਦੀਪ ਮੱਲ, ਸੁਖਵਿੰਦਰ ਭੁੱਲਾਰ-ਾਈ, ਡਾ. ਰਜਿੰਦਰ ਕਲੇਰ, ਬਲਵਿੰਦਰ ਬੋਧ ਅਤੇ ਜੀਤਾ ਭੁੱਲਾਰਾਈ ਆਦਿ ਵੀ ਹਾਜਰ ਸਨ।

# ਕ੍ਰਿਸ਼ਿਮਸ ਪਰੇਡ ਸਮੇਂ ਫਰਿਜ਼ਨੋ ਦੇ ਸਿੱਖ ਭਾਈਚਾਰੇ ਨੇ ਪਾਇਆ ਯੋਗਦਾਨ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸਥਾਨਿਕ ਸਿਟੀ ਦੀ ਸਲਾਨਾ ਕ੍ਰਿਸ਼ਮਿਸ ਪਰੇਡ ਸਮੇਂ ਫਰਿਜ਼ਨੋ ਇਲਾਕੇ ਦੇ ਸਮੁੱਚੇ ਸਿੱਖ ਭਾਈਚਾਰੇ 'We are Sikhs' ਦੇ ਬੈਨਰ ਹੇਠ ਅਮਰੀਕਨ ਬੱਚਿਆ ਨੂੰ ਸਾਈਕਲ ਅਤੇ ਹੋਰ ਤੋਹਫ਼ੇ ਵੰਡਣ ਲਈ ਦਸ ਹਜ਼ਾਰ ਡਾਲਰ ਦੀ ਰਾਸ਼ੀ ਦਾ ਹਿੱਸਾ ਪਾਇਆ। ਇਸ ਸਮੇਂ ਚਲ ਰਹੇ ਲੋਕਾਂ ਲਈ ਰਸਤੇ ਵਿੱਚ 'ਮੀਰੀ-ਪੀਰੀ' ਨਾਂ ਦੀ ਸਿੱਖ ਜੱਥੇਬੰਦੀ ਵੱਲੋਂ ਚਾਹ, ਕੌਫੀ ਅਤੇ ਡੋਨਟਸ (Donuts) ਦੇ ਲੰਗਰ ਲਾਏ ਹੋਏ ਸਨ। ਅਜਿਹਾ ਪਹਿਲੀ ਵਾਰ ਹੋਇਆ ਕਿ ਸਿੱਖ ਭਾਈਚਾਰੇ ਨੇ ਸਮੁੱਚੇ ਅਮਰੀਕਨ ਭਾਈਚਾਰੇ ਵਿੱਚ ਆਪਣੀ ਪਹਿਚਾਣ ਬਣਾਉਣ ਅਤੇ ਉਨ੍ਹਾਂ ਦੇ ਇਸ ਸਮਾਗਮ ਵਿੱਚ ਹਿੱਸਾ ਲੈ ਕੇ ਸਲਾਘਾਯੋਗ ਕੰਮ ਕੀਤਾ। ਇਸ ਸਮੇਂ ਸਿੱਖ ਰਾਈਡਰ



ਆਫ ਅਮਰੀਕਾ' ਬੇਕਰਸ਼ਫੀਲਡ ਦੇ ਸਿੱਖ ਨੌਜਵਾਨਾਂ ਨੇ ਵੀ ਪਰੇਡ ਦੌਰਾਨ ਹਿੱਸਾ ਲਿਆ।

ਇਸ ਪਰੇਡ ਵਿੱਚ ਬੋਲਦੇ ਹੋਏ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਸਮੁੱਚਾ ਭਾਈਚਾਰਿਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਅੱਗੇ ਤੋਰ ਰਿਹਾ ਹੈ ਅਤੇ ਗੁਰਦੀਪ ਸ਼ੇਰਗਿੱਲ ਨੇ ਲੰਗਰਾਂ ਦੀ ਪ੍ਰਸ਼ੰਸ਼ਾ ਕੀਤੀ। ਸਮੁੱਚੇ ਤੌਰ 'ਤੇ ਇਹ ਸਮੁੱਚੇ ਅਮਰੀਕਨ ਭਾਈਚਾਰੇ ਦੀ ਸਿੱਖ ਪਰੇਡ ਦੌਰਾਨ ਸਿੱਖ ਭਾਈਚਾਰੇ ਨੂੰ ਪਹਿਚਾਣ ਦੇ ਨਾਲ ਬਹੁਤ ਸਲਾਘਾਯੋਗ ਸਨਮਾਨ ਵੀ ਮਿਲਿਆ।

ਅੱਜ ਦੇ ਸਮੇਂ ਦੀ ਲੋੜ ਹੈ ਕਿ ਆਪਣੇ ਭਾਈਚਾਰੇ ਦੇ ਨਾਲ-ਨਾਲ ਦੂਸਰੇ ਭਾਈਚਾਰੇ ਦੇ ਸਮਾਗਮਾਂ ਵਿੱਚ ਵੀ ਸਾਨੂੰ ਵੱਧ ਚੜ ਹਿੱਸਾ ਲੈਣਾ ਚਾਹੀਦਾ ਹੈ ਅਤੇ ਆਪਣੀ ਪਹਿਚਾਣ ਵਰਗੇ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ ਨੂੰ ਸ਼ਹਿਜਤਾ ਨਾਲ ਦੇਣੇ ਚਾਹੀਦੇ ਹਨ।

# ਸ਼ਹੀਦੀ ਸਮਾਗਮ 'ਤੇ ਕਵੀਸ਼ਰ ਅਤੇ ਢਾਡੀ ਦਰਬਾਰ ਹੋਇਆ

## ਸੰਤ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਨੇ ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫਰ ਮੁਕੰਮਲ ਕੀਤਾ : ਜੱਥੇਦਾਰ ਅਕਾਲ ਤਖਤ

**ਮੋਗਾ–** ਇਤਿਹਾਸਕ ਨਗਰ ਡਰੋਲੀ ਭਾਈ ਦੇ ਗੁਰਦੁਆਰਾ ਸਿਮਰਨਸਰ ਸਾਹਿਬ ਵਿਖੇ ਸ੍ਰੀਮਾਨ ਸੰਤ ਬਾਬਾ ਖੜਕ ਸਿੰਘ ਜੀ ਤੋਂ ਵਰੋਸਾਏ ਕੌਮੀ ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਪਾਵਨ ਯਾਦ 'ਚ ਮਹਾਨ ਸ਼ਹੀਦੀ ਸਮਾਗਮ ਉੱਤਰਾਅਧਿਕਾਰੀ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਡਰੋਲੀ ਭਾਈ ਕਾਰ ਸੇਵਾ ਵਾਲੇ ਅਤੇ ਸੇਵਕਾਂ ਦੀ ਦੇਖ ਰੇਖ ਹੇਠ ਹੋਇਆ। ਧੰਨ ਧੰਨ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜੇ ਦੀਵਾਨ 'ਚ ਲੱਖਾਂ ਸੰਗਤਾਂ ਨੇ ਸੰਤ ਬਾਬਾ ਚਰਨ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਦੌਰਾਨ ਵਿਸ਼ੇਸ਼ ਕਵੀਸ਼ਰ ਢਾਡੀ ਦਰਬਾਰ 'ਚ ਵਿਦਵਾਨ ਜੱਥਿਆਂ ਨੇ ਸੰਤ ਜੀ ਦੇ 'ਜੀਵਨ ਤੇ ਸ਼ਹਾਦਤ' ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ, ਜਿਨ੍ਹਾਂ ਵਿਚੋਂ ਗਿਆਨੀ ਬਲਦੇਵ ਸਿੰਘ ਐਮ.ਏ., ਗਿ. ਹਰਪਾਲ ਸਿੰਘ ਢੰਡ ਦੇ ਢਾਡੀ ਜੱਥਿਆਂ ਅਤੇ ਗਿ. ਸੁੱਚਾ ਸਿੰਘ ਡੇਰਾ ਪਠਾਣਾ, ਗਿ: ਦਵਿੰਦਰ ਸਿੰਘ ਹਰੀਏਵਾਲਾ ਦੇ ਕਵੀਸ਼ਰੀ ਜੱਥਿਆਂ ਨੂੰ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿ: ਗੁਰਬਚਨ ਸਿੰਘ ਨੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੌਮੀ ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲੇ ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫਰ ਮੁਕੰਮਲ ਰੂਪ 'ਚ ਪੂਰਾ ਕਰਕੇ ਗੁਰਮਤਿ ਜੀਵਨ ਜਾਂਚ ਦਾ ਸਾਕਾਰ ਰੂਪ 'ਚ ਹੋ ਨਿੱਬੜੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿ. ਜਗਤਾਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿ. ਰਘੁਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆ. ਹਰਪ੍ਰੀਤ ਸਿੰਘ, ਸੰਪਰਦਾਇ ਦਲ ਬਾਬਾ ਬਿਧੀ ਚੰਦ ਸਾਹਿਬ ਦੇ ਮੁਖੀ ਸੰਤ ਬਾਬਾ ਅਵਤਾਰ ਸਿੰਘ ਜੀ, ਸੁਰਸਿੰਘ ਨੇ ਸੰਤ ਜੀ ਦੀ ਸੇਵਾ, ਸਿਮਰਨ ਘਾਲਣਾ, ਪਰਉਪਕਾਰਾਂ, ਦਲੇਰੀ, ਜੁਅੱਰਤ, ਨਿਡਰਤਾ ਆਦਿ ਦਾ ਵਰਣਨ ਕਰਦਿਆਂ ਕਈ ਸੇਵਾਦਾਰਾਂ ਅਤੇ ਤਿੰਨ ਭਰਾਵਾਂ ਸਮੇਤ ਪ੍ਰਾਪਤ ਕੀਤੀ ਸ਼ਹਾਦਤ ਨੂੰ ਸਿਜਦਾ ਕੀਤਾ ਅਤੇ ਆਖਿਆ ਕਿ ਕੌਮੀ ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਦੇ 20ਵੀਂ ਸਦੀ 'ਚ ਲਾਸਾਨੀ ਕਰਨੀਨਾਮੇ ਅਤੇ ਉਨ੍ਹਾਂ ਦੇ ਉੱਤਰਾਅਧਿਕਾਰੀ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਦੇ ਅਥਾਹ ਪ੍ਰੇਮ ਦੀ ਬਦੌਲਤ ਲੱਖਾਂ ਸੰਗਤਾਂ ਦਾ ਲਾਮਿਸਾਲ ਇਕੱਠ ਸੰਤ ਜੀ ਦੇ ਪੰਥ ਹਿੱਤ ਡੁੱਲੇ ਖੂਨ ਨੂੰ ਪ੍ਰਣਾਮ ਕਰ ਰਿਹਾ ਹੈ। ਇਸ ਸਮੇਂ ਬਾਬਾ



ਸਤਨਾਮ ਸਿੰਘ ਗੁਰੂ ਕੇ ਬਾਗ ਵਾਲੇ, ਬਾਬਾ ਜੋਗਿੰਦਰ ਸਿੰਘ ਆਨੰਦਪੁਰ ਸਾਹਿਬ, ਬਾਬਾ ਬਲਦੇਵ ਸਿੰਘ ਜੋਗੇਵਾਲਾ, ਜੱਥੇਦਾਰ ਤੋਤਾ ਸਿੰਘ, ਨਿਧੱੜਕ ਸਿੰਘ ਬਰਾੜ, ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਲਖਵੀਰ ਸਿੰਘ ਅਰਾਈਆਂ ਵਾਲਾ, ਗੁਰਮੇਲ ਸਿੰਘ ਸੰਗਤਪੁਰਾ, ਗੁਰਚਰਨ ਸਿੰਘ ਗਰੇਵਾਲ, ਜਗਤਾਰ ਸਿੰਘ ਰੋਡੇ, ਸੱਤਪਾਲ ਸਿੰਘ ਤਲਵੰਡੀ, ਬਾਬਾ ਨੰਦ ਸਿੰਘ, ਬਾਬਾ ਗੁਰਦੇਵ ਸਿੰਘ, ਬਾਬਾ ਤਰਸੇਮ ਸਿੰਘ ਜੰਡ ਸਾਹਿਬ, ਬਾਬਾ ਅਮਰੀਕ ਸਿੰਘ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਬਾਬਾ ਸੁਰਜੀਤ ਸਿੰਘ ਮਹਿਰੋਂ, ਬਾਬਾ ਸਾਧੂ ਸਿੰਘ ਲੰਗੇਆਣਾ, ਬਾਬਾ ਨਿਰੰਜਣ ਸਿੰਘ, ਬਾਬਾ ਮੌ-ਜਦਾਸ ਮਾੜੀ ਕੰਬੋਕੀ, ਬਾਬਾ ਬਲਕਾਰ ਸਿੰਘ, ਬਾਬਾ ਰੇਸ਼ਮ ਸਿੰਘ, ਭਾਈ ਰੂਪਾ, ਬਾਬਾ ਅਵਤਾਰ ਸਿੰਘ, ਬਾਬਾ ਕੁਲਦੀਪ ਸਿੰਘ ਧੱਲੇਕੇ, ਬਾਬਾ ਬਲਦੇਵ ਸਿੰਘ ਮੰਡੀਰਾਂ, ਬਾਬਾ ਚਮਕੌਰ ਸਿੰਘ ਗੱਜਣਵਾਲਾ, ਬਾਬਾ ਜੋਗਿੰਦਰ ਸਿੰਘ ਲਾਲੂ ਵਾਲਾ, ਬਾਬਾ ਸੁਖਦੇਵ ਸਿੰਘ ਗੁਪਤਸਰ, ਬਾਬਾ ਸੁਖਦੇਵ ਸਿੰਘ ਦਮਦਮੀ ਟਕਸਾਲ, ਬਾਬਾ ਗੁਰਚਰਨ ਸਿੰਘ, ਬਾਬਾ ਸੁਖਮੰਦਰ ਸਿੰਘ, ਡਾ. ਸਤੀਸ਼ ਕੌੜਾ, ਡਾ. ਸਤੀਸ਼ ਕੋਛੜ, ਡਾ. ਗੁਰਜੰਟ ਸਿੰਘ, ਡਾ. ਪ੍ਰਕਾਸ਼ ਕੌਰ, ਕੁਲਦੀਪ ਸਿੰਘ ਜੋਗੇਵਾਲਾ, ਚੇਅਰਮੈਨ ਮਹਿੰਦਰ ਸਿੰਘ, ਕਾਰਜ ਸਿੰਘ, ਜਗਰਾਜ ਸਿੰਘ, ਬਲਵੰਤ ਸਿੰਘ ਰਖੜੀ, ਮਨਜੀਤ ਸਿੰਘ, ਰਵਿੰਦਰ ਸਿੰਘ ਅੰਮ੍ਰਿਤਸਰ, ਨਾਹਰ ਸਿੰਘ ਸਰਪੰਚ ਡਰੋਲੀ ਭਾਈ, ਮਾ. ਇਕਬਾਲ ਸਿੰਘ, ਹਾਕਮ ਸਿੰਘ, ਗੁਰਦੇਵ ਸਿੰਘ ਸੰਘਾ, ਭਾਈ ਕਮਲਪ੍ਰੀਤ ਸਿੰਘ, ਜਗਸੀਰ ਸਿੰਘ, ਰਾਮਜੀਤ ਸਿੰਘ, ਜਸਵੀਰ ਸਿੰਘ ਸੋਨੂੰ, ਬਲਦੇਵ ਸਿੰਘ ਨੰਬਰਦਾਰ, ਕੁਲਵਿੰਦਰ ਸਿੰਘ, ਰਜਿੰਦਰ ਸਿੰਘ ਬਿੱਲਾ, ਜਗਤਾਰ ਸਿੰਘ ਪ੍ਰਧਾਨ, ਜਗਦੀਸ਼ ਸਿੰਘ ਦੀਸ਼ਾ, ਗੁਰਜੀਤ ਸਿੰਘ ਨੰਬਰਦਾਰ, ਸੂਬੇਦਾਰ ਹਰਬੰਸ ਸਿੰਘ, ਹਰਦੇਵ ਸਿੰਘ ਫੌਜੀ, ਮਨਜੀਤ ਸਿੰਘ ਫੌਜੀ ਨੇ ਵੀ ਸ਼ਿਰਕਤ ਕਰਕੇ ਸੰਤ ਬਾਬਾ ਚਰਨ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ, ਜਿਨ੍ਹਾਂ ਨੂੰ ਡਾ: ਸੰਤ ਬਾਬਾ ਗੁਰਨਾਮ ਸਿੰਘ ਜੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਠਿਆਈਆਂ ਸਮੇਤ ਗੁਰੂ ਕੇ ਲੰਗਰ ਅਤੁੱਟ ਵਰਤੇ।

ਇਸ ਮੌਕੇ ਪੰਦਰਾਂ ਰੋਜ਼ਾ ਡਾਕਟਰੀ ਕੈਂਪ 'ਚ 13 ਹਜ਼ਾਰ ਤੋਂ ਵੱਧ ਮਰੀਜ਼ਾਂ ਦਾ ਨਿਰੀਖਣ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ।

**ਰਿਪੋਰਟ– ਡਾ ਬਲਰਾਜ ਸਿੰਘ (ਘੱਲ ਕਲਾਂ)**

# ਨਿਊ ਯਾਰਕ ਧਮਾਕੇ 'ਚ ਚਾਰ ਵਿਅਕਤੀ ਜ਼ਖ਼ਮੀ

**ਨਿਊਯਾਰਕ–** ਸ਼ਹਿਰ ਦੇ ਰੁਝੇਵਿਆਂ ਵਾਲੇ ਨਿਊ ਯਾਰਕ ਪੋਰਟ ਅਥਾਰਟੀ, ਜਿਥੇ ਮੈਟਰੋ ਅਤੇ ਬੱਸ ਸਟੇਸ਼ਨ ਹੈ, 'ਤੇ ਸਵੇਰੇ ਹੋਏ ਧਮਾਕੇ 'ਚ ਚਾਰ ਵਿਅਕਤੀ ਜ਼ਖ਼ਮੀ ਹੋ ਗਏ। ਪੁਲੀਸ ਨੇ ਇਸਲਾਮਿਕ ਸਟੇਟ ਤੋਂ ਪ੍ਰਭਾਵਿਤ ਬੰਗਲਾਦੇਸ਼ੀ ਅਕਾਇਦ ਉੱਲ੍ਹਾ (27) ਨੂੰ ਹਿਰਾਸਤ 'ਚ ਲਿਆ ਹੈ ਜਿਸ ਦੇ ਸਰੀਰ ਨਾਲ ਧਮਾਕਾਖੇਜ਼ ਸਮੱਗਰੀ ਬੰਨ੍ਹੀ ਹੋਈ ਸੀ। ਸੀਐਨਐਨ ਦੀ ਰਿਪੋਰਟ ਮੁਤਾਬਕ ਸ਼ੱਕੀ ਬੰਬਾਰ ਦੇ ਸਰੀਰ ਨਾਲ ਤਾਰਾਂ ਜੁੜੀਆਂ ਹੋਈਆਂ ਸਨ ਅਤੇ ਉਸ ਕੋਲ ਪਾਈਪ ਬੰਬ ਅਤੇ ਬੈਟਰੀ ਪੈਕ ਵੀ ਸੀ। ਪੂਰੀ ਤਰ੍ਹਾਂ ਨਾਲ ਧਮਾਕਾ ਨਾ ਹੋਣ ਮਗਰੋਂ ਉਹ ਨਜ਼ਰਾਂ 'ਚ ਆ ਗਿਆ ਜਿਸ ਮਗਰੋਂ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ।

# ਗੀਤ-ਸੰਗੀਤ ਇੰਟਰਟੇਨਮੈਂਟ ਫਰੀਮਾਂਟ, ਕੈਲੀਫੋਰਨੀਆ ਵੱਲੋਂ ਇਸ ਵਰ੍ਹੇ ਨੂੰ "ਸੰਗੀਤਕ ਅਲਵਿਦਾ"

**ਫਰੀਮਾਂਟ, ਕੈਲੀਫੋਰਨੀਆ( ਹੁਸਨ ਲੜੋਆ ਬੰਗਾ)–** ਗੀਤ-ਸੰਗੀਤ ਇੰਟਰਟੇਨਮੈਂਟ ਵੱਲੋਂ ਪ੍ਰੋਗਰਾਮ ਜੋ ਪੈਰਾਡਾਈਜ ਬਾਲਰੂਮ ਫਰੀਮਾਂਟ'ਚ "ਸ਼ਾਮ ਸੁਨਿਹਰੀ" ਬਣਾ ਕਿ ਪੇਸ਼ ਕੀਤਾ ਗਿਆ ਤੇ ਜੋ ਨਵੇਂ ਆ ਰਹੇ ਵਰ੍ਹੇ ਨੂੰ ਸਮਰਪਤ ਕੀਤਾ ਗਿਆ, ਜੋ ਸਫਲਤਾ ਨਾਲ ਯਾਦਗਾਰੀ ਅਤੇ ਇਤਹਾਸਿਕ ਹੋ ਨਿਬੜਿਆ। ਇਸ ਪ੍ਰੋਗਰਾਮ ਵਿੱਚ ਜਿਥੇ ਵੱਖ ਵੱਖ ਗਾਇਕ ਕਲਾਕਾਰਾਂ ਨੇ ਸਮੂਲੀਅਤ ਕੀਤੀ ਉਥੇ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਵੀ ਭਰਪੂਰ ਦਰਸ਼ਕ ਰੂਪੀ ਹਾਜਰੀ ਭਰੀ। ਪੰਜਾਬੀ ਕਲਾਕਾਰਾਂ ਵਿੱਚ ਸੁਰਿੰਦਰ 'ਛਿੰਦਾ' ਅਤੇ ਐਚ ਐਸ ਭਜਨ ਦੇ ਗਾਏ ਗੀਤਾਂ ਨੇ, ਪੈਰਾਡਾਈਜ ਬਾਲਰੂਮਜ ਨੂੰ, ਸੁਰ-ਤਾਲ, ਸੁਰੀਲੀ ਜੌਸ਼ੀਲੀ ਆਵਾਜ਼ ਤੇ ਹੇਕਾਂ



ਨਾਲ ਇਹੋ ਜਿਹਾ ਭਰਪੂਰ ਕੀਤਾ ਕਿ ਨੱਕੋ-ਨੱਕ ਭਰੇ ਹਾਲ ਵਿਚਲੇ ਦਰਸ਼ਕਾਂ ਨੇ ਪੂਰਾ ਸੰਗੀਤਕ ਅਨੰਦ ਲਿਆ।। ਦੋਹਾਂ ਗਾਇਕਾਂ ਨੇ ਇਸ ਪ੍ਰੋਗਰਾਮ 'ਚ ਆਪਣੇ ਆਪਣੇ ਚਰਚਿੱਤ ਨਵੇਂ ਪੁਰਾਣੇ ਗੀਤਾਂ ਨਾਲ ਭਰਪੂਰ ਹਾਜਰੀ ਲੁਆਈ। ਪ੍ਰਬੰਧਕਾਂ'ਚ ਆਸ਼ਾ ਸ਼ਰਮਾ ਅਤੇ ਸੁਖਦੇਵ ਸਾਹਿਲ ਵਲੋਂ ਕੀਤੇ ਪੁਖਤਾ ਪ੍ਰਬੰਧਾਂ 'ਚ ਸ਼ਾਮ-ਸੁਨਹਿਰੀ ਵਿਚਲਾ ਸਾਜਗਾਰ ਮਾਹੌਲ ਹਰ ਹਾਜ਼ਰ ਸਖ਼ਸ਼ ਨੂੰ ਮਨੋਂ-ਦਿਲੋਂ ਛੂਹ ਗਿਆ। ਪੰਜਾਬੀਅਤ ਦੇ ਰੰਗ 'ਚ ਰੰਗੇ ਇਸ ਮਾਹੌਲ 'ਚ, ਇੱਕ ਤੋਂ ਵੱਧ ਇੱਕ ਸੁਰੀਲੇ ਸੁਰਾਂ ਵਾਲੇ ਗੀਤਾਂ ਨੇ ਦਰਸ਼ਕਾਂ ਨੂੰ ਇਹੋ ਜਿਹਾ ਕੀਲਿਆ ਕਿ ਰਤਾ ਭਰ ਵੀ ਹਿਲਜੁਲ, ਰੌਲਾ-ਰੱਪਾ, ਸ਼ੋਰ-ਸ਼ਰਾਬਾ ਕਿਧਰੇ ਵੀ ਵੇਖਣ ਨੂੰ ਨਾ ਮਿਲਿਆ। ਸ਼ਾਮ-ਸੁਨਿਹਰੀ ਦਾ ਆਗਾਜ਼ ਸੁਖਦੇਵ ਸਾਹਿਲ ਨੇ ਕੀਤਾ। ਫਿਰ ਸਾਹਿਲ ਦੇ ਸ਼ਗਿਰਦ ਨਵ ਰੰਧਾਵਾ ਨੇ ਸੁਰੀਲੇ ਸੁਰਾਂ 'ਚ ਹਾਜ਼ਰੀ ਲਗਵਾਈ। ਟੀਨਾ ਮਾਨ ਨੇ ਸੁਚੱਜੇ, ਸੋਹਣੇ-ਮਨਮੋਹਣੇ ਇਹੋ ਜਿਹੇ ਗੀਤ ਗਾਏ ਕਿ ਉਸਦੀ ਮਿੱਠੀ ਆਵਾਜ਼ ਨਾਲ ਹਾਲ ਮਹਿਕ ਉਠਿਆ। ਇਸ ਪ੍ਰੋਗਰਾਮ ਦਾ ਸੰਚਾਲਨ ਬੋਲਾਂ ਦੀ ਮਲਕਾ ਆਸ਼ਾ ਸ਼ਰਮਾ ਨੇ ਕੀਤਾ। ਇਸ ਸਮੇਂ ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਆਸ਼ਾ ਸ਼ਰਮਾ ਦੇ ਉਸਤਾਦ ਹਰਜਿੰਦਰ ਕੰਗ ਨੇ ਆਪਣੀ ਰਚਨਾਵਾਂ ਪੰਜਾਬੀ ਪਿਆਰਿਆਂ ਸੰਗ ਸਾਂਝੀਆਂ ਕੀਤੀਆਂ ਅਤੇ ਸਾਬਤ ਕੀਤਾ ਕਿ ਉਹ ਪੰਜਾਬੀ ਸਾਹਿਤ ਤੇ ਬੋਲੀ ਦਾ ਨਾਮਵਰ ਹਸਤਾਖਰ ਹੈ। ਪ੍ਰੋਗਰਾਮ ਵਿੱਚ ਸਮੇਂ ਸਮੇਂ ਕੁਮੇਡੀ, ਪ੍ਰਸਿੱਧ ਕੁਮੇਡੀਅਨ ਜਸਵੀਰ ਗਿੱਲ ਅਤੇ ਰੂਬੀ ਦਿਊਲ ਨੇ ਕਰਕੇ ਪ੍ਰੋਗਰਾਮ ਨੂੰ ਸਿਖ਼ਰ 'ਤੇ ਪਹੁੰਚਾਉਣ 'ਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਪ੍ਰੋਗਰਾਮ ਸਮੇਂ ਸੁਰਿੰਦਰ ਛਿੰਦਾ ਦੀ ਸੀ ਡੀ ਕਿਸ਼ਨਾ ਮੌੜ, ਨਿਰਮਲ ਸਿੰਘ ਥਿਆੜਾ, ਮਨਦੀਪ ਥਿਆੜਾ, ਮਨਜੀਤ ਥਿਆੜਾ ਨੇ ਆਪਣੇ ਸ਼ੁਭ ਕਮਲਾਂ ਨਾਲ ਰਲੀਜ਼ ਕੀਤੀ। ਵਿਦੇਸ਼ਾਂ ਵਿੱਚ ਪੰਜਾਬੀ ਗਾਇਕੀ ਅਖਾੜਿਆਂ ਦੇ ਮੋਢੀ ਐਚ ਐਸ ਭਜਨ ਨੂੰ ਗੀਤ ਸੰਗੀਤ ਇੰਟਰਟੇਨਮੈਂਟ ਵਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਬੰਧਕਾਂ ਆਸ਼ਾ ਸ਼ਰਮਾ ਤੇ ਸੁੱਖਦੇਵ ਸਾਹਿਲ ਤੇ ਹੋਰਨਾਂ ਵੱਲੋਂ ਭੇਂਟ ਕੀਤਾ ਗਿਆ। ਉਹਨਾ ਦੀਆਂ ਪ੍ਰਾਪਤੀਆਂ ਦਰਸਾਉਂਦਾ ਮਾਣ-ਪੱਤਰ ਹਰਜਿੰਦਰ ਕੰਗ ਨੇ ਪੜਿਆ। ਐਚ ਐਸ ਭਜਨ ਅਤੇ ਉਹਨਾ ਦੀ ਪਤਨੀ ਨੂੰ ਸੋਨੇ ਦੀਆਂ ਮੁੰਦਰੀਆਂ ਪ੍ਰਬੰਧਕਾਂ ਵਲੋਂ ਪੁਆਈਆ ਗਈਆਂ ਅਤੇ ਇਹ ਰਸਮ ਮਾਤਾ ਦੇਵਿੰਦਰ ਕੌਰ ਦਿਉਲ ਅਤੇ ਦਲਵੀਰ ਕੌਰ ਔਲਖ ਨੇ ਨਿਭਾਈ। ਵਿਲੱਖਣ ਨਿਵੇਕਲੀ ਸ਼ਾਮ ਸੁਨਿਹਰੀ ਵਿਦੇਸ਼ ਵਸਦੇ ਪੰਜਾਬੀਆਂ ਦੇ ਹਿਰਦਿਆਂ 'ਚ ਇੱਕ ਛਾਪ ਛੱਡਦੀ ਦੇਰ ਰਾਤ ਖਤਮ ਹੋਈ, ਜਿਸ ਵਿੱਚ ਹਰ ਖੇਤਰ ਦੇ ਪੰਜਾਬੀ, ਆਪਣੇ ਪਰਿਵਾਰਾਂ ਸਮੇਤ ਸ਼ਾਮਲ ਹੋਏ।

ਦੇਸ਼ ਦੁਆਬਾ

# ਵਿੱਦਿਆ ਵਿਚਾਰੀ ਤਾਂ ਪਰਉਪਕਾਰੀ

ਇਸ ਫਾਨੀ ਸੰਸਾਰ ਅੰਦਰ ਅਣਗਿਣਤ ਬਨਸਪਤੀ, ਜੀਵ-ਜੰਤੂ ਤੇ ਪ੍ਰਾਣੀ ਆਦਿ ਆਏ ਤੇ ਚਲੇ ਗਏ, ਸਿਲਸਿਲਾ ਜਾਰੀ ਹੈ। ਇਹਨਾਂ ਸਭਨਾਂ 'ਚੋਂ ਇਕੋ-ਇਕ ਇਨਸਾਨ, ਜਿਸ ਨੂੰ ਗੁਰਬਾਣੀ 'ਚ ਵੀ ਮਾਨਸ ਜਨਮ ਦੁਰਲੱਭ.... ਕਿਹਾ ਗਿਆ। ਇਕ ਅਜਿਹਾ ਪ੍ਰਾਣੀ ਹੈ ਜੋ ਬਾਕੀ ਸਭ ਤੋਂ ਵੱਖਰਾ ਤੇ ਵੱਖਰੀ ਬੁੱਧੀ/ਪਹਿਚਾਣ ਰੱਖਦਾ ਹੈ ਤੇ ਉਸਨੂੰ ਤਰਕ ਕਰਨ ਦੀ ਸੋਝੀ ਵੀ ਹੈ। ਇਹ ਸੋਝੀ ਤੇ ਤਰਕ ਕਰਨ ਦੀ ਹਿੰਮਤ ਉਸ ਨੂੰ, ਉਸ ਦੀ ਲਿਆਕਤ, ਉਸ ਦੀ ਆਪਣੀ ਤਾਲੀਮ (ਵਿੱਦਿਆ) ਤੋਂ ਮਿਲਦੀ ਹੈ। ਇਸ ਲਈ ਤਾਂ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਬਾਣੀ 'ਚ ਫੁਰਮਾਇਆ ਹੈ ਕਿ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ। ਜਿਸ ਦੇ ਅਰਥ ਮੇਰੇ ਵਰਗਾ ਵਿਅਕਤੀ ਇਹ ਕੱਢ ਲੈਂਦਾ ਹੈ ਕਿ ਭਾਈ ਵਿੱਦਿਆ ਤਾਂ ਵਿਚਾਰੀ ਭਾਵ ਭੋਲੀ-ਭਾਲੀ ਹੈ ਆਦਿ। ਪਰ ਇਸਦਾ ਸਹੀ ਅਰਥ ਤਾਂ ਬੁੱਧੀਵਾਨ ਹੀ ਦੱਸ ਸਕਦਾ ਹੈ ਕਿ ਵਿੱਦਿਆ ਵਿਚਾਰੀ ਦਾ ਅਰਥ ਤਾਂ ਇਹ ਹੈ ਕਿ ਜਿਸ ਨੇ ਵਿੱਦਿਆ ਹਾਸਲ ਕਰਕੇ ਕੁਝ ਵਿਚਾਰਿਆਂ ਹੈ, ਭਾਵ ਵਿਚਾਰ ਕੀਤੀ ਹੈ ਤਾਂ ਉਹਨਾਂ ਚੰਗੇ ਵਿਚਾਰਾਂ ਨੂੰ, ਚੰਗੇ ਪਾਸ ਲਗਾ ਕੇ ਉਪਕਾਰੀ ਬਣੇ ਹੀ ਨਹੀਂ ਬਲਕਿ ਪਰਉਪਕਾਰੀ ਹੋ ਗਏ।

ਇਸ ਵਿੱਦਿਆ ਉਪਰ ਸਤਿਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਮਹਾਂਪੁਰਖਾਂ ਜਿਵੇਂ ਕਿ ਸਤਿਗੁਰੂ ਰਵਿਦਾਸ ਜੀ ਨੇ ਵੀ ਆਪਣੀ ਪਵਿੱਤਰ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਬਿਰਾਜਮਾਨ ਹੈ, ਫੁਰਮਾਇਆ ਹੈ ਕਿ ਵਿੱਦਿਆ.... ਅਵਿੱਦਿਆ.... ਰਾਹੀਂ ਸਾਨੂੰ ਸਿੱਖ ਮੱਤ ਦੇਣ ਦੇ ਯਤਨ ਕੀਤੇ ਅਤੇ ਵਰਤਮਾਨ ਸਮੇਂ 'ਚ ਡਾ. ਭੀਮਰਾਓ ਰਾਮਜੀ ਅੰਬੇਦਕਰ ਨੇ 'ਪੜ੍ਹੋ, ਸੰਘਰਸ਼ ਕਰੋ ਅਤੇ ਜੁੜੋ' ਸਲੋਗਨ (ਨਾਅਰੇ) ਰਾਹੀਂ ਹੋਰ ਤਾਂ ਹੋਰ ਇਹੀ ਨਾਅਰਾ ਉਹਨਾਂ ਤੋਂ ਵੀ ਪਹਿਲਾਂ ਅਮਰੀਕਾ ਅਤੇ ਇਕ-ਦੋ ਹੋਰ ਮੁਲਕਾਂ 'ਚ ਵੀ ਇਹ ਨਾਅਰਾ ਬਹੁਤ ਪ੍ਰਚੱਲਿਤ ਹੋਇਆ। ਵਿੱਦਿਆ ਮੁਤਲਕ ਅਸੀਂ-ਤੁਸੀਂ ਸਭ ਨੇ ਆਪਣੇ ਮਾਤਾ-ਪਿਤਾ, ਬਜ਼ੁਰਗਾਂ ਅਤੇ ਅਧਿਆਪਕਾਂ ਕੋਲੋਂ ਜ਼ਰੂਰ ਸੁਣਿਆ ਹੋਵੇਗਾ ਕਿ ਅਕਲ ਵੱਡੀ ਕਿ ਭੈਂਸ (ਮੱਝ)। ਸੋ ਵਿੱਦਿਆ ਪ੍ਰਾਪਤ ਵਿਅਕਤੀ ਕਹੇਗਾ ਕਿ ਅਕਲ/ਮੱਤ ਵੱਡੀ/ਉਚੀ ਹੈ ਪਰ ਜਿਸ ਕੋਲ ਵਿੱਦਿਆ ਨਹੀਂ ਉਹ ਤਾਂ ਮੱਝ ਨੂੰ ਵੱਡੀ ਕਹੇਗਾ। ਅਸੀਂ ਆਪਣੇ ਬਜ਼ੁਰਗਾਂ ਤੋਂ ਇਹ ਵੀ ਸੁਣਿਆ ਹੋਵੇਗਾ ਕਿ ਟੁਕ ਦਿੱਤਾ ਕੂਹਣਾ (ਮਾੜਾ) ਤੇ ਮੱਤ ਦਿੱਤੀ ਸੋਹਣੀ (ਵਧੀਆ) ਤੇ ਇਕ ਹੋਰ ਕਹਾਵਤਾਂ ਵੀ ਜ਼ਰੂਰ ਸੁਣੀ ਹੋਵੇਗੀ ਕਿ ਜੇਕਰ ਕਿਸੇ ਤੇ ਉਪਕਾਰ ਕਰਨਾ ਹੈ ਤਾਂ ਉਸ ਨੂੰ ਆਪਣੇ ਮੋਢੇ 'ਤੇ ਚੜ੍ਹਾ ਕੇ ਦਰਿਆ ਪਾਰ ਕਰਾਉਣ ਨਾਲੋਂ ਉਸਨੂੰ ਤੈਰਨਾ ਸਿਖਾਓ। ਇਹ ਸਭ ਕਹਾਵਤਾਂ ਸਾਡੇ ਜੀਵਨ 'ਚ ਜਿੱਥੇ ਪ੍ਰਚੱਲਿਤ ਹਨ, ਉਥੇ ਬਹੁਤ ਫਾਇਦੇਮੰਦ ਹਨ। ਇਹਨਾਂ ਸਭਨਾਂ ਨੂੰ ਸਾਡੇ ਰਹਿਬਰਾਂ/ਬਜ਼ੁਰਗਾਂ ਨੇ ਬੜੇ ਕੌੜੇ-ਮਿੱਠੇ ਤਜਰਬਿਆਂ ਤੋਂ ਬਾਅਦ ਆਪਣੀ ਜ਼ਿੰਦਗੀ ਦਾ ਨਿਚੋੜ ਕਹਾਵਤਾਂ ਦੇ ਰੂਪ 'ਚ ਸਾਡੇ ਸਾਹਮਣੇ ਰੱਖਿਆ, ਉਸ ਉਪਰ ਚੱਲਣਾ ਜਾਂ ਨਹੀਂ ਚੱਲਣਾ ਸਾਡੇ ਆਪਣੇ ਹੱਥ-ਵੱਸ ਹੈ।

ਵਿੱਦਿਆ ਦੀ ਹੀ ਬਦੌਲਤ ਸਾਡੇ ਇਸ ਅਮਰੀਕਾ ਦੇ ਇਤਿਹਾਸ ਅੰਦਰ ਗੋਲਡਨ ਸਟੇਟ ਦੇ ਨਾਂ ਵਜੋਂ ਜਾਣੀ ਜਾਂਦੀ ਸਟੇਟ ਕੈਲੇਫੋਰਨੀਆ ਦੀ ਸਟਰ ਕਾਉਂਟੀ 'ਚ ਪੈਂਦੇ ਮਸ਼ਹੂਰ ਸ਼ਹਿਰ ਯੂਬਾ ਸਿਟੀ (ਜੋ ਕਿ ਪਹਿਲਾਂ ਹੀ ਵਧੇਰੇ ਪੰਜਾਬੀ/ਸਿੱਖ ਵਸੋਂ ਦੇ ਨਾਲ-ਨਾਲ ਇੱਥੋਂ ਦੇ ਵਿਸ਼ਾਲ ਨਗਰ ਕੀਰਤਨ ਕਰਕੇ ਕਿਸੇ ਵੀ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ) 'ਚ ਇਕ ਵਾਰ ਫਿਰ ਸਿੱਖ ਜਗਤ 'ਚੋਂ ਪਹਿਲਾਂ ਬਣੇ ਮੇਅਰ ਸ੍ਰੀ ਕੈਸ਼ ਗਿੱਲ (ਕਸ਼ਮੀਰ ਸਿੰਘ ਗਿੱਲ) ਤੇ ਇੱਥੋਂ ਹੀ ਕੌਂਸਲ ਦੇ ਪਹਿਲੇ ਬਣੇ ਪੰਜਾਬੀ ਸਿੱਖ ਕੌਂਸਲ ਮੈਂਬਰ ਸ੍ਰੀ ਤੇਜ ਮਾਨ ਤੋਂ ਬਾਅਦ ਇੱਥੋਂ ਦੇ ਇਕ ਸਿੱਖ ਪਰਿਵਾਰ ਦੀ ਜੰਮਪਲ ਪ੍ਰੀਤ ਡਿਡਬਾਲ ਜੋ ਹਾਲ ਹੀ ਵਿਚ ਵਾਈਸ ਮੇਅਰ ਵਜੋਂ ਸੇਵਾ ਨਿਭਾ ਰਹੀ ਸੀ, ਨੇ 5 ਦਸੰਬਰ 2017 ਨੂੰ ਮੇਅਰ ਵਜੋਂ ਸਹੁੰ ਚੁੱਕ ਕੇ ਅਮਰੀਕਾ ਦੇ ਇਤਿਹਾਸ ਅੰਦਰ ਸਿੱਖ ਜਗਤ ਦੀ ਪਹਿਲੀ ਸਿੱਖ ਔਰਤ ਮੇਅਰ ਬਣਨ ਦਾ ਇਤਿਹਾਸ ਰਚ ਕੇ ਸਿੱਧ ਕਰ ਦਿੱਤਾ ਕਿ ਉੱਚ ਦੇ ਪੀਰ ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਾਇਆ ਪਾਕ ਫੁਰਮਾਨ:

ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ......

ਵਾਕਿਆ ਹੀ ਬਹੁਤ ਪਰਉਪਕਾਰੀ ਹੈ, ਉਹ ਵੀ ਇਕ ਔਰਤ ਲਈ, ਇਹ ਤਾਂ ਹੋਰ ਵੀ ਬਹੁਤ ਮਾਣ ਵਾਲੀ ਗੱਲ ਹੈ।

ਅਦਾਰਾ 'ਦੇਸ਼ ਦੁਆਬਾ' ਇਸ ਮਾਣਮੱਤੇ ਇਤਿਹਾਸ ਨੂੰ ਰਚਣ ਵਾਲੀ ਪ੍ਰੀਤ ਡਿਡਬਾਲ (ਮੇਅਰ) ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ ਤੇ ਉਹਨਾਂ ਦੇ ਮਾਤਾ ਜੀ ਤੇ ਬਾਕੀ ਪਰਿਵਾਰਕ ਮੈਂਬਰ ਵੀ ਵਧਾਈ ਦੇ ਹੱਕਦਾਰ ਹਨ। ਉਮੀਦ ਕਰਦੇ ਹਾਂ ਕਿ ਮੇਅਰ ਪ੍ਰੀਤ ਡਿਡਬਾਲ ਆਪਣੇ ਨਾਂ ਦੀ ਤਰ੍ਹਾਂ ਆਪਣੇ ਕੰਮ, ਆਪਣੇ ਅਹੁਦੇ ਤੇ ਸਟਾਫ ਨਾਲ ਪ੍ਰੀਤ ਨਾਲ ਹੋਰ ਵੱਧ ਅਤੇ ਉਚੀਆਂ ਬੁਲੰਦੀਆਂ ਨੂੰ ਹਾਸਲ ਕਰੇ।

**- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-52

## ਗੁਰਬਾਣੀ ਚਾਨਣ ਵਿੱਚ ਸਹਜ ਅਵੱਸਥਾ



**ਅਵਤਾਰ ਸਿੰਘ ਮਿਸ਼ਨਰੀ**
510-432-5827

ਸਹਜ ਪਦ ਦਾ ਪਿਛੋਕੜ ਸੰਸਕ੍ਰਿਤ ਤੇ ਹੁਣ ਪੰਜਾਬੀ ਵਿੱਚ ਵੀ ਵਰਤਿਆ ਜਾਂਦਾ ਹੈ। ਪ੍ਰਕਰਣ ਅਨੁਸਾਰ ਇਸ ਦੇ ਵੱਖ ਵੱਖ ਅਰਥ ਹਨ। ਸਹਜ-ਸਾਥ ਪੈਦਾ ਹੋਣ ਵਾਲਾ (ਜੌੜਾ) ਭਾਈ, ਸੁਭਾਵ, ਆਦਤ, ਫਿਦਰਤ, ਅਸਲ ਪ੍ਰਕਿਰਤੀ, ਵਿਚਾਰ, ਵਿਵੇਕ, ਗਿਆਨ, ਕਰਤਾਰ, ਸਨਮਾਨ, ਆਦਰ, ਨਿਰਯਤਨ, ਸੁਭਾਵਿਕ, ਅਸਾਨੀ ਨਾਲ ਅਤੇ ਸਿੰਧੀ ਬੋਲੀ ਵਿੱਚ ਘੋਟੀ ਭੰਗ ਹਨ।

ਗੁਰਬਾਣੀ ਅਨੁਸਾਰ-ਬ੍ਰਹਮ ਗਿਆਨ (ਸਹਿਜ ਅਵੱਸਥਾ) ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ॥(੯੭) ਭਾਵ ਸਤਿਗੁਰੂ ਦੀ ਰਹਿਮਤ ਨਾਲ ਮੈ ਆਤਮਕ ਅਡੋਲ ਗੁਫਾ ਵਿੱਚ ਮਨ ਨੂੰ ਟਿਕਾਇਆ ਅਤੇ ਸਭ ਤੋਂ ਉੱਚੇ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਸੁਹਣਾ ਆਸਣ ਲਾਇਆ ਹੋਇਆ ਹੈ। ਅਨੰਦ, ਬੇਫਿਕਰੀ-ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ॥(੧੦੦) ਭਾਵ ਪ੍ਰਭੂ ਨੇ ਸਾਨੂੰ ਅਰਾਮ ਲਈ ਸੁਖਦਾਈ ਮੰਜੇ ਬਿਸਤਰੇ, ਠੰਡੀ ਹਵਾ ਦਿੱਤੀ ਹੋਈ ਹੈ ਅਤੇ ਅਸੀਂ ਬੇਫਿਕਰੀ (ਸਹਜ) ਦੇ ਖੇਡ ਤਮਾਸ਼ੇ ਕਰਦੇ ਰਹਿੰਦੇ ਹਾਂ। ਸਹਜ ਕਥਾ-ਸਹਜ ਕੀ ਅਕਥ ਕਥਾ ਹੈ ਨਿਰਾਰੀ॥(੩੩੩) ਭਾਵ ਮਨੁੱਖ ਦੇ ਮਨ ਦੀ ਅਡੋਲਤਾ ਇੱਕ ਐਸੀ ਹਾਲਤ, ਨਿਰਾਰੀ ਜੋ ਆਪਣੇ ਵਰਗੀ ਆਪ ਹੀ ਹੈ ਇਸ ਵਾਸਤੇ ਉਸ ਅਗੰਮੀ ਅਵੱਸਥਾ ਦਾ ਅੱਖਰਾਂ ਚ ਬਿਆਨ ਨਹੀਂ ਕੀਤਾ ਜਾ ਸਕਦਾ। ਨਿਰਯਤਨ, ਸੁਭਾਵਿਕ-ਸਹਜ ਭਾਇ ਸਚੀ ਲਿਵ ਲਾਗੀ॥(੧੦੬੩) ਭਾਵ ਕਿਸੇ ਖਾਸ ਯਤਨ ਤੋਂ ਬਿਨਾਂ ਸਦਾ ਥਿਰ ਪ੍ਰਭੂ ਨਾਲ ਸੱਚੀ ਲਗਨ ਲੱਗ ਗਈ। ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥(੯੩੮) ਭਾਵ ਹੇ ਨਾਨਕ ਸੰਤ ਗੁਰੂ ਮਿਲ ਪਏ ਤਾਂ ਸੱਚਾ ਪ੍ਰਭੂ ਮਿਲ ਪੈਂਦਾ ਅਤੇ ਮੈਂ ਸਹਜ ਸੁਭਾ (ਸੁਖੈਨ) ਹੀ ਉਸ ਦੇ ਗੁਣ ਗਾਉਣ ਲੱਗ ਜਾਂਦਾ ਹਾਂ। ਅਸਾਨੀ ਨਾਲ (ਸੁਖਾਲੇ)-ਮਨ ਮੇਰੇ ਸੂਖ ਸਹਜ ਸੇਤੀ ਜਪਿ ਨਾਉ॥(੪੪) ਭਾਵ ਹੇ ਮੇਰੇ ਮਨ ਸੁਖਾਲੇ ਹੀ ਅਨੰਦ ਤੇ ਆਤਮਕ ਅਡੋਲਤਾ ਨਾਲ ਪ੍ਰਭੂ ਨੂੰ ਯਾਦ ਰੱਖ। ਤੁਰੀਆ ਅਵੱਸਥਾ, ਪੂਰਨ ਗਿਆਨ,, ਟਿਕਾਉ, ਆਤਮਕ ਅਡੋਲਤਾ ਦੀ ਅਵੱਸਥਾ-ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥(੧੦੭) ਭਾਵ ਉਸ ਰੱਬੀ ਰਸ (ਅਨੰਦ) ਨੂੰ ਓਹੀ ਜਾਣਦਾ ਹੈ ਜਿਸਦੀ ਸਹਜ ਸੁਭਾ ਹੀ ਲਗਨ (ਲਿਵ) ਲੱਗੀ ਭਾਵ ਮਨ ਟਿਕਿਆ ਹੋਵੇ।

ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ, ਨਾਨਕ! ਸਰਬ ਸਮਾਹਿਆ ਜੀਉ॥(੧੦੭) ਭਾਵ ਹੇ ਨਾਨਕ ਸੇਵਕ ਸਹਜ ਵਿੱਚ ਉਸ ਗੋਬਿੰਦ ਪ੍ਰਭੂ ਦੇ ਗੁਣ ਗਾਂਦੇ ਹਨ ਜੋ ਸਰਬ ਵਿਆਪਕ ਹੈ। ਨਿਸ਼ਕਾਮ ਪ੍ਰੇਮ ਉਹ ਪਿਆਰ ਜਿਸ ਵਿੱਚ ਸਰੀਰਕ ਚੇਸ਼ਟਾ ਨਾ ਹੋਵੇ-ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ॥(੫੪੪) ਭਾਵ ਸਰੀਰਕ ਮੋਹ ਤੋਂ ਉਪਰ ਉੱਠ ਕੇ ਪਿਆਰੇ ਦੇ ਪ੍ਰੇਮ ਰੰਗ ਵਿੱਚ ਰੰਗੀ ਹੋਈ, ਸਹਜ ਚ ਮਸਤ ਆਤਮਾ ਹੀ ਭੈੜੀ ਮੱਤ ਤਿਆਗ ਸਕਦੀ ਹੈ।

ਭਾਈ ਕਾਹਨ ਸਿੰਘ ਨਾਭਾ ਜੀ ਗੁਰਮਤਿ ਮਾਰਤੰਡ ਵਿੱਚ ਲਿਖਦੇ ਹਨ ਕਿ ਸਹਜ ਪਦ ਦੇ ਅਰਥ ਸੁਭਾਵ, ਸੁਭਾਵਿਕ, ਸਨੇ ਸਨੇ (ਹੌਲੀ ਹੌਲੀ) ਸ਼ਾਤੀ, ਸੁਖਦਾਇਕ ਆਦਿਕ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਖੇ ਵਿਸ਼ੇਸ਼ ਕਰਕੇ ਇਹ ਸ਼ਬਦ ਆਤਮ ਗਿਆਨ ਲਈ ਆਉਂਦਾ ਹੈ। ਜਿਵੇਂ-ਭਾਈ ਗੁਰ ਬਿਨੁ ਸਹਜੁ ਨ ਹੋਇ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥(੬੮) ਸੱਚਾ ਗਿਆਨ ਗੁਰੂ ਰਾਹੀਂ ਚੌਥੇ ਪਦ ਵਿੱਚ ਹੀ ਪਾਇਆ ਜਾ ਸਕਦਾ ਹੈ-ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥(੬੮) ਚਉਥਾ ਪਦ=ਪੂਰਨ ਅਡੋਲਤਾ ਦਾ ਗਿਆਨ। ਕਿਆ ਪੜੀਐ ਕਿਆ ਗੁਨੀਐ ਕਿਆ ਬੇਦ ਪੁਰਾਨਾਂ ਸੁਨੀਐ॥ ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥੧॥(੬੫੫) ਭਾਵ ਜੇ ਸੱਚਾ ਗਿਆਨ ਹੀ ਪ੍ਰਾਪਤ ਨਾ ਹੋਇਆ ਫਿਰ ਬਹੁਤੇ ਧਰਮ ਗ੍ਰੰਥ ਪੜ੍ਹਨ ਦਾ ਕੀ ਫਾਇਦਾ? ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥...ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥(੯੧੯) ਭਾਵ ਅਗਨੀ ਹੋਤਰੀ, ਯਗ, ਮੂਰਤੀ ਪੂਜਾ ਆਦਿਕ ਧਰਮ ਦੇ ਨਾਂ ਤੇ ਕੀਤੇ ਕਰਮਕਾਂਡਾਂ ਨਾਲ ਸੱਚਾ ਗਿਆਨ ਪ੍ਰਾਪਤ ਨਹੀਂ ਹੁੰਦਾ ਅਤੇ ਯਥਾਰਥ ਗਿਆਨ ਤੋਂ ਬਿਨਾ ਸ਼ੰਕਾ ਦੂਰ ਨਹੀਂ ਹੁੰਦਾ।

ਡਾ. ਹਰਜਿੰਦਰ ਸਿੰਘ ਦਿਲਗੀਰ ਵੀ ਲਿਖਦੇ ਹਨ ਕਿ ਸਹਜ ਇੱਕ ਮਾਨਸਿਕ ਰੂਹਾਨੀ ਅਹਿਸਾਸ ਹੈ ਜਿਸ ਵਿਚ ਇਨਸਾਨ ਫਿਕਰ, ਸੋਚ, ਬੋਝ, ਰਹਿਤ ਰੱਬੀ ਮਸਤੀ ਭਾਵ ਅਗੰਮੀ ਮੌਜ ਵਿੱਚ ਰਹਿੰਦਾ ਹੈ। ਇਹ ਮੁਕਾਮ ਰੱਬੀ ਧਿਆਨ ਵਿੱਚ ਹਉਮੈ ਤੋਂ ਛੁਟਕਾਰਾ ਪਾ, ਸੱਚਾ ਜੀਵਨ ਜੀਅ ਕੇ ਹੀ ਹਾਸਿਲ ਕੀਤਾ ਜਾ ਸਕਦਾ ਹੈ। ਸਹਜ ਇੱਕ ਅਜਿਹੀ ਹਾਲਤ ਹੈ ਜਿਸ ਵਿੱਚ ਇਨਸਾਨ ਖੁਦੀ ਤੋਂ ਅਜ਼ਾਦ ਹੁੰਦਾ ਅਤੇ ਉਸ ਦੇ ਦਿਲ ਤੇ ਰੂਹ ਵਿੱਚ ਕੁਦਰਤੀ ਅਰਾਮ ਤੇ ਸਕੂਨ ਦਾ ਮਹੌਲ ਛਾ ਜਾਂਦਾ ਹੈ। ਸਹਜ ਦੇ ਮੁਕਾਮ ਤੇ ਪਹੁੰਚਣ ਵਾਸਤੇ ਇਨਸਾਨ ਨੂੰ ਨਾਂ ਤਾਂ ਦੁਨੀਆਂ ਛੱਡਣ ਤੇ ਨਾਂ ਹੀ ਕਿਸੇ ਕਰਮਕਾਂਡ ਨੂੰ ਨਿਭਾਉਣ ਦੀ ਲੋੜ ਹੁੰਦੀ ਹੈ।

ਸੋ ਅਖੌਤੀ ਬ੍ਰਹਮ ਗਿਆਨੀ, ਡੇਰੇਦਾਰ ਤੇ ਸੰਪ੍ਰਦਾਈ ਸੰਤਾਂ ਮਹੰਤਾਂ ਵੱਲੋਂ ਸਹਜ ਅਵੱਸਥਾ ਬਾਰੇ ਪਾਏ ਔਖੇ ਔਖੇ ਭੁਲੇਖੇ ਤੇ ਡਰਾਵੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਨਿਰੋਲ ਵਿਚਾਰ ਸਹਿਜੇ ਹੀ ਕੱਢ ਦਿੰਦੀ, ਮਨ ਸ਼ੰਕਿਆ ਤੇ ਅਗੰਮੀ ਡਰਾਵਿਆਂ ਤੋਂ ਸਹਿਜੇ ਹੀ ਮੁਕਤ ਹੋ ਹੌਲਾ ਫੁੱਲ ਹੋ ਜਾਂਦਾ ਅਤੇ ਹਰ ਵੇਲੇ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ।


## ਜਨਮ ਤੇ ਵਿਸ਼ੇਸ਼

# ਮਨੁੱਖਤਾ ਨੂੰ ਭਾਈਚਾਰਕ ਸਾਂਝ ਅਤੇ ਬਰਾਬਰੀ ਦਾ ਸੁਨੇਹਾ ਦੇਣ ਵਾਲੇ ਸਨ ਹਜ਼ਰਤ ਮੁਹੰਮਦ ਸਾਹਿਬ



**ਮੁਹੰਮਦ ਬਸ਼ੀਰ**
91-94171-58300

ਕੁਦਰਤ ਦਾ ਇਹ ਇੱਕ ਅਟੱਲ ਸਿਧਾਂਤ ਹੈ ਕਿ ਧਰਤੀ ਦੇ ਕਿਸੇ ਵੀ ਖੇਤਰ ਤੇ ਜਦੋਂ ਵੀ ਮਜ਼ਲੂਮਾਂ ਤੇ ਜੁਲਮ, ਜਿਆਦਤੀਆਂ, ਅੰਧ ਵਿਸ਼ਵਾਸ਼, ਅੱਤਿਆਚਾਰ, ਆਦਿ ਵੱਧ ਜਾਂਦੇ ਹਨ ਤਾਂ ਰੱਬ ਵੱਲੋਂ ਉਸ ਖੇਤਰ ਤੇ ਕਿਸੇ ਪੈਗੰਬਰ, ਅਵਤਾਰ ਆਦਿ ਨੂੰ ਭੇਜਿਆ ਜਾਂਦਾ ਹੈ ਤਾਂ ਕਿ ਧਰਤੀ ਤੋਂ ਜੁਲਮਾਂ ਦਾ ਖਾਤਮਾ ਕਰਕੇ ਲੋਕਾਂ ਤੇ ਹੁੰਦੇ ਅੱਤਿਆਚਾਰਾਂ ਨੂੰ ਖਤਮ ਕੀਤਾ ਜਾ ਸਕੇ। ਸੰਨ 571 ਈ. ਤੋਂ ਪਹਿਲਾਂ ਅਰਬ ਦੀ ਧਰਤੀ ਤੇ ਰਹਿਣ ਵਾਲੇ ਲੋਕ ਮਨੁੱਖੀ ਰੂਪ ਵਿੱਚ ਜਾਨਵਰ ਹੀ ਸਨ। ਛੋਟੀਆਂ-ਛੋਟੀਆਂ ਗੱਲਾਂ ਤੇ ਕਬੀਲਿਆਂ ਵਿਚਕਾਰ ਸ਼ੁਰੂ ਹੋਈ ਲੜਾਈ ਪੀੜ੍ਹੀ ਦਰ ਪੀੜ੍ਹੀ ਸਦੀਆਂ ਤੱਕ ਚਲਦੀ ਰੱਖਣ ਦੀ ਪਰੰਪਰਾ ਪ੍ਰਚਲਿਤ ਸੀ। ਉਹਨਾਂ ਵਿੱਚ ਸਮਾਜਿਕ ਬੁਰਾਈਆਂ ਜਿਵੇਂ ਕਿ ਜਬਰ ਜ਼ਿਨਾਹ, ਸੂਦਖੋਰੀ, ਕੁੜੀਆਂ ਨੂੰ ਜਨਮ ਸਮੇਂ ਹੀ ਮਾਰ ਦੇਣਾ ਆਦਿ ਆਮ ਪਾਈਆਂ ਜਾਂਦੀਆਂ ਸਨ। ਮਨੁੱਖ ਮਨੁੱਖੀ ਖ਼ੂਨ ਤੱਕ ਪੀਣ ਨੂੰ ਬੁਰਾਈ ਨਹੀਂ ਸਮਝਦਾ ਸੀ। ਇਹਨਾਂ ਕਾਰਨਾਂ ਕਰਕੇ ਅਰਬ ਦੇ ਕਬੀਲਿਆਂ/ਲੋਕਾਂ ਤੇ ਕੋਈ ਵੀ ਸਾਸ਼ਕ ਰਾਜ ਕਰਨ ਨੂੰ ਵੀ ਤਿਆਰ ਨਹੀਂ ਸੀ। ਇਸ ਸਥਿਤੀ ਦੇ ਸਨਮੁੱਖ ਰੱਬ ਨੇ ਮੱਕਾ ਸ਼ਹਿਰ ਨੂੰ ਆਬਾਦ ਕਰਨ ਵਾਲੇ ਪੈਗੰਬਰ ਹਜ਼ਰਤ ਇਸਮਾਇਲ (ਅਲੈ.) ਦੀ ਚੱਲੀ ਆ ਰਹੀ ਜੱਦ ਦੇ ਇੱਕ ਕਬੀਲੇ 'ਬਨੀ ਹਾਸ਼ਿਮ' ਵਿੱਚ 20 ਅਪ੍ਰੈਲ 571 ਈ. (ਅਰਬੀ ਕੈਲੰਡਰ ਦੇ ਤੀਜੇ ਮਹੀਨੇ ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ) ਨੂੰ ਸਵ. ਅਬਦੁੱਲਾ ਦੀ ਸੁਪਤਨੀ ਬੀਬੀ ਆਮਨਾ ਦੀ ਕੁੱਖੋਂ ਇੱਕ ਬੱਚੇ ਨੂੰ ਪੈਦਾ ਕੀਤਾ। ਜਿਸ ਦਾ ਨਾਮ ਉਨ੍ਹਾਂ ਦੇ ਚਾਚਾ ਅਬੂ ਤਾਲਿਬ ਨੇ 'ਮੁਹੰਮਦ' ਰੱਖਿਆ। ਇਸ ਬਾਲਕ ਨੂੰ ਹੀ ਵੱਡਾ ਹੋ ਕਿ ਇਸਲਾਮ ਧਰਮ ਦੇ ਆਖਰੀ ਪੈਗੰਬਰ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਆਪ 2 ਸਾਲ ਦੇ ਸਨ ਜਦੋਂ ਮਾਂ ਦਾ ਸਾਇਆ ਸਿਰ ਤੋਂ ਉੱਠ ਗਿਆ। ਤਦ ਆਪ ਦੀ ਪਰਵਰਿਸ਼ ਦਾ ਜਿੰਮਾ ਆਪ ਦੇ ਦਾਦਾ ਅਬਦੁਲ ਮੁਤਲਿਬ ਨੇ ਸੰਭਾਲਿਆ ਪਰ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਜਦੋਂ ਆਪ ਦੀ ਉਮਰ 6 ਸਾਲ ਦੀ ਹੋਈ ਤਾਂ ਆਪ ਦੇ ਦਾਦਾ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਅੱਗੇ ਆਪ ਜੀ ਦੀ ਪਰਵਰਿਸ਼ ਚਾਚੇ ਅਬੂ ਤਾਲਿਬ ਨੇ ਕੀਤੀ। ਆਪ ਬਚਪਨ ਤੋਂ ਹੀ ਸੱਚ ਬੋਲਣ, ਬਜ਼ੁਰਗਾਂ/ ਬੇਸਹਾਰਾ/ ਅੰਗਹੀਣਾਂ ਆਦਿ ਦੀ ਸੇਵਾ ਕਰਨ, ਕਿਸੇ ਨੂੰ ਧੋਖਾ ਨਾ



ਦੇਣ, ਅਮਾਨਤ ਵਿੱਚ ਖਿਆਨਤ ਨਾ ਕਰਨ ਆਦਿ ਗੁਣਾਂ ਦੇ ਧਾਰਨੀ ਸਨ। ਜਿਸ ਕਰਕੇ ਸਾਰੇ ਮੱਕਾ ਵਾਸੀ ਆਪ ਨੂੰ ਅਮੀਨ ਅਤੇ ਸਾਦਿਕ ਮੰਨਦੇ ਸਨ। 20 ਸਾਲ ਦੀ ਉਮਰ ਵਿੱਚ ਆਪ ਵਪਾਰ ਕਰਨ ਦੇ ਮਕਸਦ ਨਾਲ ਸ਼ਾਮ (ਸੀਰੀਆ), ਇਰਾਕ, ਯਮਨ ਆਦਿ ਦੇਸ਼ਾਂ ਵਿੱਚ ਗਏ। ਸੱਚਾਈ, ਇਮਾਨਦਾਰੀ, ਦਿਆਨਤਦਾਰੀ ਨਾਲ ਵਪਾਰ ਕਰਨ ਕਾਰਨ ਆਪ ਪੂਰੇ ਅਰਬ ਵਿੱਚ ਪ੍ਰਸਿਧ ਹੋ ਗਏ। 25 ਸਾਲ ਦੀ ਉਮਰ ਵਿੱਚ ਆਪ ਦਾ ਨਿਕਾਹ ਬੀਬੀ ਖਦੀਜਾ (ਜੋ ਕਿ ਇੱਕ ਵਿਧਵਾ ਔਰਤ ਸੀ) ਨਾਲ ਹੋਇਆ। ਉਸ ਸਮੇਂ ਬੀਬੀ ਖਦੀਜਾ ਦੀ ਉਮਰ 40 ਸਾਲ ਦੀ ਸੀ। ਹਜ਼ਰਤ ਮੁਹੰਮਦ (ਸਲ.) ਅਕਸਰ ਰੱਬ ਦੀ ਭਗਤੀ ਕਰਨ ਅਤੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਨੂੰ ਖਤਮ ਕਰਨ ਲਈ ਸੋਚ-ਵਿਚਾਰ ਕਰਨ ਲਈ ਮੱਕੇ ਤੋਂ 3 ਕਿ.ਮੀ. ਦੀ ਦੂਰੀ ਤੇ ਸਥਿਤ ਇੱਕ ਗੁਫਾ (ਜਿਸਦਾ ਨਾਮ ਹਿਰਾ ਹੈ) ਵਿੱਚ ਜਾ ਬੈਠਦੇ ਸਨ। ਇੱਥੇ ਹੀ 40 ਸਾਲ ਦੀ ਉਮਰ ਵਿੱਚ ਰੱਬ ਵੱਲੋਂ ਆਪਣੇ ਫਰਿਸ਼ਤੇ ਜ਼ਿਬਰਾਇਲ (ਅਲੈ.) ਰਾਹੀਂ ਆਪ ਉੱਪਰ ਪਹਿਲੀ ਬਹੀ (ਰੱਬੀ ਸੰਦੇਸ਼) ਨਾਜ਼ਿਲ (ਉਤਾਰੀ ਗਈ) ਕੀਤੀ ਗਈ ਤੇ ਆਪ ਨੂੰ ਪੈਗੰਬਰੇ ਇਸਲਾਮ ਹੋਣ ਦੀ ਖੁਸ਼ਖਬਰੀ ਦਿੱਤੀ ਗਈ। ਇਸ ਸੰਦੇਸ਼ ਦੇ ਪ੍ਰਾਪਤ ਹੋਣ ਤੋਂ ਬਾਅਦ ਆਪ ਜੀ ਨੇ ਨਿਰੰਤਰ 23 ਸਾਲ ਬਹੁਤ ਹੀ ਯੋਜਨਾਪੂਰਨ ਢੰਗ ਨਾਲ, ਅਰਬ ਦੇ ਲੋਕਾਂ ਦੁਆਰਾ ਦਿੱਤੀਆਂ ਪ੍ਰੇਸ਼ਾਨੀਆਂ ਨੂੰ ਸਹਾਰਦੇ ਹੋਏ ਇਸਲਾਮ ਧਰਮ ਨੂੰ ਮੁਕੰਮਲ ਤੌਰ ਤੇ ਲੋਕਾਂ ਤੱਕ ਪਹੁੰਚਾਇਆ ਤੇ ਲੋਕਾਂ ਨੂੰ ਇੱਕ ਰੱਬ ਦੀ ਬੰਦਗੀ ਕਰਨ ਵੱਲ ਪ੍ਰੇਰਿਤ ਕੀਤਾ। ਆਪ ਜੀ ਦੀ ਮਿਹਨਤ ਅਤੇ ਉੱਚੇ ਚਰਿੱਤਰ ਸਦਕਾ ਲੋਕ ਧੜ੍ਹਾ-ਧੜ੍ਹ ਇਸਲਾਮ ਵਿੱਚ ਸ਼ਾਮਿਲ ਹੋਏ ਜਿਸ ਕਰਕੇ ਇਸਲਾਮ ਧਰਮ ਅੱਜ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਧਰਮ ਹੈ। ਆਪ ਜੀ ਦੇ ਪ੍ਰਚਾਰ ਸਦਕਾ ਪਹਿਲੇ ਹੀ ਦਿਨ ਆਪ ਦੇ ਦੋਸਤ ਅਬੂ-ਵਕਰ ਸਿਦੀਕ, ਆਪ ਦੀ ਪਤਨੀ ਬੀਬੀ ਖਦੀਜਾ ਅਤੇ ਉਹਨਾਂ ਦੇ ਚਚੇਰੇ ਭਰਾ ਅਲੀ ਨੂੰ ਇਸਲਾਮ ਵਿੱਚ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਹੋਇਆ।ਇਸ ਤੋਂ ਬਾਅਦ ਤੌਹੀਦ ਪ੍ਰਸਤਾਂ (ਰੱਬ ਨੂੰ ਇੱਕ ਮੰਨਣ ਵਾਲੇ) ਦੀ ਗਿਣਤੀ ਵੱਧਦੀ ਗਈ। ਜਿਸ ਕਾਰਨ

**(ਬਾਕੀ ਸਫਾ 18 'ਤੇ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੈਪਟਨ ਸਰਕਾਰ ਦੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਵਫ਼ਾ ਨਹੀਂ ਹੋਏ: ਜਸਬੀਰ ਸਿੰਘ ਪਾਲ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਬਲਾਕ 1-ਏ ਅਤੇ 2-ਏ ਦੇ ਪ੍ਰਧਾਨ ਕ੍ਰਮਵਾਰ ਰਣਵੀਰ ਕੁਮਾਰ ਅਤੇ ਯੋਧਾ ਮੱਲ ਦੀ ਪ੍ਰਧਾਨਗੀ ਹੇਠ ਪਿੰਡ ਬਸੀ ਦੌਲਤ ਖਾਂ ਹੁਸ਼ਿਆਰਪੁਰ ਵਿਖੇ ਹੋਈ ਜਿਸ ਵਿਚ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ, ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ, ਜਨਰਲ ਸਕੱਤਰ ਡਾ. ਜਸਵੰਤ ਰਾਏ, ਮੀਤ ਪ੍ਰਧਾਨ ਲੈਕ. ਬਲਦੇਵ ਸਿੰਘ ਧੁੱਗਾ ਨੇ ਸ਼ਿਰਕਤ ਕੀਤੀ।ਸ. ਪਾਲ ਨੇ ਮੁਲਾਜ਼ਮਾਂ ਅਤੇ ਨੌਜਵਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਪਟਨ ਸਰਕਾਰ ਵਲੋਂ ਚੋਣਾਂ ਦੌਰਾਨ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਮੁਖ ਮੰਤਰੀ ਬਣਨ ਉਪਰੰਤ ਅੱਠ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਪੂਰੇ ਨਹੀਂ ਹੋਏ।35000 ਕੱਚੇ ਅਤੇ ਠੇਕੇ ਤੇ ਕੰਮ ਕਰਦੇ ਮੁਲਜਮਾਂ ਨੂੰ ਰੈਗੂਲਰ ਕਰਨ ਤੇ ਕੋਈ ਵਿੱਤੀ ਬੋਝ ਨਹੀਂ ਪੈਂਦਾ।ਸੂਬੇ ਦੀ 57ਗ਼ ਅਬਾਦੀ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਕਰਮਚਾਰੀਆਂ ਨੂੰ ਰੋਸਟਰ ਨੁਕਤੇ ਤੇ ਕੰਮ ਕਰਦਿਆਂ ਸਿਨੀਆਰਤਾ ਦਾ ਲਾਭ ਦੇਣ ਤੇ ਵੀ ਕੋਈ ਪੈਸਾ ਖਰਚ ਨਹੀਂ ਹੁੰਦਾ।ਇਹ ਵੀ ਚੋਣ ਵਾਅਦਾ ਪੂਰਾ ਨਹੀਂ ਕੀਤਾ ਗਿਆ। ਕਰਮਚਾਰੀਆਂ ਤੇ ਪੈਨਸ਼ਨਾਂ ਨੂੰ ਜਨਵਰੀ 2017, ਜੁਲਾਈ 2017 ਦੀਆਂ ਡੀ. ਏ. ਦੀਆਂ ਕਿਸ਼ਤਾਂ ਅਤੇ ਇਸਦਾ ਨਿਗੁਣਾ ਬਕਾਇਆ ਵੀ ਨਹੀਂ ਦਿੱਤਾ ਗਿਆ।




ਪਿਛਲੇ ਅੱਠ ਮਹੀਨਿਆਂ ਤੋਂ ਸੇਵਾ ਮੁਕਤ ਹੋਏ 1500 ਦੇ ਕਰੀਬ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਪੈਨਸ਼ਨਰੀ ਲਾਭ ਦੇ ਕਰੀਬ 928 ਕਰੋੜ ਰੁਪਏ ਦੇ ਬਿੱਲ ਖ਼ਜ਼ਾਨਾਂ ਦਫ਼ਤਰਾਂ ਵਿਚ ਧੂੜ ਚੱਟ ਰਹੇ ਹਨ ਜਿਸ ਕਰਕੇ ਮੁਲਾਜ਼ਮਾਂ ਵਿਚ ਅਥਾਹ ਅਕਰੋਸ਼ ਪਾਇਆ ਜਾ ਰਿਹਾ ਹੈ।ਇਸ ਬਾਰੇ ਸ. ਬੋਦਲ, ਡਾ. ਰਾਏ, ਲੈਕ. ਧੁੱਗਾ, ਨੌਜਵਾਨ ਪ੍ਰਿਥਵੀਪਾਲ ਸਿੰਘ,ਯੋਧਾ ਮੱਲ, ਰਣਵੀਰ ਕੁਮਾਰ, ਬਲਦੇਵ ਸਿੰਘ, ਮਾਸਟਰ ਸੰਜੀਵ ਕੁਮਾਰ, ਲਖਵਿੰਦਰ ਰਾਮ ਆਦਿ ਬੁਲਾਰਿਆਂ ਨੇ ਫੈੱਡਰੇਸ਼ਨ ਦੇ ਬਲਾਕਾਂ ਨੂੰ ਜੋਨ ਪੱਧਰ ਤੱਕ ਮਜਬੂਤ ਕਰਨ ਲਈ ਪਿੰਡ ਬਸੀ ਦੌਲਤ ਖਾਂ ਦੇ ਜੰਜ ਘਰ ਵਿਚ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ।ਇਸ ਸਮੇਂ ਜਸਵਿੰਦਰ ਸਿੰਘ, ਜਤਿੰਦਰ ਸਿੰਘ ਨਿਆੜਾ, ਸੰਦੀਪ ਕੁਮਾਰ, ਵਿਜੈ ਕੁਮਾਰ, ਸੂਬੇਦਾਰ ਲਸ਼ਕਰ ਸਿੰਘ, ਮੰਗਲ ਨਾਥ, ਮਨਵਿੰਦਰ ਸਿੰਘ, ਲਖਵਿੰਦਰ ਸਿੰਘ, ਕੁਲਵੀਰ ਸਿੰਘ, ਸੈਂਟਰ ਹੈਡ ਟੀਚਰ ਬਖਸ਼ੀ ਰਾਮ, ਸਤਪਾਲ ਸਿੰਘ, ਬਿੱਟੀ, ਸੋਨੂੰ ਆਦਿ ਸਾਥੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ, ਮੋਬਾ. 9815825999**

# ਨਸਰਾਲਾ ਸਕੂਲ ਵਿਖੇ ਖੇਡਾਂ ਤੇ ਵਿਸ਼ੇਸ਼ ਪ੍ਰਾਪਤੀ ਵਾਲੇ ਸਨਮਾਨਿਤ

**ਨਸਰਾਲਾ–** ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨਸਰਾਲਾ ਵਿਖੇ ਸਵੇਰ ਦੀ ਸਭਾ ਵਿਚ ਚੇਅਰਮੈਨ ਐਸ. ਐਮ. ਸੀ. ਸ. ਦਿਆਲ ਸਿੰਘ ਅਤੇ ਸਰਪੰਚ ਬੀਬੀ ਦੀਪ ਕੌਰ ਦੀ ਅਗਵਾਈ ਵਿਚ ਇਕ ਸਨਮਾਨ ਸਮਾਰੋਹ ਕਰਵਾਇਆ ਗਿਆ। ਪ੍ਰਿੰਸੀਪਲ ਸ੍ਰੀ ਕਰੁਣ ਸ਼ਰਮਾ ਨੇ ਪ੍ਰੋਗਰਾਮ ਦੀ ਰੂਪ-ਰੇਖਾ ਦੱਸਦਿਆਂ ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਕਿਹਾ। ਸਵੇਰ ਦੀ ਸਭਾ ਵਿਚ ਡਾ. ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਤੇ ਡਾ. ਜਸਵੰਤ ਰਾਏ ਨੇ ਉਹਨਾਂ ਦੇ ਜੀਵਨ ਬਿਰਤਾਂਤ ਬਾਰੇ ਸਿੱਖਿਆਦਾਇਕ ਕਥਨ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਬੀਬੀ ਦੀਪ ਕੌਰ ਨੇ ਸਕੂਲ ਦੇ ਵਿਦਿਆਰਥੀਆਂ ਦੀ ਮਾਣ ਮੱਤੀ ਪ੍ਰਾਪਤੀ ਲਈ ਪ੍ਰਿੰਸੀਪਲ ਸਾਹਿਬ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਸਕੂਲ ਵਿਦਿਆਰਥੀ ਮਨਜੋਤ ਸਿੰਘ ਨੂੰ ਜ਼ਿਲ੍ਹਾ ਸਾਇੰਸ ਪ੍ਰਤੀਯੋਗਤਾ ਵਿਚੋਂ ਜ਼ਿਲ੍ਹੇ ਵਿਚੋਂ ਦੂਜਾ ਸਥਾਨ ਪ੍ਰਾਪਤ ਕਰਨ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ। 14 ਸਾਲਾ ਲੜਕੇ, 17 ਸਾਲਾ ਲੜਕੇ, 19 ਸਾਲਾ ਲੜਕੇ ਅਤੇ ਲੜਕੀਆਂ ਵੱਲੋਂ ਪੰਜਾਬ ਪੱਧਰ 'ਤੇ ਖੇਡਾਂ ਵਿਚੋਂ ਮੱਲਾਂ ਮਾਰਨ ਤੇ ਆਏ ਹੋਏ ਮਹਿਮਾਨਾਂ ਅਤੇ ਸਟਾਫ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਲੈਕਚਰਾਰ ਬਲਬੀਰ ਚੰਦ, ਲੈਕਚਰਾਰ ਸੁਖਦੇਵ ਸਿੰਘ, ਮੈਡਮ ਸੰਜੀਤ, ਵਨੀਤਾ ਰਾਣੀ, ਮੰਜੂ ਅਰੋੜਾ, ਕਮਲੇਸ਼ ਰਾਣੀ, ਗੁਰਵਿੰਦਰ ਕੌਰ, ਰਵਿੰਦਰ ਕੁਮਾਰ, ਸੁਰੇਸ਼ ਕੁਮਾਰ, ਹਰਪ੍ਰੀਤ ਸਿੰਘ, ਵਿਸ਼ਾਲ, ਕੁਲਦੀਪ ਕੁਮਾਰ, ਮਨਜੀਤ ਕੌਰ,ਪਰਵਿੰਦਰ ਕੌਰ, ਗੁਰਦਰਸ਼ਨ ਕੌਰ, ਸੋਨੀਆ ਅਤੇ ਵਿਦਿਆਰਥੀ ਹਾਜ਼ਰ ਸਨ।





# ਉਡਾਣ ਪ੍ਰੋਜੈਕਟ ਵਿਦਿਆਰਥੀਆਂ ਵਾਸਤੇ ਬਣੇਗਾ ਮਾਰਗ ਦਰਸਨ

## ਮੁਕਾਬਲੇ ਦੀਆਂ ਪ੍ਰੀਖਿਆਵਾਂ ਵਾਸਤੇ ਵਿਦਿਆਰਥੀ ਨੂੰ ਮਿਲੇਗੀ ਜਾਗਰੂਕਤਾ-ਵਿਦਿਆਰਥੀ ਵਰਗ

**ਬਟਾਲਾ (ਬਰਨਾਲ)–** ਸਿੱਖਿਆ ਵਿਭਾਗ ਪੰਜਾਬ ਵੱਲੋ ਸਕੂਲ ਪ੍ਰਬੰਧ ਨੂੰ ਵਧੀਆ ਤੇ ਸੌਖਾਲਿਆਂ ਕੀਤਾ ਗਿਆ ਹੈ, ਵਿਭਾਗ ਵੱਲੋ ਬੀਤੇ ਦਿਨੀ ਸੁਰੂ ਕੀਤਾ ਗਿਆ ਉਡਾਣ ਪ੍ਰਾਜੈਕਟ ਵਿਦਿਆਰਥੀਆਂ ਵਾਸਤੇ ਚਾਨਣ ਮੁਨਾਰਾ ਬਣੇਗਾ ਤੇ ਮੁਕਾਬਲੇ ਦੀਆਂ ਪ੍ਰੀਖਿਅਆਵਾਂ ਵਾਸਤੇ ਸਵੇਰ ਦੀ ਸਭਾ ਵਿੱਚ ਵਿਭਾਗ ਵੱਲੋ ਭੇਜੇ ਗਏ ਪ੍ਰਸ਼ਨ ਤੇ ਦੂਜੇ ਦਿਨ ਭੇਜੇ ਗਏ ਪ੍ਰਸ਼ਨਾਂ ਦੇ ਜਵਾਬ ਵਿਦਿਆਰਥੀ ਤੇ ਅਧਿਆਪਕ ਬੜੇ ਵਧੀਆਂ ਪ੍ਰਭਾਵਸਾਲੀ ਢੰਗ ਨਾਲ ਇਸ ਪ੍ਰੋਜੈਕਟ ਨੂੰ ਸਿੱਖ ਸਿੱਖਾ ਰਹੇ ਹਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰ ਦੇ ਪ੍ਰਿੰਸੀਪਲ ਸ੍ਰੀ ਰਵਿੰਦਰਪਾਲ ਸਿੰਘ ਚਾਹਲ ਤੇ ਇੰਚਾਰਜ ਅਧਿਆਪਕ ਨਰੇਸ ਕੁਮਾਰੀ, ਪਿਆਰਾ ਲਾਲ, ਦਵਿੰਦਰ ਸਿੰਘ, ਤੇ ਬਾਕੀ ਅਧਿਆਪਕਾਂ ਵੱਲੋ ਵਿਦਿਆਰਥੀਆਂ ਨੂੰ ਮੁਕਾਬਲੇ ਦੀਆ ਪ੍ਰੀਖਿਆ ਦੀ ਤਰਜ ਤੇ ਤਿਆਰੀ ਕਰਵਾਈ ਜਾ ਰਹੀ ਹੈ। ਵਿਦਿਆਰਥੀ ਅਮਨਪ੍ਰੀਤ ਕੋਰ ਬਾਰਵੀ, ਰਮਨਜੀਤ ਕੌਰ, ਮਨਪ੍ਰੀਤ ਸਿੰਘ, ਪਰਮਿੰਦਰ ਸਿੰਘ, ਗੁਰਪ੍ਰੀਤ ਕੌਰ, ਪਵਨਦੀਪ ਕੌਰ, ਕੋਮਲ, ਅਕਾਸ ਸਰਮਾ ਤੇ ਹੋਰ ਵਿਦਿਆਰਥੀਆਂ ਦੇ ਨਾਲ ਗੱਲਬਾਤ ਦੌਰਾਨ ਇਸ ਉਡਾਣ ਪ੍ਰੋਜੈਕਟ ਬਾਰੇ ਗੱਲ ਬਾਤ ਦੋਰਾਨ ਪਤਾ ਲੱਗਾ ਕਿ ਹਰ ਵਿੰਗ ਤੇ ਤਿਆਰ ਪ੍ਰਸ਼ਨ ਬੜੇ ਵਧੀਆਂ ਤੇ ਮੌਜੂਦਾ ਸਮੇਂ ਨਾਲ ਮੇਲ ਖਾਂਦੇ ਹਨ। ਇਸ ਵਾਸਤੇ ਇਹ ਪ੍ਰਾਜੈਕਟ ਵਿਦਿਆਰਥੀਆਂ ਵਾਸਤੇ ਸਹੀ ਰੂਪ ਵਿਚ ਮਾਰਗ ਦਰਸਨ ਬਣੇਗਾ। ਕਿਉਕਿ ਵਿਦਿਆਰਥੀ ਵਰਗ ਇਸ ਉਡਾਣ ਪ੍ਰਾਜੈਕਟ ਤੋ ਸਿੱਖ ਰਿਹਾ ਹੈ ਤੇ ਭਵਿੱਖ ਵਿਚ ਜਦ ਵਿਦਿਆਰਥੀ ਕਿਸੇ ਨੌਕਰੀ ਜਾਂ ਕੋਰਸ ਵਾਸਤੇ ਤਿਆਰੀ ਕਰਨਗੇ ਤਾਂ ਇਹਨਾਂ ਪ੍ਰਸ਼ਨਾਂ ਦਾ ਵਿਦਿਆਰਥੀ ਵਰਗ ਨੂੰ ਫਾਇਦਾ ਹੋਵੇਗਾ। ਇਸ ਪ੍ਰਾਜੈਕਟ ਵਿਚ ਹਿਸਾ ਪਾਉਣ ਵਾਲੇ ਅਧਿਆਪਕਾਂ ਵਿਚ ਨਰਿੰਦਰ ਸਿੰਘ, ਗੁਰਮੀਤ ਸਿੰਘ ਕਵਲਪ੍ਰੀਤ ਕੌਰ, ਹਰਜਿੰਦਰ ਸਿੰਘ, ਮਨਇੰਦਰ ਕੌਰ, ਪੂਜਾ ਭਾਰਤੀ, ਰੇਖਾ ਸਲੋਤਰਾ, ਪਰਵਿੰਦਰ ਕੌਰ, ਹਰਪਰੀਤ ਸਿੰਘ, ਰਾਜਵਿੰਦਰ, ਰਮਨ ਬਾਜਵਾ, ਸੁਮਨਦੀਪ ਕੌਰ ਆਦਿ ਨਾਮ ਪ੍ਰਮੁੱਖ ਹਨ।




A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431

649 W. Elkhorn Blvd. Suite B2
Rio Linda, CA 95673

Amarjit Sandhu


# ਮਿੰਨੀ ਕਹਾਣੀਆਂ



**ਤਸਵਿੰਦਰ ਸਿੰਘ ਬੜੈਚ**
**98763-22677**

### ਮੰਦਰ ਬਨਾਮ ਵਿੱਦਿਆ ਮੰਦਰ

ਉਸਨੇ ਆਪਣਾ ਮੋਟਰਸਾਇਕਲ ਪਿੰਡੋਂ ਬਾਹਰ-ਬਾਹਰ ਬਣੇ ਸਰਕਾਰੀ ਸਕੂਲ ਕੋਲ ਆਕੇ ਰੋਕਿਆ। ਮੋਟਰ ਸਾਇਕਲ ਨੂੰ ਸਟੈਂਡ 'ਤੇ ਲਗਾ ਕੇ, ਉਹ ਸਕੂਲ ਦੇ ਪਿਛਵਾੜੇ ਗਿਆ ਤੇ ਸਕੂਲ ਦੀ ਕੰਧ ਵੱਲ੍ਹ ਨੂੰ ਪਿੱਠ ਕਰਕੇ ਪਿਸ਼ਾਬ ਕਰਨ ਹੀ ਲੱਗਾ ਸੀ ਕਿ ਉਸਦੀ ਨਿਗ੍ਹਾ ਕੁਝ ਦੂਰੀ 'ਤੇ ਬਣੇ ਮੰਦਰ 'ਤੇ ਪੈ ਗਈ। ਫਿਰ ਉਸਨੇ ਆਪਣੀ ਪਿੱਠ ਮੰਦਰ ਵੱਲ੍ਹ ਨੂੰ ਘੁੰਮਾ ਲਈ ਤੇ ਵਿੱਦਿਆ ਦੇ ਮੰਦਰ ਦੀ ਕੰਧ 'ਤੇ ਪਿਸ਼ਾਬ ਕਰਨ ਲੱਗ ਪਿਆ।

### ਅਸਲੀ ਹੀਰੇ

ਸਵੇਰੇ-ਸਵੇਰੇ ਆਪਣੇ ਦਰਾਂ ਮੂਹਰੇ ਖੜ੍ਹਕੇ ਅਖਬਾਰ ਪੜ੍ਹ ਰਹੇ ਨੋਜਵਾਨ ਜਗਤਾਰ ਸਿੰਘ ਨੂੰ ਗਲੀ 'ਚੋਂ ਲੰਘੇ ਜਾ ਰਹੇ ਬਜ਼ੁਰਗ ਨਛੱਤਰ ਸਿਉਂ ਨੇ ਕਿਹਾ,'ਭਤੀਜ, ਸੁਣਾ ਕੋਈ ਅੱਜ ਦੀ ਖਾਸ ਖਬਰ।' 'ਲਓ ਸੁਣ ਲੋ ਚਾਚਾ ਜੀ, ਜੋ ਇੰਗਲੈਂਡ ਵਾਲੇ ਆਪਣਾ ਹੀਰਾ ਲੈ ਗਏ ਸੀ। ਆਪਣੀ ਸਰਕਾਰ ਉਰਨੂੰ ਵਾਪਸ ਲਿਆਉਣ ਦੀ ਤਿਆਰੀ ਕਰ ਰਹੀ ਏ', ਜਗਤਾਰ ਸਿੰਘ ਨੇ ਬਿਨਾ ਅਖਬਾਰ ਵੱਲ੍ਹ ਦੇਖਿਆ ਪਹਿਲਾ ਹੀ ਪੜ੍ਹ ਚੁੱਕੀ ਖਬਰ ਫਟਾਫਟ ਬਜ਼ੁਰਗ ਨਛੱਤਰ ਸਿਉਂ ਨੂੰ ਸੁਣਾ ਦਿੱਤੀ। 'ਭਤੀਜ, ਆਪਣੇ ਅਸਲੀ ਹੀਰੇ ਤਾਂ ਨਸ਼ਿਆਂ ਦੀ ਦਲਦਲ 'ਚ ਧਸਦੇ ਜਾ ਰਹੇ ਨੇ ਸਰਕਾਰ ਨੂੰ ਹੀਰੇ ਦੀ ਪਈ ਆ। ਭਤੀਜ, ਜੇ ਸਰਕਾਰ ਹੀਰਿਆ ਵਰਗੀ ਜਵਾਨੀ ਨੂੰ ਸਾਂਭ ਲਵੇ ਤਾਂ ਇਨ੍ਹਾਂ ਦੀ ਬਦੌਲਤ ਅਜਿਹੇ ਅਨੇਕਾਂ ਕਮਾਏ ਜਾ ਸਕਦੇ ਨੇ। ਜੇ ਇਹ ਹੀਰੇ ਇਸੇ ਤਰ੍ਹਾਂ ਨਸ਼ਿਆਂ ਦੀ ਭੇਂਟ ਚੜ੍ਹਦੇ ਰਹੇ ਤਾਂ ਮੁੜ ਅਜਿਹੇ ਹੀਰੇ ਪੈਦਾ ਕਰਨੇ ਅਸੰਭਵ ਹੋ ਜਾਣਗੇ', ਏਨਾ ਕਹਿ ਬਜ਼ੁਰਗ ਨਛੱਤਰ ਸਿੰਘ ਤੁਰ ਪਿਆ।

### ਉਡੀਕ

'ਬਈ ਅਮਲੀਓ ਵੋਟ ਪੌਣ ਨ੍ਹੀ ਗਏ।' ਕਰਤਾਰੇ ਨੰਬਰਦਾਰ ਨੇ ਬੀੜੀ ਦਾ ਸੁਆਦ ਮਾਣ ਰਹੇ ਗਾਮੇ ਅਤੇ ਤੋਤੇ ਅਮਲੀ ਨੂੰ ਕਿਹਾ। ਤੋਤਾ ਅਮਲੀ ਮੂੰਹ 'ਚੋਂ ਧੂਆਂ ਛੱਡਦਾ ਬੋਲਿਆ, "ਪਾ ਆਉਨੇ ਆ ਲੰਬੜਦਾਰਾ ਪਹਿਲਾਂ ਆਪਣੇ ਕੋਟੇ ਤਾਂ ਫੁੱਲ ਕਰ ਲਈਏ, ਜੇ ਹੁਣੇ ਵੋਟ ਪਾ ਆਏ ਫੇਰ ਸਾਨੂੰ ਕੀਹਨੇ ਪੁੱ-ਛਣਾ''। ਦੋਵੇਂ ਅਮਲੀ ਦਰਵਾਜੇ ਵਿੱਚ ਬੈਠੇ ਉਮੀਦ-ਵਾਰਾਂ ਦੀ ਉਡੀਕ ਕਰ ਰਹੇ ਸਨ।

### ਸਵਾਰਥ

ਕਿਸਾਨ ਬਿਕਰਮ ਸਿਹੁੰ ਨੇ ਸਰਪੰਚੀ ਦੀਆਂ ਵੋਟਾਂ 'ਚ ਖੜ੍ਹੇ ਰਿਟਾਇਰ ਅਧਿਆਪਕ ਕਰਮ ਸਿੰਘ ਨਾਲ ਵਾਅਦਾ ਕੀਤਾ ਸੀ ਕਿ ਉਹ ਵੋਟ ਉਸਨੂੰ ਪਾਵੇਗਾ। ਪਰ ਅੱਜ ਜਦੋਂ ਵੋਟਾਂ ਪੈ ਰਹੀਆਂ ਸਨ ਤਾਂ ਬਿਕਰਮ ਸਿੰਹੁ ਨੇ ਮਾਸਟਰ ਦੇ ਬੂਥ 'ਤੋਂ ਪਰਚੀ ਲੈਣ ਦੀ ਬਜਾਏ ਦੂਜੇ ਬੂਥ ਜੋ ਪਟਵਾਰੀ ਨੇ ਲਗਾਇਆ ਹੋਇਆ ਸੀ ਜਿਸ ਦਾ ਮੁੰਡਾ ਵੋਟਾਂ 'ਚ ਖੜ੍ਹਾ ਸੀ, ਤੋਂ ਪਰਚੀ ਲੈ ਲਈ।

ਮਾਸਟਰ ਨੇ ਪਰਚੀ ਲੈਂਦੇ ਨੂੰ ਦੇਖ ਲਿਆ, ਜਦੋਂ ਬਿਕਰਮ ਸਿਹੁੰ, ਮਾਸਟਰ ਦੇ ਬੂਥ ਦੇ ਮੂਹਰੇ ਦੀ ਲੰਘਣ ਲੱਗਾ ਤਾਂ ਮਾਸਟਰ ਬੋਲਿਆ, "ਬਿਕਰਮ ਸਿਆਂ! ਸਾਈਆਂ ਕਿਤੇ ਤੇ ਵਧਾਈਆਂ ਕਿਤੇ''।

ਬਿਕਰਮ ਸਿਹੁੰ ਨੂੰ ਇਸ ਗੱਲ ਦਾ ਗੁੱਸਾ ਲੱਗਣਾ ਹੀ ਸੀ। ਜੇ ਉਹ ਕੁਝ ਨਾ ਬੋਲਦਾ ਤਾਂ ਬੂਥਾਂ 'ਤੇ ਖੜ੍ਹੇ ਲੋਕਾਂ ਸਾਹਮਣੇ ਉਸ ਨੇ ਤਾਂ ਮਿੱਟੀ ਹੋ ਜਾਣਾ ਸੀ। ਉਹ ਬੋਲਿਆ, "ਮਾਸਟਰਾ! ਮੈਂ ਤੇਰੇ ਤੋਂ ਕੀ ਲੈਣਾ, ਬਾਹਲੀ ਗੱਲ ਤੂੰ ਸਾਡਾ ਮੁੰਡਾ ਟਿਊਸ਼ਨ ਨ੍ਹੀ ਪੜ੍ਹਾਏਂਗਾ ਤਾਂ ਅਸੀਂ ਹੋਰ ਤੋਂ ਪੜ੍ਹਾਲਾਂਗੇ, ਪਰ ਜੇ ਪਟਵਾਰੀ ਨੇ ਸਾਡੀ ਜ਼ਮੀਨ ਈ ਉਲਟ-ਪੁਲਟ ਚਾੜ 'ਤੀ ਤਾਂ ਅਸੀਂ ਇਸ ਦੇ ਪੱਟੇ ਹੋਏ ਵਸਣ ਜੋਗੇ ਨ੍ਹੀ ਰਹਿਣਾ''।

# 52 ਫੀਸਦੀ ਓਬੀਸੀ.ਆਬਾਦੀ ਦੀ ਕੇਂਦਰੀ ਸੇਵਾਵਾਂ ਵਿਚ ਸਿਰਫ 1123 ਫੀਸਦੀ ਹਿੱਸੇਦਾਰੀ

**ਨਵੀਂ ਦਿੱਲੀ–** ਮੋਦੀ ਸਰਕਾਰ ਨੇ ਗਾਵਾਂ ਨੂੰ ਆਧਾਰ ਕਾਰਡ ਜਾਰੀ ਕਰਨ ਦੇ ਲਈ ਬਜਟ ਜਾਰੀ ਕਰ ਦਿੱਤਾ ਹੈ ਪਰ ਓਬੀਸੀ ਦੀ ਜਨਗਣਨਾਂ ਨੂੰ ਪ੍ਰਗਟ ਨਹੀਂ ਕੀਤਾ। ਦੇਸ਼ ਦੀ ਕੁੱਲ ਆਬਾਦੀ ਵਿਚ ਓਬੀਸੀ ਦੀ ਜਨਸੰਖਿਆ 60 ਪ੍ਰਤੀਸ਼ਤ ਤੋਂ ਜ਼ਿਆਦਾ ਹੈ ਪਰ ਡੀ. ਓ. ਪੀ. ਟੀ. 2011 ਦੀ ਰਿਪੋਰਟ ਮੁਤਾਬਕ ਕੇਂਦਰੀ ਸਰਕਾਰੀ ਸੇਵਾਵਾਂ ਵਿਚ ਓਬੀਸੀ ਦੀ ਹਿੱਸੇਦਾਰੀ ਸਿਰਫ 6.9 ਫੀਸਦੀ ਹੀ ਹੈ।

ਉਤਰ ਪ੍ਰਦੇਸ਼ ਦੇ ਲਖਨਊ ਵਿਚ ਇਕ ਸਮਾਰੋਹ ਦੌਰਾਨ ਇਹ ਅੰਕੜੇ ਜਾਰੀ ਕਰਦੇ ਹੋਏ ਮੋਸਟ ਬੈਕਵਾਰਡ ਕਲਾਸਿਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਡਾ. ਰਾਮ ਸੁਮਿਰਨ ਵਿਸ਼ਵਕਰਮਾ ਨੇ ਕੇਂਦਰ ਵਿਚ ਰਹੀਆਂ ਸਰਕਾਰਾਂ ’ਤੇ ਓਬੀ ਸੀ ਸਮਾਜ ਦੇ ਲੋਕਾਂ ਦੀ ਅਣਦੇਖੀ ਕੀਤੇ ਜਾਣ ਦੇ ਦੋਸ਼ ਲਗਾਏ। ਉਹਨਾਂ ਕਿਹਾ ਕਿ ਸਰਕਾਰੀ ਨੌਕਰੀਆਂ ਵਿਚ ਉਚੀਆਂ ਜਾਤੀਆਂ ਦੀ ਪ੍ਰਤੀਨਿਧਤਾ 76.8 ਫੀਸਦੀ, ਅਨੁਸੂਚਿਤ ਜਾਤੀਆਂ ਦੀ ਪ੍ਰਤੀਨਿਧਤਾ 11.5 ਫੀਸਦੀ ਅਤੇ ਜਨ ਜਾਤੀਆਂ ਦੀ ਪ੍ਰਤੀਨਿਧਤਾ 4.8 ਫੀਸਦੀ ਰਹੀ। ਡੀ. ਓ. ਪੀ. ਟੀ. 2014 ਦੇ ਮੁਤਾਬਕ ਓ. ਬੀ. ਸੀ. ਦਾ ਕੇਂਦਰੀ ਸੇਵਾਵਾਂ ਦੀ ਏ. ਬੀ., ਸੀ. ਅਤੇ ਡੀ. ਕੈਟੇਗਰੀ ਵਿਚ ਪ੍ਰਤੀਨਿਧਤਾ ਸਿਰਫ 11.23 ਫੀਸਦੀ ਸੀ। ਉਹਨਾਂ ਕਿਹਾ ਕਿ ਕੇਂਦਰੀ ਸੇਵਾਵਾਂ ਵਿਚ ਓ. ਬੀ. ਸੀ. ਨੂੰ ਕੇਵਲ 27 ਪ੍ਰਤੀਸ਼ਤ ਹੀ ਰਿਜ਼ਰਵੇਸ਼ਨ ਹੈ, ਜੋ ਉਹਨਾਂ ਦੀ ਜਨਸੰਖਿਆ ਦਾ ਅੱਧੇ ਵੀ ਨਹੀਂ ਹੈ।

ਓ. ਬੀ. ਸੀ. ਦੇ ਰਿਜ਼ਰਵੇਸ਼ਨ ’ਤੇ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਆਰ. ਐਸ. ਐਸ. ਮੁਖੀ ਮੋਹਨ ਭਾਗਵਤ, ਆਰ. ਐਸ. ਐਸ. ਪ੍ਰਚਾਰਕ ਡਾ. ਮਨਮੋਹਨ ਵੈਦ ਦੁਆਰਾ ਕਈ ਵਾਰ ਰਿਜ਼ਰਵੇਸ਼ਨ ਅਤੇ ਸੰਵਿਧਾਨ ਸਮੀਖਿਆ ਦੀ ਗੱਲ ਉਠਾਈ ਗਈ।

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅੰਤਰ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਪ੍ਰਵੀਨ ਤੋਗੜੀਆ ਦੁਆਰਾ ਬੀਤੇ ਦਿਨੀਂ ਉਜੈਨ ਵਿਚ ਭਾਰਤੀ ਸੰਵਿਧਾਨ ਖਤਮ ਕਰਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਨ ਦਾ ਮੁੱਦਾ ਉਠਾਇਆ ਗਿਆ ਜੋ ਭਾਰਤ ਦੀ ਲੋਕਤੰਤਰੀ ਪ੍ਰਣਾਲੀ ’ਤੇ ਖਤਰਾ ਪੈਦਾ ਕਰਨ ਵਾਲਾ ਹੈ। ਉਹਨਾਂ ਨੇ ਕਿਹਾ ਕਿ ਆਰ. ਐਸ. ਐਸ. ਦਾ ਜਨਮ ਅਤੇ ਵਿਕਾਸ ਹੀ ਰਿਜ਼ਰਵੇਸ਼ਨ ਵਿਵਸਥਾ ਦੇ ਵਿਰੋਧ ਵਿਚ ਹੋਇਆ ਹੈ। ਜਦੋਂ 1925 ਵਿਚ ਆਰ. ਐਸ. ਐਸ. ਦਾ ਨਾਗਪੁਰ ਵਿਚ ਗਠਨ ਹੋਇਆ ਤਾਂ 100 ਸਾਲ ਦੇ ਅੰਦਰ ਭਾਰਤ ਨੂੰ ਹਿੰਦੂ ਰਾਸ਼ਟਰ ਘੋਸ਼ਿਤ ਕਰਕੇ ਮਨੂੰ ਸੰਵਿਧਾਨ ਲਾਗੂ ਕਰਵਾਉਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ।

2018-19 ਵਿਚ ਜੇਕਰ ਪੱਛੜੇ-ਦਲਿਤ ਸਮਾਜ ਦੀ ਬੇਵਕੂਫੀ ਨਾਲ ਭਾਜਪਾ ਦੀ ਮੁੜ ਵਾਪਸੀ ਹੋ ਗਈ ਤਾਂ ਦੇਸ਼ ਦੇ ਲੋਕਤੰਤਰ ਲਈ ਖਤਰਾ ਪੈਦਾ ਹੋ ਜਾਵੇਗਾ। ਡਾ. ਵਿਸ਼ਵਕਰਮਾ ਨੇ ਕਿਹਾ ਕਿ ਸਮਾਜਿਕ ਅਤੇ ਸਿੱਖਿਆ ਪੱਖੋਂ ਪੱਛੜਿਆਂ ਨੂੰ ਹੀ ਓ. ਬੀ. ਸੀ. ਕਿਹਾ ਗਿਆ ਅਤੇ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ 52 ਫੀਸਦੀ ਓ. ਬੀ. ਸੀ. ਨੂੰ 27 ਪ੍ਰਤੀਸ਼ਤ ਰਿਜ਼ਰਵੇਸ਼ਨ ਦਿੱਤੀ ਗਈ। ਮੰਡਲ ਕਮਿਸ਼ਨ ਨੇ 11 ਸਿਫਾਰਸ਼ਾਂ ਕੀਤੀਆਂ ਸਨ ਪਰ ਹੁਣ ਤੱਕ ਕੇਵਲ ਦੋ ਸਿਫਾਰਸ਼ਾਂ ਹੀ ਮਾਮੂਲੀ ਤੌਰ ਤੇ ਲਾਗੂ ਕੀਤੀਆਂ ਗਈਆਂ ਹਨ। ਫਿਰ ਵੀ ਸਮਾਜਿਕ ਨਿਆਂ ਵਿਰੋਧ ਅਤੇ ਵਰਣ ਵਿਵਸਥਾ ਪੋਸ਼ਕਾਂ ਦੇ ਪੇਟ ਵਿਚ ਦਰਦ ਹੋ ਰਿਹਾ ਹੈ।

## ਚਮਾਰ ਰਜਿਮੈਂਟ ਦੇ ਸੈਨਿਕਾਂ ਨੂੰ ਮਿਲੇ ਸੁਤੰਤਰਤਾ ਸੰਗਰਾਮੀ ਦਾ ਦਰਜਾ-ਸ਼ਾਂਤ ਪ੍ਰਕਾਸ਼ ਜਾਟਵ

**ਨਵੀਂ ਦਿੱਲੀ–** ਅਖਿਲ ਭਾਰਤੀ ਹਿੰਦੂ ਜਾਟਵ ਮਹਾਂਸਭਾ ਦੇ ਪ੍ਰਧਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਸ਼ਾਂਤ ਪ੍ਰਕਾਸ਼ ਜਾਟਵ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਵੀਰ ਚਮਾਰ ਰਜਿਮੈਂਟ ਦੀ ਭਾਰਤੀ ਸੈਨਾ ਵਿਚ ਮੁੜ ਸਥਾਪਨਾ ਕੀਤੇ ਜਾਣ ਅਤੇ ਚਮਾਰ ਰਜਿਮੈਂਟ ਦੇ ਸ਼ਹੀਦ ਸੈਨਿਕਾਂ ਨੂੰ ਆਜ਼ਾਦੀ ਘੁਲਾਟੀਆਂ ਦਾ ਦਰਜਾ ਦਿੱਤੇ ਜਾਣ ਦੀ ਮੰਗ ਦੁਹਰਾਈ ਹੈ। ਜਾਟਵ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਪੱਤਰ ਵਿਚ ਲਿਖਿਆ ਕਿ ਚਮਾਰ ਰਜਿਮੈਂਟ ਨੇ 1942 ਵਿਚ ਅੰਗਰੇਜ਼ਾਂ ਦੇ ਖਿਲਾਫ ਬਗਾਵਤ ਕਰਕੇ ਸੁਭਾਸ਼ ਚੰਦਰ ਬੋਸ ਦੇ ਨਾਲ ਆਈ. ਐਨ. ਏ. ਵਿਚ ਸ਼ਾਮਲ ਹੋ ਕੇ ਅੰਗਰੇਜ਼ਾਂ ਦੇ ਖਿਲਾਫ ਯੁੱਧ ਕਰਦੇ ਹੋਏ ਉਹਨਾਂ ਦੇ ਦੰਦ ਖੱਟੇ ਕਰ ਦਿੱਤੇ ਸਨ, ਜਿਸ ਦੇ ਨਤੀਜੇ ਵਜੋਂ ਦੇਸ਼ ਵਿਚ ਵਿਦਰੋਹ ਦੀ ਲਹਿਰ ਉਠੀ ਅਤੇ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ।

ਉਸੇ ਦੌਰਾਨ ਅੰਗਰੇਜ਼ਾਂ ਨੇ ਸੁਭਾਸ਼ ਚੰਦਰ ਬੋਸ ਨੂੰ ਵਾਰ ਕ੍ਰਿਮੀਨਲ ਘੋਸ਼ਿਤ ਕੀਤਾ ਅਤੇ ਚਮਾਰ ਰਜਿਮੈਂਟ ’ਤੇ ਪਾਬੰਦੀ ਲਗਾ ਦਿੱਤੀ, ਜਿਸਦੀ ਭਾਰਤੀ ਫੌਜ ਵਿਚ ਮੁੜ ਬਹਾਲੀ ਲਈ ਉਹ ਮੰਗ ਕਰ ਰਹੇ ਹਨ। ਉਹਨਾਂ ਕਿਹਾ ਕਿ ਅਜਿਹੇ ਸੈਨਿਕ ਜੋ ਅੰਗਰੇਜ਼ਾਂ ਨਾਲ ਯੁੱਧ ਦੌਰਾਨ ਸ਼ਹੀਦ ਹੋਏ ਜਾਂ ਜਿਹਨਾਂ ਨੂੰ ਅੰਗਰੇਜ਼ਾਂ ਨੇ ਬਾਗੀ ਘੋਸ਼ਿਤ ਕਰਕੇ ਜੇਲ੍ਹਾਂ ਵਿਚ ਤਸੀਹੇ ਦਿੱਤੇ ਸਨ, ਅਜਿਹੇ ਸਾਰੇ ਸੈਨਿਕਾਂ ਨੂੰ ਰਾਜ ਸੈਨਿਕ ਬੋਰਡਾਂ ਦੁਆਰਾ ਸੂਚੀਬੱਧ ਕਰਵਾ ਕੇ ਆਜ਼ਾਦੀ ਘੁਲਾਟੀਏ ਦਾ ਦਰਜਾ ਦਿੱਤਾ ਜਾਵੇ।

## ਖਾਸ ਘਰਾਣਿਆਂ ਦੇ ਲੋਕ ਹੀ ਬਣਦੇ ਹਨ ਸੁਪਰੀਮ ਕੋਰਟ/ ਹਾਈ ਕੋਰਟਾਂ ਵਿਚ ਜੱਜ

**ਨਵੀਂ ਦਿੱਲੀ–** ਸਰਕਾਰ ਵਿਚ ਮਨੁੱਖੀ ਸਰੋਤ ਅਤੇ ਵਿਕਾਸ ਰਾਜ ਮੰਤਰੀ ਉਪਿੰਦਰ ਕੁਸ਼ਵਾਹਾ ਨੇ ਕਿਹਾ ਕਿ ਮੌਜੂਦਾ ਵਿਵਸਥਾ ਵਿਚ ਸਿਰਫ ਕੁਝ ਖਾਸ ਘਰਾਣਿਆਂ ਦੇ ਲੋਕ ਹੀ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਜੱਜ ਬਣ ਪਾਉਂਦੇ ਹਨ। ਜਦਕਿ ਆਮ ਪਰਿਵਾਰ ਦੇ ਵਿਅਕਤੀਆਂ ਲਈ ਦਰਵਾਜ਼ੇ ਬੰਦ ਹਨ। ਇਕ ਪ੍ਰੋਗਰਾਮ ਵਿਚ ਕੁਸ਼ਵਾਹਾ ਨੇ ਕਿਹਾ ਕਿ ਦਲਿਤ ਵਰਗ ਦੇ ਲੋਕ ਤਾਂ ਕੀ ਜੇਕਰ ਕੋਈ ਆਮ ਜਾਤੀ ਦਾ ਯੋਗ ਵਿਅਕਤੀ ਵੀ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਜੱਜ ਬਣਨਾ ਚਾਹੇ ਤਾਂ ਉਹ ਨਹੀਂ ਬਣ ਸਕਦਾ।ਉਹਨਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਅੱਜ ਤੱਕ ਕਰੀਬ 250-300 ਘਰਾਣੇ ਹਨ, ਜਿਹਨਾਂ ਦੇ ਲੋਕ ਹੀ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਜੱਜ ਬਣਦੇ ਆ ਰਹੇ ਹਨ। ਹੁਣ ਵੀ ਉਹਨਾਂ ਪਰਿਵਾਰਾਂ ਦੇ ਲੋਕ ਹੀ ਜੱਜ ਬਣ ਰਹੇ ਹਨ। ਆਮ ਲੋਕਾਂ ਦੇ ਲਈ ਦਰਵਾਜ਼ਾ ਬੰਦ ਹੈ। ਇਸ ਦਰਵਾਜੇ ਨੂੰ ਖੋਲ੍ਹਣਾ ਹੋਵੇਗਾ।

ਕੁਸ਼ਵਾਹਾ ਨੇ ਕਿਹਾ ਕਿ ਆਈ. ਏ. ਐਸ. ਅਤੇ ਆਈ. ਪੀ. ਐਸ. ਵਾਂਗ ਹੀ ਅਖਿਲ ਭਾਰਤੀ ਨਿਆਇਕ ਸੇਵਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਨੇ ਕਿਹਾ ਕਿ ਸਰਵ ਭਾਰਤੀ ਨਿਆਂਇਕ ਸੇਵਾ ਹੋਣੀ ਚਾਹੀਦੀ ਹੈ, ਇਹ ਸੰਵਿਧਾਨ ਵਿਚ ਵੀ ਲਿਖਿਆ ਹੈ ਪਰ ਅੱਜ ਤੱਕ ਉਸ ਵਿਚ ਕੁਝ ਨਹੀਂ ਹੋਇਆ।

ਕੁਸ਼ਵਾਹਾ ਨੇ ਕਿਹਾ ਕਿ ਸੰਵਿਧਾਨ ਵਿਚ ਜਿੰਨੀਆਂ ਗੱਲਾਂ ਲਿਖੀਆਂ ਗਈਆਂ ਹਨ, ਉਹਨਾਂ ਨੂੰ ਸੌ ਫੀਸਦੀ ਲਾਗੂ ਕਰਨਾ ਹੋਵੇਗਾ ਤਾਂ ਹੀ ਦਲਿਤ, ਪੱਛੜਿਆਂ, ਓ. ਬੀ. ਸੀ. ਅਤੇ ਔਰਤਾਂ ਦੀ ਸਥਿਤੀ ਬਿਹਤਰ ਬਣਾਈ ਜਾ ਸਕਦੀ ਹੈ। ਉਹਨਾਂ ਕਿਹਾ ਕਿ ਸੰਵਿਧਾਨ ਵਿਚ ਜੋ ਵਿਵਸਥਾ ਕੀਤੀ ਗਈ ਹੈ, ਉਹਨਾਂ ਸਭ ਨੂੰ ਪੂਰੀ ਤਰ੍ਹਾਂ ਲਾਗੂ ਅੱਜ ਤੱਕ ਨਹੀਂ ਕੀਤਾ ਜਾ ਸਕਿਆ।

## ਰਿਜ਼ਰਵੇਸ਼ਨ ਵਿਰੋਧੀਆਂ ਨੂੰ ਨਹੀਂ ਪਤਾ ਕਿ 10 ਸਾਲਾਂ ਬਾਅਦ ਕਿਹੜੀ ਰਿਜ਼ਰਵੇਸ਼ਨ ਖਤਮ ਕਰਨੀ ਸੀ

**ਲਖਨਊ (ਜਗਦੀਸ਼ ਰਾਏ ਘੋਤਰਾ)–** ਰਿਜ਼ਰਵੇਸ਼ਨ ਵਿਰੋਧੀ ਅਗਿਆਨੀ ਇੰਨਾ ਨਹੀਂ ਜਾਣਦੇ ਕਿ ਕਿਸ ਰਿਜ਼ਰਵੇਸ਼ਨ ਦੀ ਸੀਮਾ 10 ਸਾਲ ਸੀ। ਜੇਕਰ ਜਾਣਦੇ ਹੋ ਤਾਂ ਗਲਤ ਪ੍ਰਚਾਰ ਕਰਦੇ ਹਨ ਅਤੇ ਆਪਣੀ ਅਗਿਆਨਤਾ ਦਿਖਾਉਂਦੇ ਹਨ। ਰਾਜਨੀਤਿਕ ਤਾਕਤਾਂ ਨੇ ਸਿਰਫ ਵੋਟ ਬੈਂਕ ਦੇ ਲਈ ਭਾਰਤਦੀ ਜਨਤਾ ਨੂੰ ਇਹ ਜਾਨਣ ਹੀ ਨਹੀਂ ਦਿੱਤਾ ਕਿ ਰਿਜ਼ਰਵੇਸ਼ਨ ਸਿਰਫ10 ਸਾਲ ਦੇ ਲਈ ਹੀ ਨਹੀਂ।ਰਿਜ਼ਰਵੇਸ਼ਨ ਸਮਰਕਥ ਸਾਰੇਇਹ ਜਾਣ ਲੈਣ ਕਿ ਰਿਜ਼ਰਵੇਸ਼ਨ 10 ਸਾਲਾਂ ਦੇ ਲਈ ਕਦੀ ਵੀ ਨਹੀਂ ਸੀ। ਰਿਜ਼ਰਵੇਸ਼ਨ ਚਾਰ ਕਿਸਮ ਦੀ ਹੈ:

ਸਿਆਸੀ ਰਿਜ਼ਰਵੇਸ਼ਨ
ਰਿਜ਼ਰਵੇਸ਼ਨ ਇਨ ਐਜੂਕੇਸ਼ਨ
ਰਿਜ਼ਰਵੇਸ਼ਨ ਇਨ ਇੰਪਲਾਈਮੈਂਟ
ਰਿਜ਼ਰਵੇਸ਼ਨ ਇਨ ਪ੍ਰਮੋਸ਼ਨ

ਸੰਵਿਧਾਨ ਦੇ ਆਰਟੀਕਲ 330 ਅਨੁਸਾਰ ਲੋਕ ਸਭਾ ਵਿਚ ਅਤੇ ਅਨੁਛੇਦ 332 ਦੇ ਮੁਤਾਬਕ ਵਿਧਾਨ ਸਭਾ ਵਿਚ ਐਸ. ਸੀ/ ਐਸ. ਟੀ. ਨੂੰ ਰਿਜ਼ਰਵੇਸ਼ਨ ਪ੍ਰਾਪਤ ਹੈ ਅਤੇ ਅਨੁਛੇਦ 334 ਵਿਚ ਲਿਖਿਆ ਹੈ ਕਿ ਹਰੇਕ 10 ਸਾਲਾਂ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਵਿਚ ਮਿਲੀ ਰਿਜ਼ਰਵੇਸ਼ਨ ਦੀ ਸਮੀਖਿਆ ਹੋਵੇਗੀ ਅਤੇ ਇਹੀ ਉਹ ਆਰਟੀਕਲ ਹੈ ਜਿਸ ਦੀ ਗਲਤ ਫਹਿਮੀ ਸਾਰਿਆਂ ਨੂੰ ਹੈ।

ਸਾਰੇ ਲੋਕ ਜਾਣ ਲੈਣ ਕਿ ਇਹ ਸਰਾਸਰ ਝੂਠ ਹੈ ਕਿ ਰਿਜ਼ਰਵੇਸ਼ਨ ਸਿਰਫ 10 ਸਾਲਾਂ ਲਈਸੀ। ਹੁਣ ਦੂਜੇ, ਤੀਜੇ ਅਤੇ ਚੌਥੇ ਕਿਸਮ ਦੇ ਰਿਜ਼ਰਵੇਸ਼ਨ ਦੀ ਗੱਲ ਆਉਂਦੀ ਹੈ। ਅਨੁਛੇਦ 15 ਅਤੇ 15 ਜੋ ਕਿ ਮੌਲਿਕ ਸੰਵਿਧਾਨਕ ਅਧਿਕਾਰ ਹਨ, ਇਹਨਾਂ ਵਿਚ ਸ਼ਾਮਲ 15(4) ਅਤੇ 16(4) ਵਿਚ ਸਿੱਖਿਆ ਅਤੇ ਰੁਜ਼ਗਾਰ ਵਿਚ ਐਸ. ਸੀ./ ਐਸ. ਟੀ. ਨੂੰ ਰਿਜ਼ਰਵੇਸ਼ਨ ਦਿੱਤੀ ਗਈ ਹੈ ਅਤੇ ਜੋ ਮੌਲਿਕ ਅਧਿਕਾਰ ਹਨ, ਉਹਨਾਂ ਨੂੰ ਕੋਈ ਨਹੀਂ ਬਦਲ ਸਕਦਾ।

## ਸ਼੍ਰੋਮਣੀ ਅਕਾਲੀ ਦਲ ਐਸ.ਸੀ. ਵਿੰਗ ਦਾ ਵਫਦ ਕੌਮੀ ਪ੍ਰਧਾਨ ਗੁਲਜਾਰ ਸਿੰਘ ਰਣੀਕੇ ਨੂੰ ਮਿਲਿਆ

**ਫਗਵਾੜਾ (ਰੱਤੂ) –** ਸ਼੍ਰੋਮਣੀ ਅਕਾਲੀ ਦਲ ਐਸ.ਸੀ. ਵਿੰਗ ਦਾ ਇਕ ਵਫਦ ਦੋਆਬਾ ਜੋਨ ਦੇ ਇੰਚਾਰਜ ਦਰਸ਼ਨ ਸਿੰਘ ਕੋਟਕਰਾਰ ਖਾਂ ਦੀ ਅਗਵਾਈ ਹੇਠ ਵਿੰਗ ਦੇ ਕੌਮੀ ਪ੍ਰਧਾਨ ਗੁਲਜਾਰ ਸਿੰਘ ਰਣੀਕੇ ਨੂੰ ਮਿਲਿਆ। ਵਫਦ ਵਿਚ ਸ਼ਾਮਲ ਅਹੁਦੇਦਾਰਾਂ ਨੇ ਜਿੱਥੇ ਰਣੀਕੇ ਨੂੰ ਕੌਮੀ ਪ੍ਰਧਾਨ ਬਣਨ ਤੇ



ਗੁਲਦਸਤਾ ਭੇਂਟ ਕਰਕੇ ਸ਼ੁਭ ਇੱਛਾਵਾਂ ਭੇਂਟ ਕੀਤੀਆਂ ਉੱਥੇ ਹੀ ਪਾਰਟੀ ਅਤੇ ਵਿੰਗ ਦੀ ਚੜ੍ਹਦੀ ਕਲਾ ਲਈ ਵਿਚਾਰਾਂ ਵੀ ਹੋਈਆਂ। ਦਰਸ਼ਨ ਸਿੰਘ ਕੋਟਕਰਾਰ ਖਾਂ ਤੋਂ ਇਲਾਵਾ ਵਫਦ ਵਿਚ ਸ਼ਾਮਲ ਠੇਕੇਦਾਰ ਬਲਜਿੰਦਰ ਸਿੰਘ ਕੋਂਸਲਰ, ਐਸ.ਸੀ. ਵਿੰਗ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਅਤੇ ਸਮਾਜ ਸੇਵਕ ਰਜਿੰਦਰ ਘੇੜਾ ਨੇ ਦੱਸਿਆ ਕਿ ਕੌਮੀ ਪ੍ਰਧਾਨ ਨੇ ਐਸ.ਸੀ. ਵਿੰਗ ਫਗਵਾੜਾ ਦੀ ਟੀਮ ਵਲੋਂ ਕੀਤੀ ਜਾ ਰਹੀ ਪਾਰਟੀ ਦੀ ਮਜਬੂਤੀ ਸਬੰਧੀ ਮਿਹਨਤ ਨੂੰ ਸਰਾਹਿਆ ਅਤੇ ਭਰੋਸਾ ਜਤਾਇਆ ਕਿ ਅਗਾਂਹ ਵੀ ਫਗਵਾੜਾ ਟੀਮ ਇਸੇ ਲਗਨ ਨਾਲ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਦੀ ਰਹੇਗੀ ਤਾਂ ਜੋ 2019 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਇਤਿਹਾਸਕ ਜਿੱਤ ਹਾਸਲ ਕਰ ਸਕੇ। ਉਹਨਾਂ ਦੱਸਿਆ ਕਿ ਗੁਲਜਾਰ ਸਿੰਘ ਰਣੀਕੇ ਨੂੰ ਕੌਮੀ ਪ੍ਰਧਾਨ ਬਣਾਏ ਜਾਣ ਦੀ ਖੁਸ਼ੀ ਵਿਚ ਗੁਰੂ ਮਹਾਰਾਜ ਦਾ ਸ਼ੁਕਰਾਨਾ ਅਦਾ ਕਰਨ ਲਈ 20 ਦਸੰਬਰ ਨੂੰ ਗੁਰਦੁਆਰਾ ਸੁਖਚੈਨਆਣਾ ਸਾਹਿਬ ਫਗਵਾੜਾ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ।

ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਵਿਧਾਇਕ ਪਵਨ ਕੁਮਾਰ ਟੀਨੂੰ, ਡਾ. ਸੁਖਵਿੰਦਰ ਕੁਮਾਰ ਸੁੱਖੀ, ਪਾਰਟੀ ਦੇ ਕੌਮੀ ਜਨਰਲ ਸਕੱਤਰ ਸੋਹਨ ਸਿੰਘ ਠੰਡਲ ਤੋਂ ਇਲਾਵਾ ਦੋਆਬਾ ਦੀ ਸਮੁੱਚੀ ਲੀਡਰਸ਼ਿਪ ਸ਼ਾਮਲ ਹੋਵੇਗੀ। ਇਸ ਮੌਕੇ ਜੱਥੇਦਾਰ ਸਰੂਪ ਸਿੰਘ ਖਲਵਾੜਾ, ਸੋਹਨ ਸਿੰਘ ਵਾਹਦ ਦਿਹਾਤੀ ਪ੍ਰਧਾਨ, ਸਰਬਜੀਤ ਕੌਰ ਕੋਂਸਲਰ, ਬਲਬੀਰ ਸਿੰਘ ਪ੍ਰਧਾਨ ਯੂਥ ਵਿੰਗ, ਜਸਵਿੰਦਰ ਸਿੰਘ ਭਗਤਪੁਰਾ ਆਦਿ ਹਾਜਰ ਸਨ।

## ਐਸ.ਸੀ.ਐਸ.ਟੀ.ਸਬ ਪਲਾਨ ਐਕਟ ਬਣਾਉਣ ਦੀ ਲੋੜ-ਬਾਘਾ



**ਜਲੰਧਰ–** ਐਸ. ਸੀ. ਐਸ. ਟੀ. ਉਪ ਯੋਜਨਾ ਬਜਟ ਸਕੀਮ ਸਰਕਾਰ ਵਲੋਂ ਇਨ੍ਹਾਂ ਵਰਗਾਂ ਦੇ ਸਮਾਜਿਕ ਤੇ ਆਰਥਿਕ ਵਿਕਾਸ ਲਈ ਸ਼ੁਰੂ ਕੀਤੀ ਗਈ ਸੀ ਪਰ ਇਸ ਯੋਜਨਾ ਤਹਿਤ ਨਿਰਧਾਰਿਤ ਬਜਟ ਦੀ ਵਰਤੋਂ ਇਨ੍ਹਾਂ ਵਰਗਾਂ ਦੀ ਭਲਾਈ ਦੀ ਥਾਂ ਹੋਰਨਾਂ ਉਦੇਸ਼ਾਂ ਲਈ ਕੀਤੀ ਜਾ ਰਹੀ ਹੈ, ਜਿਸ ਨੂੰ ਰੋਕਣ ਲਈ ਸਬ ਪਲਾਨ ਐਕਟ ਬਣਾਏ ਜਾਣ ਦੀ ਲੋੜ ਹੈ। ਇਹ ਵਿਚਾਰ ਐਸ. ਸੀ. ਕਮਿਸ਼ਨ ਦੇ ਸਾਬਕਾ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਨੇ ਇੱਥੇ ਅਨੁਸੂਚਿਤ ਜਾਤੀ ਉਦਮੀ ਸ਼ਸ਼ਕਤੀਕਰਨ ਫੋਰਮ ਦੀ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪ੍ਰਗਟਾਏ । ਉਨ੍ਹਾਂ ਮੰਗ ਕੀਤੀ ਕਿ ਸਰਕਾਰ ਆਉਂਦੇ ਬਜਟ ਸੈਸ਼ਨ ’ਚ ਇਸ ਸਬੰਧੀ ਐਕਟ ਬਣਾਵੇ ਤਾਂ ਜੋ ਇਨ੍ਹਾਂ ਸ਼੍ਰੇਣੀਆਂ ਦੀ ਆਬਾਦੀ ਦੇ ਅਨੁਸਾਰ ਬਜਟ ਨਿਰਧਾਰਤ ਕੀਤਾ ਜਾ ਸਕੇ । ਉਨ੍ਹਾਂ ਦੱਸਿਆ ਕਿ ਇਸ ਸਬੰਧੀ ਫੋਰਮ ਵਲੋਂ ਇਕ ਦਸਤਖਤੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ ਤੇ ਰਾਜ ਦੇ ਸਾਰੇ ਸਮਾਜ ਸੇਵੀ ਸੰਗਠਨਾ ਦੇ ਸਹਿਯੋਗ ਨਾਲ 10 ਲੱਖ ਦਸਤਖਤਾਂ ਦਾ ਟੀਚਾ ਰੱਖਿਆ ਗਿਆ ਹੈ। ਹੁਣ ਤੱਕ ਫੌਰਮ ਵਲੋਂ ਪੂਰੇ ਪੰਜਾਬ ਵਿਚੋਂ 4.5 ਲੱਖ ਤੋਂ ਵੱਧ ਦਸਤਖਤ ਕਰਵਾਏ ਜਾ ਚੁੱਕੇ ਹਨ। ਇਸ ਮੌਕੇ ਜੀਵਨ ਸਿੰਘ, ਪ੍ਰੇਮਪਾਲ ਡੁਮੇਲੀ, ਭੁਪਿੰਦਰ ਕੁਮਾਰ, ਰਾਮ ਮੂਰਤੀ, ਪਿਆਰੇ ਲਾਲ, ਮਨਜੀਤ ਬਾਲੀ ਤੇ ਰਾਕੇਸ਼ ਸ਼ਾਂਤੀਦੂਤ ਆਦਿ ਵੀ ਮੌਜੂਦ ਸਨ।

# ਦੇਸ਼ ਭਗਤ ਕਮੇਟੀ ਨੇ ਗ਼ਦਰੀ ਬਾਬਿਆਂ ਦੇ ਮੇਲੇ ’ਤੇ ਮਾਰੀ ਪੜਚੋਲਵੀ ਝਾਤ

## ਸਾਹਿਤਕ ਸਭਿਆਚਾਰਕ ਸਰਗਰਮੀਆਂ ਦੀ ਲੜੀ ਤੋਰਨ ਦਾ ਲਿਆ ਫੈਸਲਾ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਪਰਿਵਾਰ ’ਚ ਅਣਥੱਕ ਸੇਵਾਵਾਂ ਅਰਪਣ ਕਰਨ ਵਾਲੇ ਸਦੀਵੀ ਵਿਛੋੜਾ ਦੇ ਗਏ ਬਾਬਾ ਚੂਹੜ ਸਿੰਘ ਬੱਜੋਂ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਅਰਪਿਤ ਕਰਨ ਨਾਲ ਹੋਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ ’ਚ ਗ਼ਦਰੀ ਬਾਬਿਆਂ ਦੇ 26ਵੇਂ ਮੇਲੇ ਤੇ ਪੜਚੋਲਵੀ ਨਜ਼ਰ ਮਾਰਦਿਆਂ ਇਹ ਸਿੱਟਾ ਕੱਢਿਆ ਕਿ ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਤਿੰਨ ਰੋਜ਼ਾ ਮੇਲਾ ਰੂਸੀ ਇਨਕਲਾਬ ਦੀ ਇਤਿਹਾਸਕ ਮਹੱਤਤਾ ਅਤੇ ਸਾਡੇ ਸਮਿਆਂ ਦੇ ਭਖ਼ਦੇ ਸਰੋਕਾਰਾ ਨੂੰ ਆਪਣੀਆਂ ਕਲਾ ਕਿਰਤਾਂ, ਤਕਰੀਰਾਂ ਅਤੇ ਵੰਨ-ਸੁਵੰਨੇ ਮੁਕਾਬਲਿਆਂ ਰਾਹੀਂ ਮੁਖ਼ਾਤਬ ਹੋਣ ’ਚ ਸਫ਼ਲ ਰਿਹਾ।

ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ’ਚ ਹੋਈ ਮੀਟਿੰਗ ’ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੇਲੇ ’ਚ ਪੇਸ਼ ਨਾਟਕਾਂ, ਗੀਤ-ਸੰਗੀਤ, ਕਵੀ ਦਰਬਾਰ, ਦਸਤਾਵੇਜ਼ੀ ਫ਼ਿਲਮਾਂ ਸ਼ੋਅ, ਝੰਡੇ ਦਾ ਗੀਤ, ਪੁਸਤਕ ਪਰਦਰਸ਼ਨੀ ਅਤੇ ਮੰਚ ਤੋਂ ਦਿੱਤੇ ਉਭਰਵੇਂ ਸੁਨੇਹੇ ਕਿਰਤੀ ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਬੇਰੁਜ਼ਗਾਰਾਂ ਮਿਹਨਤਕਸ਼, ਔਰਤਾਂ ਦੇ ਦਮ ਅਤੇ ਦੁੱਖੜੇ ਦੀ ਬਾਤ ਪਾਉਂਦੇ ਹੋਏ, ਰੂਸੀ ਕਰਾਂਤੀ ਤੋਂ ਰੌਸ਼ਨੀ ਲੈ ਕੇ ਉਹਨਾਂ ਦੀ ਮੁਕਤੀ ਦਾ ਮਾਰਗ ਉਭਾਰਨ ਵਿੱਚ ਮੇਲੇ ਨੇ ਆਪਣੀ ਬਣਦੀ ਇਤਿਹਾਸਕ ਭੂਮਿਕਾ ਅਦਾ ਕੀਤੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਚੇਚੇ ਤੌਰ ’ਤੇ ਮੇਲੇ ਨੂੰ ਸਫ਼ਲ ਕਰਨ ਲਈ ਲੋਕ-ਜੱਥੇਬੰਦੀਆਂ ਅਤੇ ਵਿਅਕਤੀਆਂ ਵੱਲੋਂ ਦਿੱਤੇ ਭਰਵੇਂ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਸਭਿਆਚਾਰਕ ਵਿੰਗ ਦੀ ਵਿਸ਼ਾਲ ਮੀਟਿੰਗ ਵੱਲੋਂ ਆਏ ਸੁਝਾਵਾਂ ਨੂੰ ਪ੍ਰਵਾਨ ਕਰਦਿਆਂ ਕਮੇਟੀ ਨੇ ਸਾਲ ਭਰ ਨਿਰੰਤਰ ਸਾਹਿਤਕ/ਸਭਿਆਚਾਰਕ ਸਰਗਰਮੀਆਂ ਦੀ ਲੜੀ ਜਾਰੀ ਰੱਖਣ ਅਤੇ ਅਗਲੇ ਮੇਲੇ ਨੂੰ ਹੋਰ ਵੀ ਮਿਆਰੀ ਬਣਾਉਣ ਲਈ ਉਹਨਾਂ ਸਰਗਰਮੀਆਂ ਅਤੇ ਜਨਤਕ ਸਾਹਿਤਕ ਦਾ ਕੜੀ-ਜੋੜ ਬਣਾਉਣ ਦਾ ਫੈਸਲਾ ਲਿਆ। ਕਮੇਟੀ ਨੇ ਕਵੀ ਅਮਰਜੀਤ ਚੰਦਨ ਵੱਲੋਂ ਭੇਜੀਆਂ ਮੁਸਲਮਾਨ ਭਾਈਚਾਰੇ ’ਚ ਜਨਮੇ ਭੁੱਲੇ ਵਿਸਰੇ ਇਨਕਲਾਬੀ ਦੇਸ਼ ਭਗਤ ਆਜ਼ਾਦੀ ਸੰਗਰਾਮੀਆਂ ਦੀ ਤਸਵੀਰਾਂ ਭੇਜਣ ’ਤੇ ਉਨ੍ਹਾਂ ਦਾ ਧੰਨਵਾਦ ਵੀ ਕੀਤਾ ਅਤੇ ਤੁਰੰਤ ਅਜ-ਾਇਬਘਰ ਵਿੱਚ ਸਸ਼ੋਭਿਤ ਕਰਨ ਦਾ ਫੈਸਲਾ ਵੀ ਲਿਆ।

ਕਮੇਟੀ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਨੇ ਪੰਜਾਬੀ ਟ੍ਰਿਬਿਊਨ ਦੇ ਬੰਗਾ ਤੋਂ ਪੱਤਰ ਪ੍ਰੇਰਕ ਸੁਰਜੀਤ ਮਜਾਰੀ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਇੱਕ ਉੱਚ ਅਧਿਕਾਰੀ ਵੱਲੋਂ ਬੇਅਦਬੀ ਕਰਨ ਦੀ ਖ਼ਬਰ ਲਾਏ ਜਾਣ ’ਤੇ ਪੰਜਾਬ ਸਰਕਾਰ ਵੱਲੋਂ ਉਸ ਅਧਿਕਾਰੀ ਨੂੰ ਦਿੱਤੀ ਸਜ਼ਾ ਦੇ ਬਾਵਜੂਦ ਪੱਤਰ ਪ੍ਰੇਰਕ ਨੂੰ ਮਾਨਸਿਕ ਤੌਰ ’ਤੇ ਪਰੇਸ਼ਾਨ ਕਰਨ ਅਤੇ ਝੂਠੇ ਕੇਸ ਵਿੱਚ ਉਲਝਾਉਣ ਦੀ ਜ਼ੋਰਦਾਰ ਨਿੰਦਾ ਕਰਦਿਆਂ ਜਮਹੂਰੀਅਤ, ਇਨਸਾਫ਼ਪਸੰਦ ਜਥੇਬੰਦੀਆਂ ਅਤੇ ਪੱਤਰਕਾਰ ਭਾਈਚਾਰੇ ਨੂੰ ਸੁਰਜੀਤ ਮਜਾਰੀ ਦੇ ਹੱਕ ਵਿੱਚ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

**ਜਾਰੀ ਕਰਤਾ: ਅਮੋਲਕ ਸਿੰਘ, 94170 76735**

# ਮਸੀਹੀ ਸੰਸਾਰ ਤੋਂ

# ਈਸਾਈਅਤ ਕਿੱਧਰ ਜਾ ਰਹੀ ਹੈ?



ਫਰੈਡੀ ਜੋਜ਼ਫ

25 ਦਸੰਬਰ ਨੂੰ ਵਿਸ਼ਵ ਪ੍ਰਭੂ ਯਿਸੂ ਦਾ 2017 ਵਾਂ ਜਨਮ ਦਿਨ ਮਨਾਇਆ ਜਾ ਰਿਹਾ ਹੈ। ਪ੍ਰਭੂ ਯਿਸੂ ਤੋਂ ਆਪਣੇ ਜੀਵਨ ਦਾ ਸੁੱਖ ਅਰਾਮ ਅਤੇ ਆਪਣੀਆਂ ਜਾਨਾਂ ਵਾਰਨ ਵਾਲੇ ਈਸਾਈ ਮਿਸ਼ਨਰੀ ਨਾ ਹੁੰਦੇ ਤਾਂ ਸੰਸਾਰ ਅੱਜ ਵੀ ਬਹੁਤ ਪਛੜਿਆ ਹੁੰਦਾ ਅਤੇ ਇਹ ਇਨਸਾਨਾਂ ਦੇ ਰਹਿਣ ਵਾਲਾ ਥਾਂ ਨਾ ਹੁੰਦਾ। ਈਸਾਈ ਮਿਸ਼ਨਰੀਆਂ ਦੀਆਂ ਮਹਾਨ ਕੁਰਬਾਨੀਆਂ ਸਦਕਾ ਜੰਗਲਾਂ ਵਿੱਚ ਹਜ਼ਾਰਾਂ ਸਾਲਾਂ ਤੋਂ ਖੂੰ-ਖ਼ਾਰ ਪਸ਼ੂਆਂ ਨਾਲ ਰਹਿੰਦੇ ਰਹਿੰਦੇ ਇਨਸਾਨ ਪਸ਼ੂਆਂ ਵਰਗਾ ਜੀਵਨ ਜੀਉਣ ਲੱਗ ਪਏ ਸਨ। ਭਾਰਤ ਵਿੱਚ ਸ਼ੂਦਰ ਨੂੰ ਹਜ਼ਾਰਾਂ ਸਾਲ ਪਸ਼ੂਆਂ ਨਾਲੋਂ ਬੱਦਤਰ ਜ਼ਿੰਦਗੀ ਜੀਉਣੀ ਪਈ ਬਲਕਿ ਇਹ ਕਹਿਣਾ ਚਾਹੀਦਾ ਹੈ ਕਿ ਨਰਕ ਦਾ ਭੱਠ ਝੋਕਣਾ ਪਿਆ। ਈਸਾਈ ਮਿਸ਼ਨਰੀਆਂ ਨੇ ਆਪਣੀਆਂ ਜਾਨਾਂ ਤੇ ਖੇਲ ਕੇ ਇਨ੍ਹਾਂ ਨੂੰ ਇਨਸਾਨਾਂ ਵਾਲਾ ਜੀਵਨ ਜੀਉਣਾ ਸਿਖਾਇਆ। ਅੱਜ ਜੰਗਲਾਂ ਵਿੱਚ ਰਹਿਣ ਵਾਲੇ ਇਹ ਲੋਕ ਸੰਸਾਰ ਦੀਆਂ ਉਨੱਤ ਕੌਮਾਂ ਵਿੱਚ ਵਿਚਰ ਰਹੇ ਹਨ ਅਤੇ ਵੱਖ ਵੱਖ ਖੇਤਰਾਂ ਵਿੱਚ ਉਤਮ ਦਰਜੇ ਪ੍ਰਾਪਤ ਕਰ ਰਹੇ ਹਨ। ਸੰਖੇਪ ਵਿੱਚ ਇਹ ਕਹਿ ਸਕਦੇ ਹਾਂ ਕਿ ਪ੍ਰੋਟੈਸਟੈਂਟ ਇਨਕਲਾਬ ਨੇ ਹੀ ਇਸ ਸੰਸਾਰ ਨੂੰ ਖ਼ੂਬਸੂਰਤ ਅਤੇ ਇਨਸਾਨ ਦੇ ਰਹਿਣ ਯੋਗ ਬਣਾਇਆ।

ਸੰਸਾਰ ਵਿੱਚ ਅੱਜ ਅਜਿਹੇ 164 ਦੇਸ਼ ਹਨ ਜਿਨਾਂ ਨੂੰ ਈਸਾਈ ਦੇਸ਼ ਕਿਹਾ ਜਾਂਦਾ ਹੈ। ਇਹ ਦੇਸ਼ ਸੰਸਾਰ ਭਰ ਤੇ ਸਰਵਉਨਤ ਦੇਸ਼ ਕਹੇ ਜਾਂਦੇ ਹਨ। ਅੱਜ ਈਸਾਈਆਂ ਲਈ ਕੁਝ ਵਿਚਾਰ ਕਰਨ ਵਾਲੀਆਂ ਗੱਲਾਂ ਹਨ (1) ਤਿੰਨ ਸਾਲ ਪਹਿਲਾਂ ਤੱਕ ਈਸਾਈ ਧਰਮ ਸੰਸਾਰ ਤੇ ਗਿਣਤੀ ਦੇ ਪੱਖੋਂ ਸਭ ਤੋਂ ਵੱਡੀ ਆਬਾਦੀ ਵਾਲਾ ਧਾਰਮਿਕ ਫਿਰਕਾ ਸੀ ਜੋ ਅੱਜ ਆਪਣੇ ਪਹਿਲੇ ਦਰਜੇ ਤੋਂ ਖਿਸਕ ਕੇ ਦੂਸਰੇ ਨੰਬਰ ਤੇ ਆ ਗਿਆ ਹੈ। ਪਹਿਲੇ ਦਰਜੇ ਤੇ ਮੁਸਲਮਾਨ ਆ ਗਏ ਹਨ।

(2) ਕਰੋੜਾਂ ਈਸਾਈ ਦੂਸਰੇ ਧਰਮਾਂ ਵਿੱਚ ਚਲੇ ਗਏ ਹਨ (3) ਬਹੁਤ ਸਾਰੇ ਦੇਸ਼ ਅੱਜ ਆਪਣੇ ਆਪ ਨੂੰ ਈਸਾਈ ਦੇਸ਼ ਨਹੀਂ ਸੈਕੁਲਰ ਦੇਸ਼ ਕਹਾਉਂਦੇ ਹਨ (4) ਇੰਗ-ਲੈਂਡ, ਅਮਰੀਕਾ, ਫਰਾਂਸ ਤੇ ਆਸਟਰੇਲੀਆ ਵਰਗੇ ਦੇਸ਼ਾਂ ਦੇ ਬਹੁਤ ਸਾਰੇ ਗਿਰਜਿਆਂ ਵਿੱਚ ਅੱਜ ਉਲੂ ਬੋਲ ਰਹੇ ਹਨ

(5) ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਆਦਿ ਦੇਸ਼ਾਂ ਦੇ ਈਸਾਈ ਅੱਜ ਹਰ ਪਖੋਂ ਪਛੜੇ ਨਜ਼ਰ ਆ ਰਹੇ ਹਨ। ਇੰਨ੍ਹਾਂ ਦੇਸ਼ਾਂ ਵਿੱਚ ਜੀਵਨ ਦੇ ਕਿਸੇ ਖੇਤਰ ਦਾ ਕੋਈ ਮਾਹਿਰ ਨਹੀਂ ਹਨ। ਈਸਾਈ ਕੌਮ ਦਾ ਕੋਈ ਵੀ ਰੰਗ ਇੰਨ੍ਹਾਂ ਵਿੱਚ ਵਿਖਾਈ ਨਹੀਂ ਦਿੰਦਾ।

ਅੱਜ ਜਦਕਿ ਅਸੀਂ ਆਪਣੇ ਮੁਕਤੀਦਾਤਾ ਪ੍ਰਭੂ ਯਿਸੂ ਦਾ 2017ਵਾਂ ਜਨ ਦਿਨ ਮਨਾਉਣ ਜਾ ਰਹੇ ਹਾਂ ਕੀ ਈਸਾਈ ਅੱਜ ਦੀ ਇਸ ਕੌੜੀ ਹਕੀਕਤ ਬਾਰੇ ਵਿਚਾਰ ਕਰਨਗੇ?

## ਪੰਜਾਬ ਦੇ ਮੁਹਤਬਰ ਈਸਾਈਆਂ ਵਲੋਂ ਸੰਘਾ ਕਾਂਡ ਦੇ ਦੋਸ਼ੀਆਂ ਵਿਰੁਧ ਕੇਸ ਵਾਪਿਸ ਲੈਣ ਦੀ ਅਪੀਲ

**ਜਲੰਧਰ** – ਪੰਜਾਬ ਦੇ 50 ਤੋਂ ਵੱਧ ਮੋਹਤਬਰ ਈਸਾਈਆਂ ਨੇ ਸ਼੍ਰੀ ਸਟੀਫਨ ਭੱਟੀ ਨੂੰ ਅਪੀਲ ਕੀਤੀ ਹੈ ਕਿ ਉਹ ਸੰਘਾ ਕਾਂਡ ਨਾਲ ਸਬੰਧਤ ਪਰਮਜੀਤ ਸਿੰਘ ਅਕਾਲੀ ਤੇ ਉਨ੍ਹਾਂ ਦੇ ਸਾਥੀਆਂ ਵਿਰੁਧ ਅਦਾਲਤ ਵਿੱਚ ਚਲ ਰਿਹਾ ਕੇਸ ਵਾਪਸ ਲੈ ਲੈਣ ਕਿਉਂਕਿ ਪਰਮਜੀਤ ਸਿੰਘ ਅਕਾਲੀ ਵਲੋਂ ਆਪਣੇ ਸਤਿਗੁਰ ਅੱਗੇ ਆਪਣੀ ਗਲਤੀ ਤੇ ਪਛਤਾਵਾ ਕਰ ਲੈਣ ਪਿਛੋਂ ਇਸ ਕੇਸ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।

ਈਸਾਈਆਂ ਨੂੰ ਬਦਲਾ ਨਾ ਲੈਣ ਦਾ ਹੁਕਮ ਹੈ ਬਲਕਿ ਆਪਣੇ ਸਤਾਉਣ ਵਾਲਿਆਂ ਲਈ ਦੁਆ ਕਰਨ ਦਾ ਹੁਕਮ ਹੈ। ਸੰਘਾ ਕਾਂਡ ਇੱਕ ਬਹੁਤ ਗੰਭੀਰ ਘਟਨਾ ਸੀ ਪਰ ਇਸ ਮਸਲੇ ਤੇ ਵੀ ਈਸਾਈਆਂ ਵਿੱਚ ਕੋਈ ਏਕਤਾ ਨਹੀਂ ਹੋਈ। ਨੱਥੂ ਖੈਰਾ ਟਾਈਪ ਈਸਾਈ ਨੇਤਾ ਆਪੋ ਆਪਣੀ ਲੀਡਰੀ ਚਮਕਾਉਣ ਵਿੱਚ ਲੱਗੇ ਰਹੇ ਜਿਸ ਕਾਰਣ ਸ਼੍ਰੀ ਸਟੀਫਨ ਇੱਕਲੇ ਪੈ ਗਏ।

ਉਨ੍ਹਾਂ ਨੂੰ ਅਪੀਲ ਕਰਨ ਵਾਲੇ ਪੰਜਾਬ ਦੇ ਮੁਹਤਬਰ ਈਸਾਈਆਂ ਵਿੱਚ ਸ਼ਾਮਲ ਹਨ- ਯੂਨਸ ਮਸੀਹ ਜ. ਸਕੱਤਰ ਮਸੀਹੀ ਦਲ, ਫਰੈਡੀ ਜੋਜ਼ਫ ਮੁਖ ਸੰਪਾਦਕ ਮਸੀਹੀ ਸੰਸਾਰ, ਸ਼੍ਰੀ ਪ੍ਰੇਮ ਪ੍ਰਧਾਨ ਜਲੰਧਰ, ਪਟਿਆਲਾ ਤੋਂ ਬਿਸ਼ਪ ਦਲੀਪ ਕੁਮਾਰ, ਪਾਸਟਰ ਯੂਨਸ ਮਸੀਹ, ਮਾਨਸਾ ਤੋਂ ਪਾਸਟਰ ਗੁਰਤੇਜ ਸਿੰਘ, ਸ਼੍ਰੀ ਖੁਸ਼ਹਾਲ ਮਸੀਹ, ਸੰਗਰੂਰ ਤੋਂ ਪਾਸਟਰ ਜਰਨੈਲ ਸਿੰਘ, ਪਾਸਟਰ ਬਲਵਿੰਦਰ ਸਿੰਘ, ਫਿਰਜ਼ੋਪੁਰ ਤੋਂ ਰੈਵ. ਅਲੀਸ਼ ਚੌਹਾਨ, ਸ਼੍ਰੀ ਸਾਇਰਾ ਭੱਟੀ, ਮੁਕਤਸਰ ਤੋਂ ਸ਼੍ਰੀ ਸੰਜੀਵ ਭੋਲਾ ਸਿੰਘ, ਸ਼੍ਰੀ ਤਰਸੇਮ, ਪਠਾਨਕੋਟ ਤੋਂ ਸ਼੍ਰੀ ਇਮਾਨੂੰਏਲ ਮਸੀਹ ਅਤੇ ਪੱਪੂ, ਕਪੂਰਥਲਾ ਤੋਂ ਰੈਵਰੈਂਡ ਜਸਟਿਨ ਮਸੀਹ, ਸ਼੍ਰੀ ਇਮਾਨੂੰਏਲ, ਹੁਸ਼ਿਆਰਪੁਰ ਤੋਂ ਸ਼੍ਰੀ ਰਿੰਕਾ ਮਸੀਹ ਅਤੇ ਸੈਮੁਏਲ ਮਸੀਹ, ਅੰਮ੍ਰਿਤਸਰ ਤੋਂ ਸ਼੍ਰੀ ਫਿਲਪ ਮੱਲ, ਸ਼੍ਰੀ ਥੋਮਸ ਗਿੱਲ, ਗੁਰਦਾਸਪੁਰ ਤੋਂ ਰਤਨ ਹੰਸ, ਪਾਸਟਰ ਅਮਰਜੀਤ ਸਿੰਘ, ਲੁਧਿਆਣਾ ਤੋਂ ਸ਼੍ਰੀ ਮਨੋਹਰ ਮਸੀਹ, ਸੈਮੁਏਲ ਮਸੀਹ, ਸ਼੍ਰੀ ਸਲਾਮਤ ਮਸੀਹ ਪ੍ਰਧਾਨ ਮਸੀਹ ਦਲ ਲੋਕ ਸ਼ਕਦੀ, ਮੋਰਿਸ ਭੱਟੀ ਪੱਤਰਕਾਰ, ਸ਼੍ਰੀ ਤਰਸੇਮ ਟੈਰੀ ਸਾਹਿਬ।

## ਪੇਸ਼ਗੀ ਮਨਜ਼ੂਰੀ ਲੈਣੀ ਜ਼ਰੂਰੀ ਕਰਾਰ

ਰਾਜਸਥਾਨ ਦੀ ਭਾਜਪਾ ਸਰਕਾਰ ਨੇ ਘਟਗਿਣਤੀਆਂ ਵਿਰੋਧੀ ਇਹ ਬਿਲ ਪਾਸ ਕੀਤਾ ਹੈ ਕਿ ਧਰਮ ਬਦਲਣ ਲਈ ਰਾਜ ਦੇ ਲੋਕਾਂ ਨੂੰ ਡੀ.ਸੀ. ਤੋਂ ਪੇਸ਼ਗੀ ਮਨਜ਼ੂਰੀ ਲੈਣੀ ਪਵੇਗੀ। ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ 5 ਸਾਲ ਦੀ ਕੈਦ ਹੋ ਸਕੇਗੀ। ਇਹ ਬਿੱਲ ਰਾਸ਼ਟਰਪਤੀ ਨੂੰ ਮਨਜ਼ੂਰੀ ਲਈ ਭੇਜ ਦਿੱਤਾ ਗਿਆ ਹੈ। ਰਾਸ਼ਟਰਪਤੀ ਕਿਉਂਕਿ ਭਾਜਪਾ ਦੇ ਹੀ ਬਣਾਏ ਹੋਏ ਹਨ ਇਸ ਕਰਕੇ ਇਸ ਬਿੱਲ ਦੀ ਮਨਜ਼ੂਰੀ ਮਿਲਣੀ ਤੈਅ ਹੈ ਅਤੇ ਜਲਦ ਹੀ ਇਹ ਕਾਨੂੰਨ ਰਾਜਸਥਾਨ ਵਿੱਚ ਲਾਗੂ ਹੋ ਜਾਵੇਗਾ।

ਇਥੇ ਵਰਣਨਯੋਗ ਹੈ ਕਿ ਧਰਮ ਪਰਿਵਰਤਨ ਰਾਜਾਸ਼ਾਹੀ ਕਾਲ ਦਾ ਵਿਸ਼ਾ ਹੈ ਜਦਕਿ ਰਾਜੇ ਦਾ ਧਰਮ ਹੀ ਪਰਜਾ ਦਾ ਧਰਮ ਹੁੰਦਾ ਸੀ ਅਰਥਾਤ ਰਾਜੇ ਦੇ ਧਰਮ ਨੂੰ ਹੀ ਜਨਤਾ ਦਾ ਧਰਮ ਮੰਨਿਆ ਜਾਂਦਾ ਸੀ। ਰਾਜਾ ਆਪਣੇ ਦੇਸ਼ ਵਿੱਚ ਕਿਸੇ ਨੂੰ ਆਪਣੇ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਨੂੰ ਮੰਨਣ ਦੇਵੇ ਜਾਂ ਨਾ ਇਹ ਉਸਦੀ ਮਰਜ਼ੀ ਉੱਤੇ ਅਧਾਰਿਤ ਸੀ। ਅਜੇਹੀਆਂ ਮਿਸਾਲਾਂ ਵੀ ਇਤਿਹਾਸ ਵਿੱਚ ਮਿਲਦੀਆਂ ਹਨ ਜਦ ਰਾਜੇ ਨੂੰ ਆਪਣੇ ਰਾਜ ਵਿੱਚ ਰਹਿਣ ਵਾਲੇ ਲੋਕਾਂ ਨੂੰ ਆਪਣਾ ਧਰਮ ਮੰਨਣ ਲਈ ਮਜਬੂਰ ਕੀਤਾ ਅਰਥਾਤ ਉਨ੍ਹਾਂ ਦਾ ਜਬਰੀ ਧਰਮ ਪਰਿਵਰਤਨ ਕੀਤਾ। ਅਤੇ ਨਾ ਮੰਨਣ ਵਾਲਿਆਂ ਦੇ ਸਿਰ ਕਲਮ ਕਰ ਦਿੱਤੇ ਪਰ ਲੋਕਤੰਤਰ ਅਤੇ ਖਾਸ ਕਰਕੇ ਸੈਕੁਲਰਿਜ਼ਮ ਵਾਲੇ ਦੇਸ਼ਾਂ ਵਿੱਚ ਲੋਕਾਂ ਨੂੰ ਆਪਣੀ ਮਰਜ਼ੀ ਦਾ ਧਰਮ ਅਪਨਾਉਣ ਦੀ ਅਜ਼ਾਦੀ ਹੁੰਦੀ ਹੈ। ਕਾਨੂੰਨ ਨੂੰ ਲੋਕਾਂ ਦੇ ਧਰਮ ਉਤੇ ਕੋਈ ਅਧਿਕਾਰ ਨਹੀਂ ਹੁੰਦਾ ਪਰ ਦੁੱਖ ਦੀ ਗੱਲ ਹੈ ਕਿ ਭਾਰਤ ਵਿੱਚ ਫਿਰਕਾਪ੍ਰਸਤ ਤਾਕਤਾਂ ਲੋਕਾਂ ਦੇ ਧਰਮ ਨੂੰ ਕੰਟਰੋਲ ਕਰ ਰਹੀਆਂ ਹਨ।

## ਯਹੂਦੀ ਧਰਮ ਅਤੇ ਸਿੱਖ ਧਰਮ ਵਿੱਚ ਸਮਾਨਤਾ

(1) ਯਹੂਦੀਆਂ ਦੀ ਧਾਰਮਿਕ ਆਸਥਾ ਦਾ ਸੁਪਰੀਮ ਕੇਂਦਰ ਯਰੂਸ਼ਲਮ ਹੈ ਜਦਕਿ ਸਿੱਖਾਂ ਦੀ ਧਾਰਮਿਕ ਆਸਥਾ ਦਾ ਸੁਪਰੀਮ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਹੈ।

(2) ਯਹੂਦੀਆਂ ਦਾ ਪ੍ਰਮੁਖ ਧਾਰਮਿਕ ਗ੍ਰੰਥ ਪਵਿੱਤਰ ਬਾਈਬਲ ਦਾ ਪੁਰਾਣਾ ਨੇਮ ਹੈ ਜਦਕਿ ਉਨ੍ਹਾਂ ਵਾਂਗ ਹੀ ਸਿੱਖਾਂ ਦਾ ਪ੍ਰਮੁਖ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

(3) ਰਾਤ ਨੂੰ ਜਿਸ ਤਰ੍ਹਾਂ ਯਹੂਦੀ ਆਪਣੇ ਸੁਪਰੀਮ ਧਾਰਮਿਕ ਗ੍ਰੰਥ ਨੂੰ ਵਿਸ਼ੇਸ਼ ਸੁਖ ਆਸਨ ਵਿੱਚ ਰੱਖਦੇ ਸਨ। ਇਸੇ ਤਰ੍ਹਾਂ ਹੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੋਠਾ ਸਾਹਿਬ ਨਾਂ ਦੇ ਸੁੱਖ ਸਥਾਨ ਵਿੱਚ ਰੱਖਦੇ ਹਨ।

(4) ਯਹੂਦੀ ਇੱਕ ਖੁਦਾ ਦੀ ਪ੍ਰਸਤਸ਼ ਕਰਦੇ ਹਨ ਜਦਕਿ ਸਿੱਖ ਵੀ ਇੱਕ ਖੁਦਾ ਦੀ ਹੀ ਪ੍ਰਸਤਿਸ਼ ਕਰਦੇ ਹਨ

(5) ਯਹੂਦੀਆਂ ਦੇ 12 ਕਬੀਲੇ ਸਨ ਜਦਕਿ ਸਿੱਖਾਂ ਦੀਆਂ 12 ਮਿਸਲਾਂ ਹਨ।

(6) ਯਹੂਦੀਆਂ ਦਾ ਇੱਕ ਸੁਪਰੀਮ ਰਾਜਨੀਤਕ ਆਗੂ ਯਾਨੀ ਰਾਜਾ ਦਾਊਦ ਨੂੰ ਮੰਨਿਆ ਜਾਂਦਾ ਹੈ ਉਸੇ ਤਰ੍ਹਾਂ ਹੀ ਸਿੱਖ ਮਹਾਰਾਜਾ ਰਣਜੀਤ ਸਿੰਘ ਨੂੰ ਇਹੋ ਜਹੀ ਮਾਨਤਾ ਦਿੰਦੇ ਹਨ।

(7) ਯਹੂਦੀ ਆਪਣੀ ਬਹਾਦਰੀ ਲਈ ਵਿਸ਼ਵ ਭਰ ਵਿੱਚ ਜਾਣੇ ਜਾਂਦੇ ਹਨ ਜਦਕਿ ਸਿੱਖਾਂ ਦੀ ਬਹਾਦਰੀ ਵੀ ਅੰਤਰ ਰਾਸ਼ਟਰੀ ਪਧਰ ਤੇ ਜਾਣੀ ਜਾਂਦੀ ਹੈ।

(8) ਯਹੂਦੀਆਂ ਵਿੱਚ ਨਾਸਰਤੀ ਲੋਕ ਆਪਣੇ ਵਾਲਾਂ ਨੂੰ ਕੈਂਚੀ ਨਹੀਂ ਲਾਉਂਦੇ ਸਨ। ਸਮਸੂਨ ਦੀ ਸ਼ਕਤੀ ਵਾਲਾਂ ਵਿੱਚ ਸੀ। ਪ੍ਰਭੂ ਯਿਸੂ ਦੇ ਕੇਸਾਂ ਨੂੰ ਵੀ ਕੈਂਚੀ ਨਹੀਂ ਲਾਈ ਗਈ। ਸਿੱਖ ਵੀ ਕੇਸਾਂ ਨੂੰ ਕੈਂਚੀ ਨਹੀਂ ਲਾਉਂਦੇ।

(9) ਯਹੂਦੀ ਭਾਵੇਂ ਗਿਣਤੀ ਵਿੱਚ ਬਹੁਤ ਥੋੜੇ ਹਨ ਪਰ ਉਹ ਅੰਤਰ ਰਾਸ਼ਟਰੀ ਪੱਧਰ ਦੀ ਇੱਕ ਬਹੁਤ ਅਹਿਮ ਕੌਮ ਹਨ। ਇਸੇ ਤਰ੍ਹਾਂ ਸਿੱਖ ਵੀ ਭਾਵੇਂ ਗਿਣਤੀ ਪਖੋਂ ਬਹੁਤ ਛੋਟੀ ਕੌਮ ਹਨ ਪਰ ਪਿਛਲੀ ਲਗਪਗ ਅੱਧੀ ਸਦੀ ਤੋਂ ਕਈ ਖੇਤਰਾਂ ਵਿੱਚ ਅੰਤਰ ਰਾਸ਼ਟਰੀ ਪੱਧਰ ਤੇ ਸਿਰ ਕੱਢ ਕੌਮ ਗਿਣੇ ਜਾਂਦੇ ਹਨ

(10) ਭਾਰੀ ਗਿਣਤੀ ਵਿੱਚ ਯਹੂਦੀ ਵੱਖ ਵੱਖ ਵਿਸ਼ਿਆਂ ਦੇ ਅੰਤਰ ਰਾਸ਼ਟਰੀ ਪੱਧਰ ਦੇ ਅਕਸਪਰਟ ਜਾਂ ਵਿਸ਼ੇਸ਼ਗਯ ਹਨ ਜਦਕਿ ਪਿਛਲੀ ਅੱਧੀ ਸਦੀ ਤੋਂ ਸਿੱਖ ਵੀ ਕਈ ਵਿਸ਼ਿਆਂ ਦੇ ਅੰਤਰ ਰਾਸ਼ਟਰੀ ਪੱਧਰ ਦੇ ਵਿਸ਼ੇਸ਼ਗਯ ਵਜੋਂ ਉਭਰ ਰਹੇ ਹਨ ਜਿਵੇਂ ਕਿ ਸਾਬਕ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਆਰਥਿਕ ਖੇਤਰ ਵਿੱਚ ਅੰਤਰ ਰਾਸ਼ਟਰੀ ਪੱਧਰ ਦੀ ਸ਼ਖਸੀਅਤ ਹਨ।

ਪ੍ਰਭੂ ਯਿਸੂ ਯਹੂਦੀ ਸਨ ਆਸਥਾ ਅਧਾਰਿਤ ਉਨ੍ਹਾਂ ਦੀ ਸੰਤਾਨ ਮੰਨੇ ਜਾਣ ਵਾਲੇ ਈਸਾਈਆਂ (ਭਾਰਤ, ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਨੂੰ ਛੱਡ ਕੇ) ਉੱਤੇ ਖੁਦਾ ਦੀਆਂ ਭਰਪੂਰ ਬਰਕਤਾਂ ਹਨ। ਇਸੇ ਤਰ੍ਹਾਂ ਹੀ ਸਿੱਖ ਕੌਮ ਜਿਸ ਤਰੀਕੇ ਨਾਲ ਪਿਛਲੇ 50-60 ਸਾਲ ਤੋਂ ਹਰ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਉਸ ਤੋਂ ਸਪਸ਼ਟ ਹੈ ਕਿ ਖੁਦਾ ਦੀਆਂ ਬਰਕਤਾਂ ਉਸ ਉੱਤੇ ਹਨ।

# ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਕੌਣ ਹੋਵੇਗਾ?

ਹੋ ਸਕਦਾ ਹੈ ਕਿ ਗੁਜਰਾਤ ਚੋਣਾਂ ਤਹਿ ਕਰਨ ਕਿ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਕੌਣ ਹੋਵੇਗਾ। ਗੁਜਰਾਤ ਵਿੱਚ ਭਾਰਤੀਆ ਜਨਤਾ ਪਾਰਟੀ ਅਤੇ ਕਾਂਗਰਸ ਵਿੱਚ ਸਿੱਧੀ ਟੱਕਰ ਹੈ। ਕਾਂਗਰਸ ਦੀ ਅਗਵਾਈ ਰਾਹੁਲ ਗਾਂਧੀ ਕਰ ਰਹੇ ਹਨ ਅਤੇ ਪਿਛਲੇ 25 ਸਾਲਾਂ ਵਿੱਚ ਇਹ ਪਹਿਲਾ ਮੌਕਾ ਹੈ ਕਿ ਕਾਂਗਰਸ ਨੂੰ ਇੱਨਾ ਵੱਡਾ ਸਮਰਥਨ ਪ੍ਰਧਾਨ ਮੰਤਰੀ ਮੋਦੀ ਦਾ ਗੜ੍ਹ ਸਮਝੇ ਜਾਣ ਵਾਲੇ ਗੁਜਰਾਤ ਵਿੱਚ ਮਿਲ ਰਿਹਾ ਹੈ। ਰਾਹੁਲ ਗਾਂਧੀ ਭਾਜਪਾ ਉੱਤੇ ਭਾਰੂ ਨਜ਼ਰ ਆ ਰਹੇ ਹਨ। ਉਨ੍ਹਾਂ ਨੂੰ ਗੁਜਰਾਤ ਦੇ ਕਈ ਅਜੇਹੇ ਫਿਰਕਿਆਂ ਦਾ ਸਮਰਥਨ ਮਿਲ ਰਿਹਾ ਹੈ ਜੋ ਕਿ ਭਾਜਪਾ ਦੀ ਰੀੜ੍ਹ ਦੀ ਹੱਡੀ ਰਹੇ ਹਨ। ਮਿਸਾਲ ਦੇ ਤੌਰ ਤੇ ਪਾਟੀਦਾਰ। ਕੇਂਦਰ ਵਿੱਚ ਜਦੋਂ ਤੋਂ ਭਾਜਪਾ ਸਰਕਾਰ ਬਣੀ ਹੈ ਤਦ ਤੋਂ ਉਸਨੇ ਦੇਸ਼ ਭਰ ਵਿੱਚ ਮੁਸਲਮਾਨਾਂ, ਈਸਾਈਆਂ ਅਤੇ ਦਲਿਤਾਂ ਨੂੰ ਟਾਰਗੇਟ ਬਣਾਇਆ ਹੋਇਆ ਹੈ। ਮੁਸਲਮਾਨਾਂ ਦੀ ਗੁਜਰਾਤ ਵਿੱਚ 9ਗ਼ ਵੋਟ ਹੈ ਜਦਕਿ ਪਾਟੀਦਾਰਾਂ ਦੀ ਵੋਟ 12 ਫੀਸਦੀ ਹੈ। ਈਸਾਈਆਂ ਦੀ ਵੋਟ ਉਥੇ ਭਾਵੇਂ 0.5 ਪ੍ਰਤੀਸ਼ਤ ਹੈ ਪਰ ਇਹ ਸਾਰੀਆਂ ਵੋਟਾਂ ਤੇ ਦਲਿਤ ਵੋਟ ਕਾਂਗਰਸ ਪਿਛੇ ਕੇਂਦਰਿਤ ਹੋ ਰਹੀਆਂ ਹਨ। ਜਦਕਿ ਪਹਿਲਾਂ ਪਾਟੀਦਾਰ ਵੋਟਾਂ ਭਾਜਪਾ ਦੀ ਰੀੜ ਦੀ ਹੱਡੀ ਰਹੀਆਂ ਹਨ। ਰਾਹੁਲ ਗਾਂਧੀ ਨੂੰ ਇਕ ਕਮਜ਼ੋਰ ਮੁੰਡਾ ਸਮਝਿਆ ਜਾਂਦਾ ਰਿਹਾ ਹੈ ਪਰ ਰਾਹੁਲ ਗਾਂਧੀ ਦਾ ਜੋ ਪ੍ਰਚੰਡ ਰੂਪ ਅੱਜ ਉੱਭਰ ਕੇ ਸਾਮ੍ਹਣੇ ਆ ਰਿਹਾ ਹੈ ਉਸ ਤੋਂ ਲੋਕ ਸਮਝਣ ਲੱਗ ਪਏ ਹਨ ਕਿ ਉਹ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦੇ ਕਾਬਲ ਹਨ। ਇਹ ਖਬਰ ਛੱਪਣ ਤੱਕ ਰਾਹੁਲ ਗਾਂਧੀ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਬਣ ਗਏ ਹੋਣਗੇ ਜਿਸਦਾ ਅਰਥ ਇਹ ਹੈ ਕਿ ਉਹ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ। ਦੇਸ਼ ਦੇ ਬਹੁਤ ਮੰਨੇ ਹੋਏ ਨੇਤਾ ਸ਼ਰਦ ਪਵਾਰ ਦਾ ਬਿਆਨ ਆਇਆ ਹੈ ਕਿ ਰਾਹੁਲ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦੇ ਯੋਗ ਹਨ।






ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਕਈ ਚੋਟੀ ਦੇ ਸਿਆਸਤਦਾਨਾਂ ਨੇ ਵੀ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਬਣਨ ਦੇ ਯੋਗ ਹਨ। ਜਿਸ ਢੰਗ ਨਾਲ ਰਾਹੁਲ ਗਾਂਧੀ ਗੁਜਰਾਤ ਚੋਣਾਂ ਉਤੇ ਭਾਰੂ ਹੋ ਰਹੇ ਹਨ ਉਸ ਤੋਂ ਲਗਦਾ ਹੈ ਕਿ 2019 ਦੀਆਂ ਚੋਣਾਂ ਵਿੱਚ ਵੀ ਉਹ ਭਾਜਪਾ ਉਤੇ ਭਾਰੂ ਰਹਿਣਗੇ। ਰਾਹੁਲ ਗਾਂਧੀ ਵਲੋਂ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਕੀਤੇ ਜਾ ਰਹੇ ਤਾਬੜ ਤੋੜ ਹਮਲਿਆਂ ਤੋਂ ਭਾਜਪਾ ਅਤੇ ਮੋਦੀ ਦੋਵੇਂ ਹੀ ਬੁਖਲਾ ਗਏ ਹਨ ਅਤੇ ਮੋਦੀ ਨੇ ਕੇਂਦਰ ਦੇ ਸਾਰੇ ਮੰਤਰੀ, ਐਮ.ਪੀ., ਸਾਰੇ ਰਾਸ਼ਟਰੀ ਪੱਧਰ ਦੇ ਅਹੁਦੇਦਾਰ ਅਤੇ ਗੁਜ਼ਰਾਤ ਦੀ ਸਾਰੀ ਭਾਜਪਾ ਮੈਦਾਨ ਵਿੱਚ ਉਤਾਰ ਦਿੱਤੀ ਹੈ ਅਤੇ ਜਿਸ ਤਰ੍ਹਾਂ ਉਹ ਬੁਖਲਾਹਟ ਵਿੱਚ ਊਲ ਜਲੂਲ ਦੋਸ਼ ਰਾਹੁਲ ਅਤੇ ਕਾਂਗਰਸ ਉੱਤੇ ਲਾ ਰਹੇ ਹਨ। ਇਸ ਤਰ੍ਹਾਂ ਦਾ ਦ੍ਰਿਸ਼ ਪਹਿਲੀ ਵਾਰੀ ਦੇਸ਼ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਜਿਸ ਤਰ੍ਹਾਂ ਗੁਜਰਾਤ ਵਿੱਚ ਈ.ਵੀ.ਐਮ. ਮਸ਼ੀਨਾਂ ਵਿੱਚ ਗੜਬੜ ਹੋਣ ਦੀਆਂ ਖਬਰਾਂ ਮਿਲ ਰਹੀਆਂ ਹਨ ਉਸ ਤੋਂ ਇਹ ਵੀ ਸ਼ੱਕ ਹੁੰਦਾ ਹੈ ਕਿ ਮੋਦੀ ਅਤੇ ਉਨ੍ਹਾਂ ਦੇ ਸਾਥੀ ਕਾਂਗਰਸ ਨੂੰ ਹਰਾਉਣ ਲਈ ਕੋਈ ਵੀ ਘਟੀਆ ਤਰੀਕਾ ਵਰਤ ਸਕਦੇ ਹਨ। ਯੂ.ਪੀ ਵਿੱਚ ਪਿਛੇ ਜਿਹੇ ਕਾਰਪੋਰੇਸ਼ਨਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਜੋ ਨਤੀਜੇ ਆਏ ਹਨ ਉਹ ਵੀ ਹੈਰਾਨੀਜਨਕ ਹਨ। ਕਾਰਪੋਰੇਸ਼ਨ ਚੋਣਾਂ ਵਿੱਚ ਵੋਟਿੰਗ ਈ.ਵੀ.ਐਮ. ਮਸ਼ੀਨਾਂ ਰਾਹੀਂ ਹੋਈ ਸੀ ਜਿਸ ਵਿੱਚ ਭਾਰਤੀਆ ਜਨਤਾ ਪਾਰਟੀ ਸਾਰੀਆਂ ਪਾਰਟੀਆਂ ਨੂੰ ਹੂੰਝਾ ਫੇਰ ਗਈ ਹੈ। ਪਰ ਨਗਰ ਪੰਚਾਇਤਾਂ ਦੀਆਂ ਚੋਣਾਂ ਵੋਟਾਂ ਦੀਆਂ ਪਰਚੀਆਂ ਤੇ ਹੋਈਆਂ ਹਨ। ਉਸ ਵਿੱਚ ਆਪੋਜੀਸ਼ਨ ਪਾਰਟੀਆਂ ਭਾਜਪਾ ਤੋਂ ਬਾਜ਼ੀ ਲੈ ਗਈਆਂ ਹਨ। ਇਸ ਦਾ ਵੀ ਅਰਥ ਸਮਝਣ ਦੀ ਲੋੜ ਹੈ। ਜੇ ਇਸੇ ਤਰ੍ਹਾਂ ਦੀਆਂ ਹੀ ਚੋਣਾਂ ਗੁਜਰਾਤ ਵਿੱਚ ਹੋਈਆਂ ਤਾਂ ਭਾਜਪਾ ਜਿੱਤ ਵੀ ਸਕਦੀ ਹੈ। ਹਾਲਾਂਕਿ ਗੁਜਰਾਤ ਵਿੱਚ ਇਸ ਸਮੇਂ ਭਾਜਪਾ ਵਿਰੁਧ ਸੁਨਾਮੀ ਚੱਲ ਰਹੀ ਹੈ।

ਰਾਹੁਲ ਇਨ੍ਹਾਂ ਚੋਣਾਂ ਵਿੱਚ ਜਿਸ ਤਰ੍ਹਾਂ ਉਭਰ ਕੇ ਸਾਮ੍ਹਣੇ ਆਏ ਹਨ ਇਸ ਤੋਂ ਸਾਬਤ ਹੋ ਗਿਆ ਹੈ ਜੇਕਰ 2019 ਦੀਆਂ ਲੋਕ ਸਭਾ ਚੋਣਾਂ ਈ.ਵੀ.ਐਮ. ਤੋਂ ਬਿਨਾਂ ਹੋਈਆਂ ਤਾਂ ਕਾਂਗਰਸ ਦਾ ਜਿੱਤਣਾ ਅਤੇ ਰਾਹੁਲ ਗਾਂਧੀ ਦਾ ਪ੍ਰਧਾਨ ਮੰਤਰੀ ਬਣਨਾ ਯਕੀਨੀ ਹੈ। ਸਾਨੂੰ ਉਮੀਦ ਹੈ ਜੇਕਰ ਗੁਜਰਾਤ ਵਿੱਚ ਭਾਜਪਾ ਜਿੱਤਦੀ ਹੈ ਤਾਂ ਸਾਰੀਆਂ ਆਪੋਜੀਸ਼ਨ ਮਿਲ ਕੇ ਮੰਗ ਕਰਨਗੀਆਂ ਕਿ 2019 ਦੀਆਂ ਲੋਕ ਸਭਾ ਚੋਣਾਂ ਵੋਟ ਪਰਚੀਆਂ ਰਾਹੀਆਂ ਕਰਵਾਈਆਂ ਜਾਣ ਨਾ ਕਿ ਈ.ਵੀ.ਐਮ ਮਸ਼ੀਨਾਂ ਰਾਹੀਂ। ਈ.ਵੀ.ਐਮ ਮਸ਼ੀਨਾਂ ਕਈ ਦੇਸ਼ਾਂ ਵਿੱਚ ਫੇਲ ਹੋ ਚੁੱਕੀਆਂ ਹਨ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਵੋਟਾਂ ਪਰਚੀਆਂ ਨਾਲ ਪਾਈਆਂ ਜਾਂਦੀਆਂ ਹਨ। ਸੋ 2019 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਅਤੇ ਰਾਹੁਲ ਦੀ ਸਿੱਧੀ ਟੱਕਰ ਹੋਵੇਗੀ ਅਤੇ ਇਨ੍ਹਾਂ ਦੋਹਾਂ ਵਿੱਚੋਂ ਇਹ ਦੇਖਣਾ ਹੋਵੇਗਾ ਕਿ ਪ੍ਰਧਾਨ ਮੰਤਰੀ ਕੌਣ ਬਣਦਾ ਹੈ?

**– ਫਰੈਡੀ ਜੋਸਫ**

## ਭਾਜਪਾਈਆਂ ਨੂੰ ਕਿਵੇਂ ਪਤਾ ਕਿ ਸੁਪਰੀਮ ਕੋਰਟ ਦਾ ਫੈਸਲਾ ਰਾਮ ਮੰਦਰ ਦੇ ਹੱਕ ਵਿੱਚ ਹੀ ਆਵੇਗਾ?

ਭਾਰਤੀ ਜਨਤਾ ਪਾਰਟੀ ਦੇ ਸਾਰੇ ਛੋਟੇ ਵੱਡੇ ਨੇਤਾ ਹੀ ਨਹੀਂ, ਛੋਟੇ ਮੋਟੇ ਵਰਕਰ ਵੀ ਪੂਰਣ ਭਰੋਸੇ ਨਾਲ ਆਖ ਰਹੇ ਹਨ ਕਿ ਸੁਪਰੀਮ ਕੋਰਟ ਅਯੁਧਿਆ ਵਿੱਚ ਰਾਮ ਮੰਦਰ ਉਸੇ ਥਾਂ ਹੀ ਬਣਾਉਣ ਦੇ ਹੱਕ ਵਿੱਚ ਫੈਸਲਾ ਦੇਵੇਗੀ ਜਿਸ ਥਾਂ ਤੇ ਉਨ੍ਹਾਂ ਨੇ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਦਾ ਢਾਚਾ ਕਾਇਮ ਕੀਤਾ ਹੋਇਆ ਹੈ। ਭਾਜਪਾ ਦੇ ਇੱਕ ਸੀਨੀਅਰ ਨੇਤਾ ਸੁਬਰਾਮ-ਨੀਅਮ ਸਵਾਮੀ ਨੇ 1 ਦਸੰਬਰ ਨੂੰ ਜ਼ੀ ਨਿਊਜ਼ ਟੀ.ਵੀ. ਚੈਨਲ ਤੇ ਸ਼ਾਮ 5 ਵਜੇ ਹੋ ਰਹੀ ਡੀਬੇਟ ਵਿੱਚ ਸਪਸ਼ਟ ਤੌਰ ਤੇ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ਸਾਡੇ ਪੱਖ ਵਿੱਚ ਹੀ ਆਵੇਗਾ। ਉਸ ਤੋਂ 2 ਦਿਨ ਹੀ ਬਾਅਦ ਉਨ੍ਹਾਂ ਦਾ ਬਿਆਨ ਆਇਆ ਕਿ ਅਸੀਂ ਅਗਲੇ ਸਾਲ ਦੀ ਦੀਵਾਲੀ ਰਾਮ ਮੰਦਰ ਵਿੱਚ ਮਨਾਵਾਂਗੇ।



ਸੁਬਰਾਮਨੀਅਮ ਸਵਾਮੀ ਨੇ ਇਹ ਦੋਸ਼ ਵੀ ਲਾਇਆ ਕਿ ਈਸਾਈ ਅਤੇ ਮੁਸਲਮਾਨ ਧਰਮ ਦੀ ਦਲਾਲੀ ਕਰਦੇ ਹਨ। ਉਨ੍ਹਾਂ ਦੇ ਇਸ ਇਲਜ਼ਾਮ ਦਾ ਮੁਸਲਿਮ ਨੇਤਾਵਾਂ ਨੇ ਸਖਤ ਵਿਰੋਧ ਕੀਤਾ। ਜਦ ਕਿ ਇਹ ਖਬਰ ਲਿਖੇ ਜਾਣ ਤੱਕ ਈਸਾਈਆਂ ਵਲੋਂ ਕੋਈ ਵਿਰੋਧ ਨਹੀਂ ਕੀਤਾ ਗਿਆ। ਮੋਦੀ ਸਰਕਾਰ ਬਣਨ ਤੇ ਭਾਜਪਾ ਦੇ ਕੁਝ ਜ਼ਿੰਮੇਵਾਰ ਨੇਤਾਵਾਂ ਨੇ ਕਿਹਾ ਸੀ ਕਿ ਮੁਸਲਮਾਨਾਂ ਨੂੰ ਇਕ ਇੱਕ ਲੱਖ ਰੁਪਏ ਦੇ ਕੇ ਹਿੰਦੂ ਬਣਾ ਲਿਆ ਜਾਵੇਗਾ ਅਤੇ ਈਸਾਈਆਂ ਨੂੰ 50,000-50,000 ਰੁਪਏ ਦੇ ਕੇ ਹਿੰਦੂ ਬਣਾ ਲਿਆ ਜਾਵੇਗਾ।

ਇਸ ਸਬੰਧ ਵਿੱਚ ਵੱਖ ਵੱਖ ਟੀ.ਵੀ. ਚੈਨਲਾਂ ਵਲੋਂ ਕਰਵਾਈਆਂ ਗਈਆਂ ਬਹਿਸਾਂ ਵਿੱਚ ਮੁਸਲਿਮ ਨੇਤਾਵਾਂ ਨੇ ਕੱਟੜਪੰਥੀਆਂ ਹਿੰਦੂਆਂ ਦੇ ਪੈਰ ਨਹੀਂ ਲੱਗਣ ਦਿੱਤੇ। ਇਸ ਬਿਆਨ ਤੋਂ ਅਗਲੇ ਦਿਨ ਹੀ ਟੀ.ਵੀ ਚੈਨਲਾਂ ਨੇ ਸਾਰੇ ਧਰਮਾਂ ਦੇ ਧਾਰਮਿਕ ਨੇਤਾਵਾਂ ਨੂੰ ਲੈ ਕੇ ਇਸ ਮੁੱਦੇ ਤੇ ਬਹਿਸ ਕਰਵਾਈ ਜਿਸ ਵਿੱਚ ਕੱਟੜਪੰਥੀ ਹਿੰਦੂ ਨੇਤਾ ਪਿੱਟ ਗਏ। ਇਸ ਡਿਬੇਟ ਵਿੱਚ ਇਨ੍ਹਾਂ ਟੀ.ਵੀ. ਚੈਨਲਾਂ ਨੇ ਦੋ ਈਸਾਈ ਪਾਦਰੀਆਂ ਨੂੰ ਵੀ ਬੁਲਾਇਆ ਜੋ ਕਿ ਆਪਣਾ ਪੱਖ ਪੇਸ਼ ਕਰਨ ਵਿੱਚ ਬੁਰੀ ਤਰ੍ਹਾਂ ਫੇਲ ਰਹੇ। ਉਸ ਤੋਂ ਬਾਅਦ ਅੱਜ ਤੱਕ ਵੀ ਵੱਖ ਵੱਖ ਟੀ.ਵੀ ਚੈਨਲਾਂ ਤੇ ਅਖਬਾਰਾਂ ਵਿੱਚ ਈਸਾਈਆਂ ਵਿਰੁਧ ਇਤਰਾਜ਼ ਬਿਆਨ ਆਉਂਦੇ ਰਹਿੰਦੇ ਹਨ। ਪਰ ਸਾਰੇ ਭਾਰਤ ਵਿੱਚ ਅਤੇ ਖਾਸ ਕਰਕੇ ਪੰਜਾਬ ਵਿੱਚ ਕੋਈ ਵੀ ਈਸ-ਾਈ ਨੇਤਾ ਨਿੱਤਰ ਕੇ ਸਾਮ੍ਹਣੇ ਨਹੀਂ ਆਇਆ ਜੋ ਕਿ ਈਸਾਈ ਕੌਮ ਵਿਰੁਧ ਫੈਲਾਏ ਜਾ ਰਹੇ ਫਿਰਕੂ ਜ਼ਹਿਰ ਦਾ ਜਵਾਬ ਦੇ ਸਕੇ। ਈਸਾਈ "ਦੜ ਵਟ ਜ਼ਮਾਨਾ ਕੱਟ" ਨੀਤੀ ਤੇ ਚਲਦੇ ਹੋਏ - 'ਖੁਦਾ ਆਪੇ ਕਰੂ' ਆਖ ਕੇ ਚੁੱਪ ਕਰ ਜਾਂਦੇ ਹਨ। ਉਹ ਆਪਸ ਵਿੱਚ ਹੀ ਇਸ ਸਬੰਧੀ ਚਰਚਾ ਕਰਕੇ ਗੁਭ ਗਰਾਹਟ ਕੱਢ ਲੈਂਦੇ ਹਨ ਅਤੇ ਉਨ੍ਹਾਂ ਦੇ ਇਸ ਗੁਭ ਗਰਾਹਟ ਦੀ ਅਵਾਜ਼ ਉਨ੍ਹਾਂ ਲੋਕਾਂ ਤੱਕ ਨਹੀਂ ਪੁੱਜਦੀ ਜਿਨ੍ਹਾਂ ਤੱਕ ਪੁਜਣੀ ਚਾਹੀ।

# ਅਕਾਲੀਆਂ ਤੇ ਕਾਂਗਰਸ ਦੀ ਲੜਾਈ 'ਚ ਪਿਸਦੀ ਰਹੀ ਜਨਤਾ.!



ਪੱਤਰਕਾਰ ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ" 559-333-5776

ਪੰਜਾਬ 'ਚ ਹੋ ਰਹੀਆਂ ਨਗਰ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਕਈ ਥਾਈਂ ਆਪਣੇ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਰੱਦ ਹੋਣ ਜਾਂ ਹਿੰਸਕ ਘਟਨਾਵਾਂ ਦੇ ਵਿਰੋਧ 'ਚ ਲਾਏ ਧਰਨੇ ਨੂੰ ਅਕਾਲੀ-ਭਾਜਪਾ ਨੇ ਜਨਤਾ ਦੀ ਲੜਾਈ ਦਾ ਨਾਂ ਦਿੱਤਾ ਹੈ ਪਰ ਇਸ ਕੇਸ ਨਾਲ ਆਮ ਜਨਤਾ ਦਾ ਸਿੱਧੇ ਤੌਰ 'ਤੇ ਕੋਈ ਸਰੋਕਾਰ ਨਹੀਂ ਸੀ ਅਤੇ ਫਿਰ ਵੀ ਉਹ ਲੋਕ ਸ਼ੁੱਕਰਵਾਰ ਨੂੰ ਅਕਾਲੀਆਂ ਅਤੇ ਕਾਂਗਰਸ ਦੀ ਆਪਸੀ ਲੜਾਈ 'ਚ ਪਿਸਦੇ ਨਜ਼ਰ ਆਏ ਕਿਉਂਕਿ ਧਰਨੇ ਦੇ ਨਾਂ 'ਤੇ ਅਕਾਲੀ-ਭਾਜਪਾ ਵਰਕਰਾਂ ਨੇ ਲਾਡੋਵਾਲ ਚੌਕ ਵਿਚ ਨੈਸ਼ਨਲ ਹਾਈਵੇ ਨੂੰ ਜਾਮ ਕਰ ਦਿੱਤਾ ਸੀ, ਜਿਸ ਕਾਰਨ ਉਸ ਰੋਡ ਦੇ ਨਾਲ ਲਗਦੀਆਂ ਸੜਕਾਂ 'ਤੇ ਕਈ ਕਿਲੋਮੀਟਰ ਤੱਕ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ। ਇਸ ਵਿਚ ਟਰੱਕ, ਟੈਂਪੂਆਂ ਤੋਂ ਇਲਾਵਾ ਬੱਸਾਂ ਅਤੇ ਗੱਡੀਆਂ 'ਚ ਆਮ ਲੋਕ ਵੀ ਸਫਰ ਕਰ ਰਹੇ ਸਨ, ਜਿਨ੍ਹਾਂ ਨੇ ਕਿਸੇ ਜ਼ਰੂਰੀ ਕੰਮ ਤੋਂ ਕਿਤੇ ਪਹੁੰਚਣਾ ਸੀ, ਉਹ ਬਿਨਾਂ ਵਜ੍ਹਾ ਸੜਕਾਂ 'ਤੇ ਖੜ੍ਹੇ ਰਹਿਣ ਨੂੰ ਮਜਬੂਰ ਹੋਏ, ਜਦੋਂਕਿ ਕਈ ਲੋਕਾਂ ਨੂੰ ਬੱਸਾਂ ਜਾਂ ਟੈਂਪੂਆਂ 'ਚੋਂ ਉੱਤਰ ਕੇ ਪੈਦਲ ਚੱਲ ਕੇ ਲੰਬਾ ਰਸਤਾ ਤੈਅ ਕਰਨ ਕਾਰਨ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਜੋ ਲੋਕ ਧਰਨਾਕਾਰੀਆਂ ਨੂੰ ਵਾਰ-ਵਾਰ ਕੋਸਦੇ ਰਹੇ।

ਜੀਂਦ ਹਰਿਆਣਾ ਤੋਂ ਆਪਣੇ ਕਿਸੇ ਬੀਮਾਰ ਰਿਸ਼ਤੇਦਾਰ ਦੀ ਖੈਰੀਅਤ ਜਾਣਨ ਲਈ ਜਲੰਧਰ ਬਾਈਪਾਸ ਜਾਮ 'ਚ ਫਸੇ ਕਾਰ ਸਵਾਰ ਲੋਕਾਂ ਨੇ ਦੱਸਿਆ ਕਿ ਉਹ ਰੇਲਵੇ ਸਟੇਸ਼ਨ ਤੋਂ ਲੈ ਕੇ ਜਲੰਧਰ ਬਾਈਪਾਸ ਚੌਕ ਤੱਕ ਬੜੀ ਮੁਸ਼ਕਲ ਨਾਲ ਪੁੱਜੇ।

ਅਸੀਂ ਸੰਗਰੂਰ ਤੋਂ ਸਵੇਰੇ ਕਰੀਬ 6 ਵਜੇ ਟਰੱਕ 'ਚ ਮਾਲ ਲੱਦ ਕੇ ਜਲੰਧਰ ਲਈ ਨਿਕਲੇ ਸੀ ਤੇ 12 ਵਜੇ ਤੋਂ ਲੈ ਕੇ ਸ਼ਾਮ ਕਰੀਬ 6.45 ਵਜੇ ਤੱਕ ਸ਼ਿਵਪੁਰੀ ਚੌਕ ਵਿਚ ਹੀ ਜਾਮ ਵਿਚ ਫਸੇ ਹੋਏ ਹਾਂ। ਸਾਡੇ ਟਰੱਕ ਵਿਚ ਸਬਜ਼ੀਆਂ ਭਰੀਆਂ ਪਈਆਂ ਹਨ, ਜੋ ਕਿ ਦੁਪਹਿਰ ਤੱਕ ਕਿਸੇ ਵੀ ਹਾਲਤ ਵਿਚ ਸਾਨੂੰ ਜਲੰਧਰ ਸਬਜ਼ੀ ਮੰਡੀ ਦੇ ਵਪਾਰੀਆਂ ਤੱਕ ਪਹੁੰਚਾਉਣ ਦੀ ਜ਼ਿੰਮੇਦਾਰੀ ਸੌਂਪੀ ਗਈ ਸੀ, ਤਾਂਕਿ ਸਬਜ਼ੀਆਂ ਜਲੰਧਰ ਵਿਚ ਸ਼ਾਮ ਨੂੰ ਲੱਗਣ ਵਾਲੀ ਸਬਜ਼ੀ ਮੰਡੀ 'ਚ ਵਿਕ ਸਕਣ ਪਰ ਭਾਰੀ ਜਾਮ ਕਾਰਨ ਇਹ ਸੰਭਵ ਨਹੀਂ ਹੋ ਸਕਿਆ ਹੈ, ਜਿਸ ਦਾ ਸਾਨੂੰ ਆਰਥਿਕ ਨੁਕਸਾਨ ਸਹਿਣਾ ਪੈ ਸਕਦਾ ਹੈ।

ਅਸੀਂ ਆਪਣੀਆਂ ਸਵਾਰੀਆਂ ਨਾਲ ਭਰੀ ਬੱਸ ਨੂੰ ਲੈ ਕੇ ਅੰਮ੍ਰਿਤਸਰ ਤੋਂ ਲੁਧਿਆਣਾ ਲਈ ਸਵੇਰੇ 9.25 ਵਜੇ 'ਤੇ ਨਿਕਲੇ ਸੀ ਪਰ ਫਿਲੌਰ ਵਿਚ ਲੱਗੇ ਲੰਬੇ ਜਾਮ ਨੂੰ ਦੇਖਦੇ ਹੋਏ ਅਸੀਂ ਫਿਲੌਰ ਤੋਂ ਰਾਹੋਂ, ਮਾਛੀਵਾੜਾ ਆਦਿ ਦੇ ਰੂਟ ਤੋਂ ਹੁੰਦੇ ਹੋਏ ਵਾਇਆ ਬਸਤੀ ਜੋਧੇਵਾਲ ਦੁਪਹਿਰ ਕਰੀਬ 3.35 ਵਜੇ ਜਲੰਧਰ ਬਾਈਪਾਸ ਚੌਕ ਪੁੱਜੇ ਮਤਲਬ ਸਿਰਫ 2 ਘੰਟੇ ਦਾ ਸਫਰ ਕਰਨ ਲਈ ਸਾਨੂੰ 6 ਘੰਟੇ 10 ਮਿੰਟ ਤੱਕ ਦਾ ਸਮਾਂ ਲੱਗ ਗਿਆ। ਸਾਨੂੰ ਵਾਪਸ ਅੰਮ੍ਰਿਤਸਰ ਜਾਣ ਲਈ ਸਵਾਰੀਆਂ ਤਾਂ ਬਹੁਤ ਮਿਲ ਰਹੀਆਂ ਸਨ ਪਰ ਸੜਕੀ ਰਸਤਾ ਬੰਦ ਹੋਣ ਕਾਰਨ ਸਵਾਰੀਆਂ ਟਰੇਨ ਰਾਹੀਂ ਜਾਣ 'ਚ ਪਹਿਲ ਦਿਖਾ ਰਹੀਆਂ ਸਨ।

ਪਠਾਨਕੋਟ ਦੇ ਰਹਿਣ ਵਾਲੇ ਮੱਖਣ ਸਿੰਘ ਨੇ ਦੱਸਿਆ ਕਿ ਉਹ ਆਪਣੇ ਬੱਚੇ ਦੀ ਦਵਾਈ ਲੈਣ ਲਈ ਲੁਧਿਆਣਾ ਦੇ ਡੀ. ਐੱਮ. ਸੀ. ਹਸਪਤਾਲ 'ਚ ਜਾ ਰਿਹਾ ਸੀ, ਜਿਥੇ ਡਾਕਟਰਾਂ ਨੇ ਉਸ ਨੂੰ 1 ਵਜੇ ਮਿਲਣ ਦਾ ਸਮਾਂ ਦਿੱਤਾ ਸੀ ਪਰ ਟਰੈਫਿਕ ਜਾਮ ਕਾਰਨ ਉਸ ਨੂੰ ਫਿਲੌਰ ਤੋਂ ਪਿੱਛੇ ਹੀ ਬੱਸ ਚਾਲਕ ਨੇ ਉਤਾਰ ਦਿੱਤਾ ਤੇ ਫਿਲੌਰ ਤੱਕ ਪਹਿਲਾਂ ਪੈਦਲ ਪੁੱਜਿਆ ਤੇ ਅੱਗੇ ਆ ਕੇ ਥ੍ਰੀ-ਵ੍ਹੀਲਰ ਵਿਚ ਬੈਠਾ ਅਤੇ ਟੋਲ ਪਲਾਜ਼ਾ ਤੋਂ ਉਸ ਨੂੰ ਫਿਰ ਪੈਦਲ ਆਉਣਾ ਪੈ ਰਿਹਾ ਹੈ ਅਤੇ ਜਦੋਂ ਤੱਕ ਉਹ ਹਸਪਤਾਲ ਪੁੱਜੇਗਾ, ਉਦੋਂ ਤੱਕ ਡਾਕਟਰ ਵੀ ਨਹੀਂ ਮਿਲੇਗਾ।

ਲਾਡੋਵਾਲ 'ਚ ਨੈਸ਼ਨਲ ਹਾਈਵੇ 'ਤੇ ਲਾਏ ਗਏ ਧਰਨੇ ਕਾਰਨ ਵਾਹਨਾਂ ਦਾ ਆਉਣਾ-ਜਾਣਾ ਬੰਦ ਹੋਣ ਕਾਰਨ ਟੋਲ ਪਲਾਜ਼ਾ ਪੂਰੀ ਤਰ੍ਹਾਂ ਬੰਦ ਹੋ ਗਿਆ, ਜਿਸ ਸਬੰਧੀ ਟੋਲ ਪਲਾਜ਼ਾ ਦੇ ਸੀਨੀਅਰ ਮੈਨੇਜਰ ਚੰਚਲ ਸਿੰਘ ਰਾਠੌਰ ਤੇ ਡਿਪਟੀ ਮੈਨੇਜਰ ਦਿਨੇਸ਼ ਸ਼ਰਮਾ ਨੇ ਦੱਸਿਆ ਕਿ ਸਵੇਰੇ ਕਰੀਬ 11 ਵਜੇ ਤੋਂ ਪਹਿਲਾਂ ਹੀ ਨੈਸ਼ਨਲ ਹਾਈਵੇ ਲੁਧਿਆਣਾ-ਜਲੰਧਰ ਜੀ. ਟੀ. ਰੋਡ 'ਤੇ ਵਾਹਨਾਂ ਦੇ ਰੂਟ ਬਦਲ ਦਿੱਤੇ ਗਏ ਤੇ ਲੁਧਿਆਣਾ ਅਤੇ ਫਿਲੌਰ ਤੋਂ ਵਾਹਨਾਂ ਨੂੰ ਅੱਗੇ ਨਹੀਂ ਜਾਣ ਦਿੱਤਾ ਗਿਆ, ਜਿਸ ਕਾਰਨ ਕਰੀਬ 6 ਘੰਟੇ ਤੱਕ ਟੋਲ ਪਲਾਜ਼ਾ ਬੰਦ ਰਿਹਾ। ਦਿਨੇਸ਼ ਸ਼ਰਮਾ ਨੇ ਦੱਸਿਆ ਕਿ ਇਸ ਧਰਨੇ ਕਾਰਨ ਅੱਜ ਟੋਲ 'ਤੇ ਕਰੀਬ 25 ਲੱਖ ਰੁਪਏ ਦਾ ਨੁਕਸਾਨ ਕੰਪਨੀ ਨੂੰ ਸਹਿਣਾ ਪਿਆ।

ਅੰਮ੍ਰਿਤਸਰ ਤੋਂ ਆਉਣ ਵਾਲੇ ਇਕ ਪਰਿਵਾਰ ਨੇ ਦੱਸਿਆ ਕਿ ਉਹ ਆਪਣੇ ਰਿਸ਼ਤੇਦਾਰ ਦੇ ਅੰਤਿਮ ਸੰਸਕਾਰ 'ਤੇ ਜਾ ਰਹੇ ਸਨ ਅਤੇ ਜਾਮ ਕਾਰਨ 2 ਘੰਟੇ ਤੱਕ ਫਸੇ ਰਹੇ ਅਤੇ ਹੁਣ ਲਾਡੋਵਾਲ ਤੋਂ ਅੱਗੇ ਉਨ੍ਹਾਂ ਦੇ ਵਾਹਨ ਨੂੰ ਜਾਣ ਨਹੀਂ ਦਿੱਤਾ ਜਾ ਰਿਹਾ ਹੈ।

ਜਲੰਧਰ ਬਾਈਪਾਸ ਕੋਲ ਬਣੇ ਬੱਸ ਸਟਾਪ 'ਤੇ ਵੀ ਬੱਸਾਂ ਦੀ ਆਵਾਜਾਈ ਪੂਰੀ ਤਰ੍ਹਾਂ ਠੱਪ ਹੋਣ ਕਾਰਨ ਇਥੇ ਯਾਤਰੀਆਂ ਦਾ ਭਾਰੀ ਜਮਾਵੜਾ ਲੱਗਾ ਰਿਹਾ, ਜੋ ਆਪਣੀ ਮੰਜ਼ਿਲ ਨੂੰ ਜਾਣ ਲਈ ਬੱਸਾਂ ਨਾ ਮਿਲਣ ਕਾਰਨ ਵਿਚ ਸੜਕ ਦੇ ਹੀ ਡੇਰੇ ਲਗਾ ਕੇ ਬੈਠੇ ਰਹੇ।ਬਹੁਤ ਸਾਰੀਆਂ ਥਾਂਵਾਂ ਤੇ ਮਰੀਜ਼ ਜਿਹੜੇ ਹਸਪਤਾਲ ਦਵਾਈ ਲੈਣ ਲਈ ਘਰੋਂ ਨਿਕਲੇ ਹਸਪਤਾਲ ਪਹੁੰਚ ਹੀ ਨਹੀਂ ਸਕੇ। ਬਰਾਤੀਆਂ ਨੂੰ ਵੱਡੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।







ਸਿਆਸਤ ਚਮਕਾਉਂਦੇ ਸੁਖਬੀਰ ਨੇ ਆਮ ਲੋਕਾਂ ਦੇ ਨੱਕ 'ਚ ਦਮ ਕਰਤਾ। ਸੁਖਬੀਰ ਨੇ ਸ਼ਰੇਆਮ ਨਾਂ ਲੈ ਲੈਕੇ ਪੁਲਿਸ ਕਰਮੀਆਂ ਨੂੰ ਧਮਕਾਇਆ ਜੀਹਦੀ ਹਰ ਪਾਸਿਓਂ ਨਿੰਦਾ ਹੋ ਰਹੀ ਹੈ। ਕੈਪਟਨ ਪ੍ਰਸ਼ਾਸਨ ਇਹਨਾਂ ਧਰਨਾਕਾਰੀਆਂ ਅੱਗੇ ਲਾਚਾਰ ਨਜ਼ਰ ਆਇਆ।

ਲੋਕ ਤਾਂ ਇਹ ਵੀ ਕਹਿੰਦੇ ਨੇ ਕਿ ਸੁਖਬੀਰ ਨੇ ਇਹ ਧਰਨਾ ਹਾਈਕੋਰਟ ਦੀ ਸਖ਼ਤੀ ਤੋਂ ਡਰਦੇ ਨੇ ਚੱਕਿਆ ਹੈ। ਸੁਖ-ਬੀਰ ਆਪਣੇ ਰਾਜ ਸਮੇ ਕਹਿੰਦਾ ਹੁੰਦਾ ਸੀ ਕਿ ਧਰਨਾ ਵਿਹਲੜ ਤੇ ਨਿਕੰਮੇ ਲੋਕ ਲਾਉਂਦੇ ਨੇ।

ਹੁਣ ਇਹਨੂੰ ਕੀ ਕਹੀਏ..? ਬੇਸ਼ੱਕ ਲੇਪਾ ਪੋਚੀ ਲਈ ਸੁਖਬੀਰ, ਮਜੀਠੀਆ ਤੇ ਹੋਰ ਧਰਨਾਕਾਰੀਆ ਤੇ ਪਰਚੇ ਵੀ ਦਰਜ ਕੀਤੇ ਹਨ ਪਰ ਜੋ ਕਰਵਾਈ ਪ੍ਰਸ਼ਾਸਨ ਨੂੰ ਮੌਕੇ ਤੇ ਕਰਨੀ ਚਾਹੀਦੀ ਸੀ ਉਸਤੋ ਕਾਂਗਰਸ ਸਰਕਾਰ ਪੂਰੀ ਤਰਾਂ ਫੇਲ ਹੋਈ ਹੈ।

# ਕਿਰਪਾਲ ਸਿੰਘ ਪੰਨੂ ਕੈਨੇਡਾ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਰੂ-ਬ-ਰੂ

**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਮੀਟਿੰਗ ਜ਼ਿਲ੍ਹਾ ਲਾਇਬ੍ਰੇਰੀ ਹੁਸ਼ਿਆਰਪੁਰ ਵਿਚ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੁਖ ਮਹਿਮਾਨ ਵਜੋਂ ਸ. ਕਿਰਪਾਲ ਸਿੰਘ ਪੰਨੂ ਕਨੇਡਾ ਕੰਪਿਉਟਰ ਮਾਹਰ ਅਤੇ ਪੰਜਾਬੀ ਫੌਂਟ ਦੇ ਸਿਰਜਕ ਸ਼ਾਮਿਲ ਹੋਏ।ਡਾ. ਕਰਮਜੀਤ ਸਿੰਘ ਨੇ ਸ. ਪੰਨੂ ਨੂੰ ਸਭਾ ਵਲੋਂ ਜੀ ਆਇਆਂ ਆਖਦਿਆਂ ਉਨ੍ਹਾਂ ਦਾ ਸੰਖੇਪ ਤੁਆਰਫ ਕਰਾਇਆ।ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਾਹਿਤ ਸਭਾ ਦੀ ਕਾਰਜ ਪ੍ਰਣਾਲੀ, ਇਤਿਹਾਸ ਅਤੇ ਮੈਂਬਰਾਂ ਦੇ ਸਾਹਿਤਕ ਸਫਰ ਬਾਰੇ ਸ. ਪੰਨੂ ਹੁਰਾਂ ਨਾਲ ਜਾਣਕਾਰੀ ਸਾਂਝੀ ਕੀਤੀ।ਫਿਰ ਸ਼ੁਰੂ ਹੋਇਆ ਸ. ਪੰਨੂ ਹੁਰਾਂ ਨਾਲ ਸੰਵਾਦ।ਸ. ਪੰਨੂ ਹੁਰਾਂ ਨੇ ਆਪਣੇ ਜੀਵਨ ਅਤੇ ਕੰਮਾਂ ਬਾਰੇ ਇੱਕ ਡਾਕੂਮੈਂਟਰੀ ਦਿਖਾਉਂਦਿਆਂ ਕਿਹਾ ਕਿ ਜਦੋਂ ਮੈਂ 1991 ਵਿਚ ਕਨੇਡਾ ਗਿਆ ਸੀ ਤਾਂ ਮੈਨੂੰ ਕੰਪਿਊਟਰ ਦਾ ੳ ਵੀ ਨਹੀਂ ਸੀ ਆਉਂਦਾ।ਮੈਂ ਇਹ ਆਪਣੇ ਪੋਤੇ ਪੋਤੀਆਂ ਤੋਂ ਸਿੱਖਿਆ।ਫੌਜ ਵਿਚੋਂ ਉਚ ਅਹੁਦੇ ਤੇ ਕੰਮ ਕਰਨ ਵਾਲੇ ਸ. ਪੰਨੂ ਨੇ ਦੱਸਿਆ ਕਿ ਮੈਂ ਜ਼ਿੰਦਗੀ ਵਿਚ ਹਰ ਕੰਮ ਨੂੰ ਬਹੁਤ ਦਿਲਚਸਪੀ ਅਤੇ ਲਗਨ ਨਾਲ ਕੀਤਾ ਹੈ।ਇਹੀ ਲਗਨ ਮੇਰੀ ਕੰਪਿਊਟਰ ਵਿਚ ਨਵੀਆਂ ਪੈੜਾਂ ਪਾਉਣ ਦਾ ਸਬੱਬ ਬਣੀ।ਉਨ੍ਹਾਂ ਨੇ ਮਿਆਰੀ ਪੰਜਾਬੀ ਫੌਂਟ ਇਜ਼ਾਦ ਹੀ ਨਹੀਂ ਕੀਤੇ ਸਗੋਂ ਇਹਨਾਂ ਨਾਲ ਸੰਬੰਧਿਤ ਕਈ ਪੈਦਾ ਹੋਈਆਂ ਉਲਝਣਾਂ ਵੀ ਦੂਰ ਕੀਤੀਆਂ ਹਨ।ਨੌਂਵੇਂ ਦਹਾਕੇ ਵਿਚ ਪਹੁੰਚ ਕੇ ਨੌਜਵਾਨਾਂ ਵਾਂਗ ਹਸੂੰ-ਹਸੂੰ ਕੰਮ ਕਰਨ ਵਾਲੇ ਪੰਨੂ ਨੇ ਇਸਦਾ ਰਾਜ਼ ਕੰਮ ਨੂੰ ਦਿਲਚਸਪੀ ਨਾਲ ਕਰਨਾ ਦੱਸਿਆ।ਸਾਹਿਤ ਸਭਾ ਦੇ ਮੈਂਬਰਾਂ ਨੇ ਪੰਜਾਬੀ ਵਿਚ ਟਾਇਪ ਕਰਨ ਸਮੇਂ ਪੰਜਾਬੀ ਫੌਂਟਾਂ ਸੰਬੰਧੀ ਆਉਂਦੀਆਂ ਮੁਸ਼ਕਲਾਂ ਬਾਰੇ ਬਹੁਤ ਸਾਰੇ ਸਵਾਲ ਵੀ ਸ. ਪੰਨੂ ਨਾਲ ਸਾਂਝੇ ਕੀਤੇ ਜਿਸਦਾ ਉਨ੍ਹਾਂ ਨੇ ਢੁਕਵਾਂ ਉਤਰ ਦਿੰਦਿਆਂ ਅਸਾਨ ਤਰੀਕੇ ਪ੍ਰੋਜੈਕਟਰ ਦੀ ਸਹਾਇਤਾ ਨਾਲ ਮੈਂਬਰਾਂ ਨਾਲ ਸਾਂਝੇ ਕੀਤੇ।




ਇਸ ਸਮੇਂ ਰਚਨਾਵਾਂ ਦੇ ਦੌਰ ਤੋਂ ਬਾਅਦ ਸਾਹਿਤ ਸਭਾ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬ ਆਰਟ ਕੌਂਸਲ ਦੀ ਸਹਾਇਤਾ ਨਾਲ 'ਭਾਸ਼ਾ, ਸਮਾਂ ਤੇ ਸੰਵਾਦ' ਵਿਸ਼ੇ ਤੇ ਕੀਤੇ ਜਾ ਰਹੇ ਰਾਸ਼ਟਰੀ ਸੈਮੀਨਾਰ ਦੀ ਰੂਪ ਰੇਖਾ ਵੀ ਉਲੀਕੀ।ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ। ਇਸ ਮੌਕੇ ਜਸਬੀਰ ਸਿੰਘ ਧੀਮਾਨ, ਕੁਲਤਾਰ ਸਿੰਘ ਕੁਲਤਾਰ, ਸਤੀਸ਼ ਕੁਮਾਰ, ਸੁਰਿੰਦਰ ਕੰਗਵੀ, ਗੁਰਬਖਸ਼ ਸਿੰਘ ਡੋਗਰਾ, ਤ੍ਰਿਪਤਾ ਕੇ. ਸਿੰਘ, ਆਯੂਸ਼ ਸ਼ਰਮਾ,ਅਮਨਗੀਤ ਸਿੰਘ, ਹਰਵਿੰਦਰ ਸਾਹਬੀ, ਨਵੀਨ ਕੁਮਾਰ ਧਵਨ, ਡਾ. ਕੁਲਦੀਪ ਸਿੰਘ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਰਵਿੰਦਰ ਕੌਰ, ਲਵਦੀਪ ਸਿੰਘ, ਸੰਦੀਪ ਕੁਮਾਰ, ਜਸਪ੍ਰੀਤ ਕੌਰ ਅਤੇ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ (9815825999)**

# ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਹੋਈ



**ਸੈਕਰਾਮੈਂਟੋ-** ਪੰਜਾਬੀ ਸਾਹਿਤ ਸਭਾ ਯੂਬਾ ਸਿਟੀ/ ਸੈਕਰਾਮੈਂਟੋ ਕੈਲੇਫੋਰਨੀਆ ਦੀ ਮੀਟਿੰਗ ਬੀਤੀ 10 ਦਸੰਬਰ ਨੂੰ ਮਾਉਨਟੇਨ ਮਾਈਕ ਪੀਜ਼ਾ ਆਬਰਨ ਸੈਕਰਾਮੈਂਟੋ ਵਿਖੇ ਹੋਈ। ਮੀਟਿੰਗ ਦੇ ਪਹਿਲੇ ਸੈਸ਼ਲ ਵਿਚ ਕਹਾਣੀ ਦਰਬਾਰ ਦਰਮਿਆਨ ਮਨਜੀਤ ਕੌਰ ਸੇਖੋਂ ਅਤੇ ਤਤਿੰਦਰ ਕੌਰ ਨੇ ਆਪਣੀਆਂ ਕਹਾਣੀਆਂ ਪੜ੍ਹੀਆਂ। ਇਕਵਿੰਦਰ ਸਿੰਘ ਢੱਟ ਹੋਰਾਂ ਨੇ ਕਹਾਣੀਆਂ ਤੇ ਆਪਣੇ ਵਿਚਾਰ ਰੱਖੇ। ਕਹਾਣੀ ਦਰਬਾਰ ਤੋਂ ਬਾਅਦ ਖਾਣੇ ਦੀ ਬਰੇਕ ਕੀਤੀ ਗਈ। ਖਾਣ ਦੀ ਬਰੇਕ ਤੋਂ ਬਾਅਦ ਕਵੀ ਦਰਬਾਰ ਸ਼ੁਰੂ ਹੋਇਆ, ਜਿਸ ਵਿਚ ਪਰਮਿੰਦਰ ਰਾਏ ਖਾਨਖਾਨਾ, ਰਾਜ ਕੁਮਾਰ ਲੱਧੜ, ਜੀਵਨ ਰੱਤੂ, ਜਸਵੰਤ ਜੱਸੀ ਸ਼ੀਮਾਰ, ਮਨਜੀਤ ਸੇਖੋਂ, ਦਿਲ ਨਿੱਜਰ, ਹਰਬੰਸ ਜਗਿਆਸੂ, ਰਾਜ ਕੁਮਾਰ, ਮਹਿੰਦਰ ਸਿੰਘ ਘੱਗ, ਇਕਵਿੰਦਰ ਸਿੰਘ ਢੱਟ ਆਦਿ ਕਵੀ ਸ਼ਾਮਲ ਹੋਏ। ਅੰਤ ਵਿਚ ਸਭਾ ਦੇ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ, ਖਾਸ ਤੌਰ ਤੇ ਇਕਵਿੰਦਰ ਸਿੰਘ ਢੱਟ ਨੂੰ ਜੋ ਭਾਰਤ ਤੋਂ ਆਏ ਹਨ, ਉਹਨਾਂ ਨੂੰ ਜੀ ਆਇਆਂ ਕਿਹਾ ਗਿਆ। ਸਭਾ ਦੇ ਸਕੱਤਰ ਗੋਗੀ ਸੰਧੂ ਦੀ ਗੈਰ ਮੌਜੂਦਗੀ ਵਿਚ ਸਟੇਜ ਦਾ ਸੰਚਾਲਨ ਮਨਜੀਤ ਸੇਖੋਂ ਨੇ ਕੀਤਾ।

**ਰਿਪੋਰਟ ਜਸਵੰਤ ਜੱਸੀ ਸ਼ੀਮਾਰ (916-293-6030)**

## ਡਾ.ਅੰਬੇਦਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ



**ਅਲਾਵਲਪੁਰ (ਮਦਨ ਬੰਗੜ)-** ਡਾ. ਬੀ. ਆਰ. ਅੰਬੇਦਕਰ ਯੂਥ ਕਲੱਬ ਵੱਲੋਂ ਸੋਫੀ ਪਿੰਡ ਵਿਖੇ ਡਾ. ਅੰਬੇਡਕਰ ਜੀ ਦੇ 62ਵੇਂ ਪ੍ਰੀਨਿਰਵਾਣ ਦਿਵਸ ਸਬੰਧੀ ਇਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਵਿਚ ਪ੍ਰਵਾਜ਼ ਰੰਗਮੰਚ ਫਗਵਾੜਾ ਵੱਲੋਂ ਕੋਰੀਓਗ੍ਰਾਫੀ ਅਤੇ ਬਾਬਾ ਸਾਹਿਬ ਜੀ ਦੀ ਜ਼ਿੰਦਗੀ ਨਾਲ ਸਬੰਧਤ ਨਾਟਕ ਖੇਡੇ ਗਏ। ਸਮਾਗਮ ਵਿਚ ਪ੍ਰੋ. ਤੀਰਥ ਸਿੰਘ ਬਸਰਾ ਤੇ ਉਹਨਾਂ ਦੀ ਪਤਨੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਵੱਖ ਵੱਖ ਬੁਲਾਰਿਆਂ ਵੱਲੋਂ ਡਾ. ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਤੇ ਚਾਨਣਾ ਪਾਇਆ। ਸਮਾਗਮ ਨੂੰ ਸਫਲ ਕਰਨ ਵਿਚ ਡਾ. ਅੰਬੇਦਕਰ ਯੂਥ ਕਲੱਬ, ਤਰਕਸ਼ੀਲ ਇਕਾਈ ਜਲੰਧਰ, ਰਾਹੁਲ ਬੁੱਧ ਵਿਹਾਰ ਕਮੇਟੀ ਦਾ ਖਾਸ ਸਹਿਯੋਗ ਰਿਹਾ। ਮੰਚ ਸੰਚਾਲਨ ਧਰਮਪਾਲ ਵੱਲੋਂ ਕੀਤਾ ਗਿਆ। ਵਿਸ਼ੇਸ਼ ਸਹਿਯੋਗੀ ਦੇਸ ਰਾਜ ਸਾਂਪਲਾ, ਗੁਰਮੀਤ ਰਾਮ, ਜਸਵੰਤ ਰਾਏ, ਅਜੀਤ ਸਾਂਪਲਾ, ਰੋਸ਼ਨ ਲਾਲ, ਜਸਵਿੰਦਰ ਸਾਂਪਲਾ, ਜਤਿੰਦਰ ਸਾਂਪਲਾ, ਵਿਸ਼ਾਲ ਸਾਂਪਲਾ, ਅਮਰ ਸਾਂਪਲਾ, ਮਾਨਵ ਸਾਂਪਲਾ, ਰਵਿੰਦਰ ਸਾਂਪਲਾ ਦਾ ਅਹਿਮ ਯੋਗਦਾਨ ਰਿਹਾ।

# ਅਮਰੀਕਾ ਦੀ ਪਹਿਲੀ ਸਿੱਖ ਔਰਤ ਮੇਅਰ ਬਣ ਕੇ ਪ੍ਰੀਤ ਡਿਡਬਾਲ ਨੇ ਰਚਿਆ ਇਤਿਹਾਸ










ਤਸਵੀਰਾਂ ਅਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)









**ਯੂਬਾ ਸਿਟੀ (ਡੀ. ਡੀ. ਬੀ.)–** ਅਮਰੀਕਾ 'ਚ ਸਿੱਖ ਜਗਤ 'ਚੋਂ ਪਹਿਲੀ ਸਿੱਖ ਔਰਤ ਮੇਅਰ ਬਣਨ ਦਾ ਮਾਣ ਪ੍ਰੀਤ ਡਿਡਬਾਲ ਨੂੰ ਹਾਸਲ ਹੋਇਆ। ਉਹਨਾਂ 5 ਦਸੰਬਰ 2017 ਨੂੰ ਕੈਲੇਫੋਰਨੀਆ ਦੇ ਮਸ਼ਹੂਰ ਸ਼ਹਿਰ ਯੂਬਾ ਸਿਟੀ ਦੀ ਮੇਅਰ ਵਜੋਂ ਇੱਥੋਂ ਦੇ ਸਿਟੀ ਹਾਲ ਵਿਚ ਸਹੁੰ ਚੁੱਕੀ ਅਤੇ ਠੀਕ ਸ਼ਾਮ 6 ਵੱਜ ਕੇ 31 ਮਿੰਟ 'ਤੇ ਮੇਅਰ ਵਜੋਂ ਆਪਣੀ ਚੇਅਰ ਸੰਭਾਲਦਿਆਂ ਪਹਿਲੇ ਮੇਅਰ ਸਟੇਨ ਕਲੀਵਲੈਂਡ ਤੇ ਸਾਰੇ ਕੌਂਸਲ ਮੈਂਬਰਾਂ ਅਤੇ ਬਾਕੀ ਸਟਾਫ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਾਮਲ ਸਭ ਲੋਕਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ 50 ਸਾਲ ਪਹਿਲਾਂ ਮੇਰੇ ਮਾਤਾ-ਪਿਤਾ ਅਮਰੀਕਾ ਆਏ ਸਨ ਅਤੇ ਮੈਂ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਸੈਕਰਾਮੈਂਟੋ ਤੋਂ ਮਾਸਟਰ ਡਿਗਰੀ ਕੀਤੀ ਤੇ ਇਸ ਉਪਰੰਤ ਯੂਨੀਵਰਸਿਟੀ ਆਫ਼ ਸਾਨਫਰਾਂਸਿਸਕੋ ਤੋਂ ਪਬਲਿਕ ਐਡਮਿਨਸਟ੍ਰੇਸ਼ਨ 'ਚ ਮਾਸਟਰ ਡਿਗਰੀ ਕੀਤੀ। ਉਹਨਾਂ ਕਿਹਾ ਕਿ 19 ਸਾਲ ਤੋਂ ਵੱਧ ਸਮਾਂ ਕੋਰੈਕਸ਼ਨਲ ਹੈਲਥ ਕੇਅਰ ਸਰਵਿਸਿਜ਼ 'ਚ ਕੰਮ ਕੀਤਾ ਤੇ ਮੌਜੂਦਾ ਸਮੇਂ ਉਹ ਕੈਲੇਫੋਰਨੀਆ ਕੰਪਨਸ਼ੇਸਨ ਇੰਸ਼ੋਰੈਂਸ ਤੇ 10 ਸਾਲ ਕਮਿਊਨਿਟੀ ਸਰਵਿਸਿਜ਼ ਵਜੋਂ ਪਲੈਨਿੰਗ ਕਮਿਸ਼ਨ ਮੈਂਬਰ ਵੀ ਰਹੀ।

ਬੜੀ ਭਾਵ ਵਕਤ ਪੂਰਵਕ ਪ੍ਰੀਤ ਡਿਡਬਾਲ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਹੋਰ ਉਹਨਾਂ ਸਭ, ਜੋ ਉਸ ਦੀ ਜ਼ਿੰਦਗੀ 'ਚ ਸਹਾਈ ਹੋਏ, ਦਾ ਜ਼ਿਕਰ ਕੀਤਾ। ਉਹ ਪਲ ਹੋਰ ਵੀ ਭਾਵਪੁਰਕਤਾ ਵਾਲਾ ਸੀ ਜਦੋਂ ਪ੍ਰੀਤ ਨੇ ਆਪਣੇ ਸਾਹਮਣੇ ਬੈਠੀ ਆਪਣੀ ਮਾਂ ਵੱਲ ਦੇਖਦਿਆਂ ਪੰਜਾਬੀ ਵਿਚ ਕਿਹਾ ਕਿ ਮਾਂ! ਅੱਜ ਤੁਹਾਨੂੰ ਅਮਰੀਕਾ ਆਇਆਂ ਪੰਜਾਹ ਸਾਲ ਹੋ ਗਏ ਹਨ। ਤੁਸੀਂ ਆਪਣੇ ਬੱਚਿਆਂ ਦੀ ਖਾਤਰ ਬੜੀ ਮਿਹਨਤ ਕੀਤੀ ਕਿ ਸਾਡੀ ਜ਼ਿੰਦਗੀ ਨੂੰ ਵਧੀਆ ਬਣਾ ਸਕੋ। ਮਾਂ! ਅੱਜ ਤੁਹਾਡੀ ਬਦੌਲਤ ਤੇ ਡੈਡ ਕਰਕੇ ਤੁਹਾਡੇ ਦੋਵਾਂ ਦੇ ਪਿਆਰ ਸਦਕਾ ਅਸੀਂ ਸੌਖੇ ਹਾਂ, ਸੁਖੀ-ਖੁਸ਼ੀ ਹਾਂ। ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ। ਮੌਮ ਆਈ ਲਵ ਯੂ।

ਇਸ ਤਰ੍ਹਾਂ ਪ੍ਰੀਤ ਡਿਡਬਾਲ ਨੇ ਆਪਣੇ ਬੱਚਿਆਂ ਪ੍ਰਤੀ ਬੀਤੇ ਲੰਮਹੇ ਨੂੰ ਯਾਦ ਕਰਦਿਆਂ ਦੋ ਸ਼ਬਦ ਕਹੇ।ਆਪਣੇ ਸਵਰਗਵਾਸੀ ਪਿਤਾ ਜੀ ਨੂੰ ਯਾਦ ਕਰਦਿਆਂ ਪ੍ਰੀਤੀ ਡਿਡਬਾਲ ਬਹੁਤ ਹੀ ਭਾਵੁਕ ਹੋ ਗਈ। ਇਸ ਸਮੇਂ ਪ੍ਰੀਤ ਡਿਡਬਾਲ ਆਪਣੇ ਪਿਤਾ ਵੱਲੋਂ ਪਿਤਾ ਰੂਪੀ ਜਿਤਾਇਆ ਗੂੜ੍ਹਾ ਸਨੇਹ, ਬੜਾ ਯਾਦ ਆਇਆ। ਕਾਸ਼! ਅੱਜ ਉਹ ਅੱਜ ਦਾ ਇਤਿਹਾਸਕ ਦਿਨ ਆਪਣੇ ਅੱਖੀਂ ਦੇਖਦੇ। ਨਵ-ਨਿਯੁਕਤ ਮੇਅਰ ਨੇ ਸਮੂਹ ਯੂਬਾ ਸਿਟੀ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਖਾਸ ਕਰਕੇ ਪੰਜਾਬੀ ਭਾਈਚਾਰੇ ਦਾ ਵੀ ਜੋ ਅੱਜ ਵੱਡੀ ਗਿਣਤੀ ਦੂਰੋਂ-ਨੇੜਿਉਂ ਅੱਜ ਇਤਿਹਾਸਕ ਦਿਨ 'ਚ ਸ਼ਾਮਲ ਹੋਇਆ।

ਅੱਜ ਦੇ ਇਸ ਸਹੁੰ ਚੁੱਕ ਸਮਾਗਮ ਦੌਰਾਨ ਸਿਟੀ ਹਾਲ ਅੰਦਰ ਬਾਹਰ ਭਰਿਆ ਸੀ। ਪ੍ਰਿੰਟ/ਇਲੈਕਟ੍ਰਾਨਿਕ ਮੀਡੀਆ ਆਪਣੇ ਕਰਤਵ ਨਿਭਾਅ ਰਿਹਾ ਸੀ, ਇਸ ਦਾ ਸਿੱਧਾ ਪ੍ਰਸਾਰਣ ਵੀ ਦਿਖਾਇਆ ਜਾ ਰਿਹਾ ਸੀ। ਸਮਾਗਮ ਸਮਾਪਤੀ ਹੁੰਦੇ ਸਾਰ ਪ੍ਰੀਤ ਡਿਡਬਾਲ ਨੂੰ ਵਧਾਈਆਂ ਦੇਣ ਵਾਲਿਆਂ ਦਾ ਹੜ੍ਹ ਆ ਗਿਆ। ਜਿਸ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਜਨਰਲ ਸਕੱਤਰ ਸ੍ਰੀ ਸਤਨਾਮ ਸਿੰਘ ਨੰਗਲ ਕਲਾਂ ਤੋਂ ਇਲਾਵਾ ਹੋਰ ਸਿੱਖ ਗੁਰਦੁਆਰਾ ਸਾਹਿਬ ਦੇ ਨਾਲ-ਨਾਲ ਸਿੱਖ ਟੈਂਪਲ ਟੈਰਾ ਬੁਇਨਾ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਵ ਸ੍ਰੀ ਗੁਰਨਾਮ ਸਿੰਘ ਪੰਮਾ, ਗੁਰਮੇਜ਼ ਸਿੰਘ ਗਿੱਲ, ਬਲਬੀਰ ਸਿੰਘ ਸੋਹਲ, ਸੁਖਵਿੰਦਰ ਸਿੰਘ ਸੈਣੀ, ਕੁਲਤਾਰ ਸਿੰਘ ਚੀਮਾ, ਦਲਬੀਰ ਸਿੰਘ ਗਿੱਲ, ਸਰਬਜੀਤ ਸਿੰਘ ਥਿਆੜਾ, ਕਰਮ ਸਿੰਘ ਬੈਂਸ, ਨਾਹਰ ਸਿੰਘ ਹੀਰ, ਡਾ. ਜਸਵੀਰ ਸਿੰਘ ਕੰਗ, ਤੇਜ਼ ਮਾਨ, ਅਟਾਰਨੀ ਅਮਰ ਸ਼ੇਰਗਿੱਲ, ਅਵਤਾਰ ਸਿੰਘ ਗਿੱਲ (ਗਿੱਲ ਇੰਸ਼ੋਰੈਂਸ ਵਾਲੇ), ਪਿਸ਼ੌਰਾ ਸਿੰਘ ਢਿੱਲੋਂ, ਚਰਨਜੀਤ ਸਿੰਘ ਬਾਠ ਆਦਿ ਸ਼ਾਮਲ ਸਨ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਨਵ-ਨਿਯੁਕਤ ਮੇਅਰ ਪ੍ਰੀਤ ਡਿਡਬਾਲ ਅਦਾਰੇ ਵੱਲੋਂ ਦਿਲੀ ਹਾਰਦਿਕ ਵਧਾਈਆਂ ਦਿੰਦਿਆਂ ਵਧੀਆ ਕਾਰਗੁਜ਼ਾਰੀ ਦੀ ਉਮੀਦ ਰੱਖਦਿਆਂ ਇਸ ਪਲ ਨੂੰ ਹੋਰ ਸੁਨਹਿਰੀ ਬਣਾਉਣ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਡਾ.ਅੰਬੇਦਕਰ ਨੂੰ ਪ੍ਰੀਨਿਰਵਾਣ ਦਿਵਸ 'ਤੇ ਸ਼ਰਧਾਂਜਲੀਆਂ



ਤਸਵੀਰ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਯੂਬਾ ਸਿਟੀ (ਡੀ. ਡੀ. ਬੀ.)–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਵੱਲੋਂ ਭਗਵਾਨ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਬੀਤੇ ਐਤਵਾਰ ਧਾਰਮਿਕ ਦੀਵਾਨ ਸਜਾਏ ਗਏ। ਇਸ ਦੌਰਾਨ ਨਾਮਵਰ ਗਾਇਕ ਸ੍ਰੀ ਭੁਪਿੰਦਰ ਭਿੰਦਾ ਤੇ ਉਹਨਾਂ ਦੇ ਸਾਥੀ ਵਿਸ਼ਾਲ ਸ਼ਰਬਤੀ ਅਤੇ ਪਲਵਿੰਦਰ ਸਹੋਤਾ ਨੇ ਭਗਵਾਨ ਵਾਲਮੀਕ ਮਹਾਰਾਜ ਜੀ ਸਬੰਧਤ ਧਾਰਮਿਕ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬੀਬੀ ਸਵਰਨ ਕੌਰ ਭਗਾਣੀ ਜੀ ਨੇ ਵੀ ਸ਼ਬਦ ਗਾਇਨ ਕੀਤਾ।

ਅੱਜ ਦੇ ਧਾਰਮਿਕ ਦੀਵਾਨ ਦੀ ਵਿਸ਼ੇਸ਼ਤਾ ਇਹ ਰਹੀ ਕਿ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਹਫਤਾਵਰੀ ਅਖਬਾਰ ਦੇ ਮੁੱਖ ਸੰਪਾਦਕ ਨੇ ਵੀ ਸ਼ਿਰਕਤ ਕੀਤੀ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਮੁੱਖ ਰੱਖਦਿਆਂ ਸਭ ਨੇ ਇਕੱਠੇ ਹੋ ਕੇ ਬਾਬਾ ਸਾਹਿਬ ਜੀ ਦੀ ਤਸਵੀਰ ਨਾਲ, ਉਹਨਾਂ ਦੇ 61ਵੇਂ ਪ੍ਰੀਨਿਰਵਾਣ ਦਿਵਸ 'ਤੇ ਸਾਦਰ ਪ੍ਰਣਾਮ/ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ, ਜਿਹਨਾਂ ਆਪਣਾ ਕੀਮਤੀ ਸਮਾਂ ਕੱਢ ਕੇ ਹਾਜ਼ੀਰ ਭਰੀ ਤੇ ਸ੍ਰੀ ਸ਼ਾਮ ਲਾਲ ਸੌਂਧੀ ਤੇ ਸ੍ਰੀ ਵਿਨੋਦ ਗਿੱਲ ਨੇ ਵਾਰੋ-ਵਾਰੀ ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਈ। ਇਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਉਪ ਪ੍ਰਧਾਨ ਸ੍ਰੀ ਸੰਤੋਖ ਸਿੰਘ ਗਿੱਲ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਮੰਦਰ ਦੀ ਡਿਵੈਲਪਮੈਂਟ ਲਈ ਸਾਰੇ ਹੀ ਭੈਣ-ਭਰਾ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਉਣ ਅਤੇ ਹੋਰ ਵੀ ਦਾਨੀ ਪਰਿਵਾਰਾਂ ਨੂੰ ਮੰਦਰ ਦੀ ਡਿਵੈਲਪਮੈਂਟ ਲਈ ਵਿੱਤੀ ਸਹਾਇਤਾ ਲਈ ਸਨਿਮਰ ਬੇਨਤੀ ਕਰਨ, ਕਿਉਂਕਿ ਇਹ ਸਾਂਝਾ ਕਾਰਜ, ਸਾਂਝੇ ਉਪਰਲੇ ਸਦਕਾ ਹੀ ਸੰਭਵ ਹੋ ਸਕਦਾ ਹੈ। ਤੁਸੀਂ ਪਹਿਲਾਂ ਵੀ ਸਹਿਯੋਗ ਕੀਤਾ ਤਾਂ ਹੀ ਅਮਰੀਕਾ 'ਚ ਪਹਿਲਾ ਭਗਵਾਨ ਵਾਲਮੀਕ ਮੰਦਰ ਬਣਾਉਣ 'ਚ ਸਫਲ ਹੋਏ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ








ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 8, 9 ਅਤੇ 10 ਦਸੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ, ਜਿਸ ਵਿਚ 8 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂਦੇ ਭੋਗ ਮਿਤੀ 10 ਦਸੰਬਰ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਆਲੋਚਨਾ ਰਾਏ, ਭਾਈ ਹੀਰਾ ਸਿੰਘ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਕਵਿਤਾ ਸੰਗਤਾਂ ਨੂੰ ਸੁਣਾਈ। ਇਸ ਤੋਂ ਇਲਾਵਾ ਸ਼ਾਮ ਲਾਲ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜੀਵਨ ਸਬੰਧੀ ਕਵਿਤਾ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਟੀਆ ਨੇ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਚਾਨਣਾ ਪਾਇਆ। ਗੁਰਬਖਸ਼ ਸਿੰਘ ਸ਼ੌਂਕੀ ਜੀ ਨੇ ਵੀ ਆਪਣੇ ਗੀਤਾਂ ਰਾਹੀਂ ਵੀ ਗੁਰੂ ਜੀ ਦੇ ਜੀਵਨ ਸਬੰਧੀ ਲੋਕਾਂ ਨੂੰ ਨਿਹਾਲ ਕੀਤਾ।

### ਬੋਰਡ ਆਫ ਟਰੱਸਟ ਦੀ ਮੀਟਿੰਗ

ਬੀਤੀ 3 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੋਰਡ ਆਫ ਟਰੱਸਟ ਦੀ ਮੀਟਿੰਗ ਹੋਈ, ਜਿਸ ਵਿਚ ਉਪ-ਨਿਯਮਾਂ ਦੇ ਮੁਤਾਬਕ ਦੋ ਸਾਲਾਂ ਬਾਅਦ ਕਮੇਟੀ ਦੀ ਚੋਣ ਕੀਤੇ ਜਾਣ ਦਾ ਫੈਸਲਾ ਕੀਤਾ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਅਗਲੇਰੇ ਪ੍ਰੋਗਰਾਮ

### ਸੰਗਰਾਂਦ


ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 15 ਦਸੰਬਰ 2017 ਨੂੰ ਸੰਗਰਾਂਦ ਦਾ ਦਿਹਾੜਾ ਸ਼ਾਮੀ 5 ਤੋਂ 7 ਵਜੇ ਤੱਕ ਮਨਾਇਆ ਜਾਵੇਗਾ।

### ਸ਼ਹੀਦੀ ਦਿਵਸ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 15, 16, 17 ਦਸੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ। ਅਖੰਡ ਪਾਠ ਸਾਹਿਬ ਦੀ ਆਰੰਭਤਾ 15 ਦਸੰਬਰ ਨੂੰ ਅਤੇ ਭੋਗ 17 ਦਸੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾ ਵਾਚਕ, ਇਲਾਹੀ ਕੀਰਤਨੀਏ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

# ਗਲੋਬਲ ਸੋਲੂਸ਼ਨ ਫਾਰ ਟਰਾਂਸਪੋਰਟੇਸ਼ਨ ਵੱਲੋਂ ਨਵਾਂ ਟਰੱਕ ਕੰਪਲੀਏਂਸ ਅਤੇ ਡਿਸਪੈਚ ਸਾਫਟਵੇਅਰ ਤਿਆਰ


ਸ: ਰਜਿੰਦਰ ਸਿੰਘ


ਸ: ਲਖਬੀਰ ਸਿੰਘ


ਸ: ਸਰਬਜੀਤ ਸਿੰਘ ਸਾਹੀ




ਤਸਵੀਰਾਂ ਅਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)














**ਐਲਕ ਗਰੋਵ (ਡੀ. ਡੀ. ਬੀ.)-** ਗੋਲਬਲ ਸੋਲੂਸਨ ਫਾਰ ਟਰਾਂਸਪੋਰਟੇਸ਼ਨ ਵੱਲੋਂ 8 ਦਸੰਬਰ ਨੂੰ ਤੰਦੂਰੀ ਫਲੇਮ ਐਲਕਗਰੋਵ ਵਿਖੇ ਟਰੱਕਿੰਗ ਬਿਜਨਸ ਖੇਤਰ 'ਚ ਕੰਮ ਕਰਨ ਵਾਲਿਆਂ ਲਈ ਇਕ ਨਵਾਂ ਟਰੱਕ ਕੰਪਲੀਏਂਸ ਅਤੇ ਡਿਸਪੈਚ ਸਾਫਟਵੇਅਰ ਆਰੰਭ ਕੀਤਾ ਗਿਆ ਹੈ। ਇਸ ਨੂੰ ਲਾਂਚ ਕਰਨ ਉਪਰੰਤ ਸ. ਰਜਿੰਦਰ ਸਿੰਘ ਅਤੇ ਸ. ਲਖਵੀਰ ਸਿੰਘ ਨੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

ਇਸ ਮੌਕੇ ਬਹੁਤ ਸਾਰੇ ਟਰੱਕਿੰਗ ਬਿਜਨਸਮੈਨ ਤੇ ਡਰਾਈਵਰ ਵੀਰ ਇਕੱਤਰ ਹੋਏ ਸਨ। ਸ. ਰਜਿੰਦਰ ਸਿੰਘ ਨੇ ਆਪਣੇ ਨਵੇਂ ਸਾਫਟਵੇਅਰ ਪ੍ਰਤੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਡੇ ਸਾਰੇ ਟਰੱਕਰ ਵੀਰਾਂ ਨੂੰ ਆਪਣੇ ਕੰਮ ਨੂੰ ਵਧੀਆ ਅਤੇ ਪ੍ਰੋਫੈਸ਼ਨਲ ਰੱਖਣ ਲਈ ਬਹੁਤ ਸਾਰੀਆਂ ਸਾਵਧਾਨੀਆਂ ਵਰਤਣ ਦੀ ਜ਼ਰੂਰਤ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਸਰਕਾਰ ਵੱਲੋਂ ਈ.ਐਲ. ਡੀ. ਵਰਗੀਆਂ ਬਹੁਤ ਛੇਤੀ ਟਰੱਕ ਮਾਲਕਾਂ ਨੂੰ ਸ਼ਿਕੰਜੇ ਵਿਚ ਕਸਣ ਲਈ ਹੋਰ ਕਾਰਵਾਈਆਂ ਕੀਤੇ ਜਾਣ ਤੋਂ ਬਚਿਆ ਨਹੀਂ ਜਾ ਸਕੇਗਾ।

ਅਲੱਗ ਅਲੱਗ ਪਹਿਲੂਆਂ 'ਤੇ ਗੱਲਬਾਤ ਕਰਦਿਆਂ ਸ. ਰਜਿੰਦਰ ਸਿੰਘ ਨੇ ਕਿਹਾ ਕਿ ਟਰੱਕਿੰਗ ਕੈਰੀਅਰ ਬੜਾ ਜ਼ਿੰਮੇਵਾਰੀ ਵਾਲਾ ਪੇਸ਼ਾ ਹੈ, ਇਸ ਲਈ ਇਸ ਵਿਚ ਵਰਤੀ ਗਈ ਗੈਰ-ਜ਼ਿੰਮੇਵਾਰੀ ਸਾਡਾ ਬਹੁਤ ਨੁਕਸਾਨ ਵੀ ਕਰ ਸਕਦੀ ਹੈ। ਉਹਨਾਂ ਕਿਹਾ ਕਿ ਸਾਡਾ ਇਹ ਤਿਆਰ ਕੀਤਾ ਸਾਫਟਵੇਅਰ ਟਰੱਕਿੰਗ ਖੇਤਰ 'ਚ ਬੜਾ ਲਾਭਦਾਇਕ ਹੋਵੇਗਾ, ਜਿਸ ਤਹਿਤ ਟਰੱਕ ਡਰਾਈਵਰਾਂ ਦੀਆਂ ਅਰਜ਼ੀਆਂ, ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਨਾਲ ਰਿਕਾਰਡ ਕੰਪਿਊਟਰ 'ਚ ਰੱਖਣਾ ਆਸਾਨ ਕਰ ਦਿੱਤਾ ਗਿਆ ਹੈ ਅਤੇ ਇਸਦੇ ਨਾਲ ਹੀ ਬਿਲਿੰਗ ਦਾ ਕੰਮ ਵੀ ਹੋਰ ਆਸਾਨ ਕਰ ਦਿੱਤਾ ਗਿਆ ਹੈ।

ਇਹ ਡਿਸਪੈਚ ਤੇ ਡਰਾਈਵਰ ਵੀਰ ਨੂੰ ਫੋਨ ਉਤੇ ਵੀ ਆਟੋਮੈਟਿਕ ਸਹੂਲਤ ਉਪਲਬਧ ਕਰ ਦਿੱਤੀ ਗਈ ਹੈ। ਇਸ ਮੌਕੇ ਈਜ਼ੀ ਈ.ਐਲ.ਡੀ. (eZee ELD) ਦੇ ਪ੍ਰਧਾਨ ਸ. ਸਰਬਜੀਤ ਸਿੰਘ ਸਾਹੀ ਜੀ ਨੇ ਵੀ ਵਿਸਥਾਰ ਪੂਰਵਕ ਚਾਨਣਾ ਪਾਇਆ।

ਅਖੀਰ ਵਿਚ ਸ. ਰਜਿੰਦਰ ਸਿੰਘ ਜੀ ਨੇ ਪਹੁੰਚੇ ਹੋਏ ਸਾਰੇ ਟਰੱਕਿੰਗ ਬਿਜਨਸ ਕਰਨ ਵਾਲੇ ਭਰਾਵਾਂ ਦਾ ਧੰਨਵਾਦ ਕੀਤਾ ਅਤੇ ਇਸ ਤੋਂ ਬਾਅਦ ਸ਼ਾਨਦਾਰ ਡਿਨਰ ਦਿੱਤਾ ਗਿਆ। ਇਸ ਮੌਕੇ ਹੋਰ ਬਹੁਤ ਸਾਰੇ ਸੱਜਣ-ਮਿੱਤਰ ਮੌਜੂਦ ਸਨ: Kuldeep Singh and Sewa Singh from Capital Accounting woodland, Randhir Singh Dhira Nijjar, Boparai, Davinder Singh US Transport, Lakhvir Aujla Aujla Trucking, Amarjit Singh A S Carrier, Sudhir Bali from Om Trucking, Amaneet Singh five River Trucking, Gurinder Singh Ghuman Green Freight-liner, Mohinder Singh Kaler Sacramento, Amandeep Singh Sacramento and Hunter Trucking ਆਦਿ ਵਰਣਨਯੋਗ ਹਨ।



ਡਾ. ਮਨਮੋਹਨ ਸਿੰਘ



ਸ੍ਰੀ ਰਾਹੁਲ ਗਾਂਧੀ



ਸ੍ਰੀਮਤੀ ਸੋਨੀਆ ਗਾਂਧੀ



ਕੈਪਟਨ ਅਮਰਿੰਦਰ ਸਿੰਘ

# ਸ੍ਰੀ ਰਾਹੁਲ ਗਾਂਧੀ ਦੁਆਰਾ ਕਾਂਗਰਸ ਦੀ ਕੌਮੀ ਪੱਧਰ ਤੇ ਕਮਾਨ ਸੰਭਾਲਣ ਦੀ ਸਮੂਹ ਕਾਂਗਰਸ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਸਮਰਥਕਾਂ ਨੂੰ ਲੱਖ-ਲੱਖ ਵਧਾਈਆਂ

ਜਾਰੀ ਕਰਤਾ

# ਪਾਲ ਸਿਹੋਤਾ

## ਚੇਅਰਮੈਨ

## ਵੈਸਟ ਕੌਸਟ ਇੰਡੀਅਨ ਓਵਰਸੀਜ਼ ਕਾਂਗਰਸ

559-269-6974

SmartWay®
Transport Partnership
Getting There With Cleaner Air

3545 E Data Avenue
Fresno CA 93735-1933



# ਕੈਲੰਡਰ ਸਬੰਧੀ ਪਈ ਦੁਬਿਧਾ ਲਈ ਜਿੰਮੇਵਾਰ ਕੌਣ?



ਸਰਵਜੀਤ ਸਿੰਘ ਸੈਕਰਾਮੈਂਟੋ
916-230-2102

ਪਿਛਲੇ ਦਿਨੀਂ ਇਕ ਲੇਖ "ਚਿੰਤਾਜਨਕ ਹੈ ਕੈਲੰਡਰ ਸਬੰਧੀ ਸਿੱਖ ਪੰਥ ਵਿਚ ਪਈ ਦੁਬਿਧਾ" ਪੜ੍ਹਨ ਨੂੰ ਮਿਲਿਆ। ਲੇਖਕ ਨੇ ਸਮੱਸਿਆ ਦਾ ਤਾਂ ਜਿਕਰ ਕੀਤਾ ਹੈ,ਪਰ ਸਮੱਸਿਆ ਦਾ ਹੱਲ ਨਹੀਂ ਦੱਸਿਆ। ਨਾ ਹੀ ਦੁਬਿਧਾ ਪਾਉਣ ਵਾਲਿਆਂ ਦੀ ਨਿਸ਼ਾਨਦੇਹੀ ਕੀਤੀ ਹੈ।ਸਗੋਂਆਪ ਹੀ ਜੱਜ ਬਣਕੇ ਫ਼ਤਵਾ ਵੀ ਸੁਣਾ ਦਿੱਤਾ ਹੈ, "ਝੂਠਾ ਰੌਲਾ ਪਾਉਣ ਵਾਲੇ ਇਨ੍ਹਾਂ ਲੋਕਾਂ ਦੀ ਮਨਸ਼ਾ ਸਾਡੇ ਤੋਂ ਲੁਕੀ ਹੋਈ ਨਹੀਂ ਹੈ। ਅਸੀਂ ਬੜੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਇਨ੍ਹਾਂ ਲੋਕਾਂ ਦੇ ਮਨਾਂ ਵਿਚ ਕੀ ਪਾਪ ਛੁਪਿਆ ਹੋਇਆ ਹੈ। ਸਾਨੂੰ ਇਸ ਗੱਲ ਦਾ ਵੀ ਭੁਲੇਖਾ ਨਹੀਂ ਕਿ ਇਹ ਲੂਤੀ ਕਿਵੇਂ ਲਾਈ ਗਈ ਹੈ। ਕਿਨ੍ਹਾਂ ਲੋਕਾਂ ਦੀ ਸੋਚ ਨੇ ਪੰਥ ਵਿਚ ਇਹ ਵੱਡੀ ਦੁਬਿਧਾ ਖੜ੍ਹੀ ਕਰਕੇ ਰੱਖ ਦਿੱਤੀ ਪਰ ਸਤਿਗੁਰੂ ਜੀ ਦਾ ਫੁਰਮਾਣ ਹੈ ਕਿ 'ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ'। ਆਓ ਪਹਿਲਾ ਦੁਬਿਧਾ ਪਾਉਣ ਵਾਲਿਆਂ ਦੀ ਨਿਸ਼ਾਨਦੇਹੀ ਕਰੀਏ;

ਲੇਖਕ, ਜਿਸ ਸ਼ਬਦ ਦੀ ਵਾਰ-ਵਾਰ ਵਰਤੋ ਕਰਦਾ ਹੈ ਉਹ ਹੈ ਦੁਬਿਧਾ। ਦੁਬਿਧਾ, ਮਨ ਦੀ ਡਾਵਾਂ ਡੋਲ ਸਥਿਤੀ ਅਤੇ ਫੈਸਲਾ ਲੈਣ ਦੀ ਅਸਮਰੱਥਾ ਨੂੰ ਕਿਹਾ ਜਾਂਦਾ ਹੈ। ਇਸ ਦਾ ਮੁਖ ਕਾਰਨ ਹੈ ਅਗਿਆਨਤਾ। ਦੁਬਿਧਾ ਏਨੀ ਮਾੜੀ ਵੀ ਨਹੀ ਹੁੰਦੀ ਕਿ ਜਿਸ ਦਾ ਕੋਈ ਹਲ ਹੀ ਨਾ ਹੋਵੇ, ਪਰ ਜਿੰਮੇਵਾਰ ਵਿਅਕਤੀਆਂ ਵੱਲੋਂ, ਸਮੇਂ ਸਿਰ ਆਪਣੀ ਜਿੰਮੇਵਾਰੀ ਨਾ ਨਿਭਾਉਣ ਕਰਕੇ ਇਹ ਬਹੁਤ ਹੀ ਗੁੰਝਲਦਾਰ ਸਮੱਸਿਆ ਬਣ ਜਾਂਦੀ ਹੈ ਜਾਂ ਜਾਣਬੁਝ ਕੇ ਬਣਾ ਦਿੱਤੀ ਜਾਂਦੀ ਹੈ। ਅੱਜ ਸਿਆਸਤ ਏਨੀ ਭਾਰੂ ਹੋ ਚੁੱਕੀ ਹੈ ਕਿ ਹਰ ਸਮੱਸਿਆ,ਜਿਸ ਨੂੰ ਬਾਣੀ ਦੇ ਸਿਧਾਂਤ,"ਹੋਇ ਇਕੱਤਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ" ਅਨੁਸਾਰ ਬੈਠ ਕਿ ਸੁਲਝਾਇਆ ਜਾਂ ਸਕਦਾ ਹੈ, ਸਿਆਸੀ ਲੋਕਾਂ ਵੱਲੋਂ ਆਪਣੇ ਨਿੱਜੀ ਹਿੱਤਾਂ ਖਾਤਰ ਉਲਝਾ ਦਿੱਤੀ ਜਾਂਦੀ ਹੈ। ਅਜੇਹਾ ਹੀ ਨਾਨਕਸ਼ਾਹੀ ਕੈਲੰਡਰ ਨਾਲ ਹੋਇਆ ਹੈ। ਸਿੱਖ ਰਹਿਤ ਮਰਯਾਦਾ ਤੋਂ ਪਿਛੋਂ ਕੈਲੰਡਰ ਹੀ ਅਜੇਹਾ ਵਿਸ਼ਾ ਹੈ ਜਿਸ ਸਬੰਧੀ ਵਿਦਵਾਨਾਂ ਵੱਲੋਂ ਕਈ ਸਾਲਾਂ ਦੀ ਵਿਚਾਰ ਚਰਚਾ ਉਪ੍ਰੰਤ, ਸ਼੍ਰੋਮਣੀ ਕਮੇਟੀ ਵੱਲੋਂ ਸੰਮਤ 535 ਨਾਨਕਸ਼ਾਹੀ (2003 ਈ:) ਵਿੱਚ ਲਾਗੂ ਕੀਤਾ ਗਿਆ ਸੀ। ਜਿਸ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਖੁਸ਼ੀ-ਖੁਸ਼ੀ ਪ੍ਰਵਾਨ ਕਰ ਲਿਆ ਸੀ। ਪਰ ਅਚਾਨਕ ਹੀ 2010 ਈ: ਵਿਚ ਸ਼੍ਰੋਮਣੀ ਕਮੇਟੀ ਵੱਲੋਂ, ਸੋਧਾਂ ਦੇ ਨਾਮ ਹੇਠ ਮੁੜ ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਗਿਆ। ਹੁਣ ਹਰ ਸਾਲ ਸ਼੍ਰੋਮਣੀ ਕਮੇਟੀ ਨੂੰ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ, ਪਾਕਿਸਤਾਨ ਨੂੰ ਜਥਾ ਭੇਜਣ ਵੇਲੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣ, ਜੇ ਅੱਜ ਦੀ ਸਮੱਸਿਆ ਬਾਰੇ ਗੱਲ ਕਰੀਏ ਤਾਂ ਇਸ ਨੂੰ ਆਰੰਭ ਹੀ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ ਵੱਲੋਂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ ਜੰਤਰੀ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 11 ਪੋਹ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਦਰਜ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਕਾਲ ਤਖਤ ਸਾਹਿਬ ਦੇ ਦਫਤਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਨੂੰ ਬਦਲੀ ਕਰਨ ਲਈ, ਸ਼੍ਰੋਮਣੀ ਕਮੇਟੀ ਨੂੰ ਪੱਤਰ ਕਿਉਂ ਲਿਖਿਆ ਗਿਆ? ਅਕਾਲ ਤਖਤ ਸਾਹਿਬ ਦੇ ਦਫਤਰ ਵੱਲੋਂ ਲਿਖੇ ਪੱਤਰ (ਨੰਬਰ ਅ:ਤ/17/3372 ਮਿਤੀ 26-10-2017) ਵਿੱਚ ਦਰਜ ਪੰਗਤੀ, "ਇਸ ਸਬੰਧੀ ਪਹਿਲ ਦੇ ਅਧਾਰ ਪੁਰ ਕੈਲੰਡਰ ਸਬ-ਕਮੇਟੀ ਰਾਹੀਂ ਉਕਤ ਪ੍ਰਕਾਸ਼ ਪੁਰਬ ਮਨਾਉਣ ਬਾਬਤ ਤੁਰੰਤ ਘੋਖ ਪੜਤਾਲ ਕਰਦਿਆਂ ਅਗਲੀ ਤਾਰੀਖ ਨਿਸ਼ਚਿਤ ਕਰਕੇ ਆਪਣੀ ਰਿਪੋਰਟ ਦਫ਼ਤਰ ਸਕੱਤਰੇਤ, ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਭਿਜਵਾਉਣ ਦੀ ਖੇਚਲ ਕਰਨੀ ਜੀ" ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਬਦਲੀ ਕਰਨ ਦਾ ਆਦੇਸ਼ ਹੈ। ਜਿਸ ਤੇ ਅਮਲ ਕਰਦਿਆਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ, ਮਤਾ ਨੰਬਰ 1216 ਮਿਤੀ 6/11/2017 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ 11 ਪੋਹ ਤੋਂ ਬਦਲ ਕੇ ਨਾਨਕਸ਼ਾਹੀ ਕੈਲੰਡਰ ਮੁਤਾਬਕ 23 ਪੋਹ (5 ਜਨਵਰੀ) ਕਰ ਦਿੱਤੀ। ਇਸ ਅੰਤ੍ਰਿੰਗ ਕਮੇਟੀ ਵਿਚ, ਇਸ ਲੇਖ ਦਾ ਲੇਖਕ ਭਾਈ ਅਮਰਜੀਤ ਸਿੰਘ ਚਾਵਲਾ ਵੀ ਸ਼ਾਮਿਲ ਸੀ। ਜਦੋਂ ਇਹ ਖ਼ਬਰ ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਇਕਬਾਲ ਸਿੰਘ ਜੀ ਪਾਸ ਪੁੱਜੀ ਤਾਂ ਉਨ੍ਹਾਂ ਨੇ ਬਿਆਨ ਦਾਗ਼ ਦਿੱਤਾ ਕਿ ਸ਼੍ਰੋਮਣੀ ਕਮੇਟੀ ਨੂੰ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਬਦਲਣ ਦਾ ਕੋਈ ਅਧਿਕਾਰ ਨਹੀ ਹੈ। ਇਹ ਦਿਹਾੜਾ ਪੋਹ ਸੁਦੀ 7 ਮੁਤਾਬਕ 25 ਦਸੰਬਰ ਨੂੰ ਹੀ ਮਨਾਇਆ ਜਾਵੇਗਾ। 13 ਨਵੰਬਰ ਦਿਨ ਸੋਮਵਾਰ ਨੂੰ ਪੰਜ ਸਿੰਘ ਸਾਹਿਬਾਨ ਤੇ ਆਪਣੀ ਇਕੱਤਰਤਾ ਵਿੱਚ, ਸ਼੍ਰੋਮਣੀ ਕਮੇਟੀ ਵੱਲੋਂ ਭੇਜਿਆ ਗਿਆ ਉਹ ਸੁਝਾਉ (ਨੰਬਰ ਅ:ਤ/ 17/ 3372 ਮਿਤੀ 26/ 10/ 2017) ਰੱਦ ਕਰ ਦਿੱਤਾ ਜੋ ਅਕਾਲ ਤਖਤ ਸਾਹਿਬ ਦੇ ਦਫਤਰ ਵੱਲੋਂ ਪੱਤਰ ਭੇਜ ਕੇ ਹੀ ਮੰਗਵਾਇਆ ਗਿਆ ਸੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਕੱਲਾ ਗਿਆਨੀ ਇਕਬਾਲ ਸਿੰਘ, ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਤੇ ਕਿਵੇਂ ਭਾਰੀ ਪੈ ਗਿਆ, ਇਸ ਪਿਛੇ ਕਿਹੜੀ ਸਾਜ਼ਿਸ਼ ਕੰਮ ਕਰਦੀ ਸੀ? ਚੰਗਾ ਹੁੰਦਾ ਜੇ ਭਾਈ ਅਮਰਜੀਤ ਸਿੰਘ ਚਾਵਲਾ, ਇਸ ਬਾਰੇ ਚਾਰ ਸ਼ਬਦ ਲਿਖ ਕੇ ਚਾਨਣ ਪਾ ਦਿੰਦੇ। ਖੈਰ...ਇਸ ਗੱਲ ਨੂੰ ਤਾਂ ਹੁਣ ਸਾਰਾ ਸਿੱਖ ਜਗਤ ਜਾਣਦਾ ਹੀ ਹੈ।




ਅੱਜ ਦੀ ਸਮੱਸਿਆ ਇਹ ਹੈ ਕਿ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਇਕੱਠੇ ਆ ਰਹੇ ਹਨ। ਜਦੋਂ ਕਿ ਪਿਛਲੇ ਸਾਲ ਇਹ ਵੱਖ-ਵੱਖ ਤਾਰੀਖ਼ਾਂ ਨੂੰ ਆਏ ਸਨ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 2016-17 ਈ: ਦੀ ਜੰਤਰੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 22 ਪੋਹ,ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਦਰਜ ਹੈ। 2017-18 ਈ: ਦੀ ਜੰਤਰੀ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਹੀ ਦਰਜ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ 11 ਪੋਹ ਦਰਜ ਹੈ। ਜਦੋਂ ਕਿ ਇਹ ਤਿੰਨੇ ਤਾਰੀਖ਼ਾਂ ਹੀ ਸੂਰਜੀ ਬਿਕ੍ਰਮੀ ਕੈਲੰਡਰ ਦੇ ਪੋਹ ਮਹੀਨੇ ਦੀਆਂ ਹਨ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਜੇ 8 ਪੋਹ ਅਗਲੇ ਸਾਲ ਵੀ 8 ਪੋਹ ਹੈ, ਜੇ 13 ਪੋਹ ਵੀ ਅਗਲੇ 13 ਪੋਹ ਹੀ ਹੈ ਤਾਂ 22 ਪੋਹ ਅਗਲੇ ਸਾਲ 11 ਪੋਹ ਕਿਵੇਂ ਹੋ ਗਈ? ਕੀ ਇਹ ਦੁਬਿਧਾ ਨਹੀਂ ਹੈ? ਇਸ ਲਈ ਜਿੰਮੇਵਾਰ ਕੌਣ ਹੈ? ਕੀ ਇਸ ਬਾਰੇ ਲੇਖਕ ਨੂੰ ਜਾਣਕਾਰੀ ਨਹੀਂ ਹੈ, ਜਾਂ ਉਹ ਜਾਣਬੁਝ ਕੇ ਚੁੱਪ ਹੈ?

ਲੇਖਕ ਲਿਖਦਾ ਹੈ, ਅੱਜ ਬਿਕਰਮੀ, ਸੰਮਤਾਂ, ਵਦੀਆਂ-ਸੁਦੀਆਂ ਉੱਤੇ ਕਿੰਤੂ ਕਰਨ ਵਾਲੇ ਇਹ ਲੋਕ ਕਿਵੇਂ ਭੁੱਲ ਗਏ ਕਿ ਗੁਰਬਾਣੀ ਦੇ ਅੰਦਰ ਜਿਥੇ ਸਮੇਂ ਦਾ ਜ਼ਿਕਰ ਆਇਆ ਹੈ, ਉਹ ਸਾਰਾ ਇਨ੍ਹਾਂ ਹੀ ਸੰਮਤਾਂ, ਵਦੀਆਂ-ਸੁਦੀਆਂ ਦੇ ਆਧਾਰ 'ਤੇ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਤਿ ਗੁਰਾਂ ਨੇ ਦੋ ਵਾਰ ਬਾਰਾਂ ਮਾਹ ਦੀ ਬਾਣੀ ਦਰਜ ਕੀਤੀ ਹੋਈ ਹੈ। ਸਾਡੇ ਇਤਿਹਾਸ ਦੇ ਵੀ ਜੋ ਹਵਾਲੇ ਮਿਲਦੇ ਹਨ, ਉਹ ਵੀ ਇਨ੍ਹਾਂ ਸੰਮਤਾਂ, ਵਦੀਆਂ-ਸੁਦੀਆਂ ਦੇ ਆਧਾਰ 'ਤੇ ਹੀ ਹਨ ਅਤੇ ਇਸੇ ਢੰਗ ਨਾਲ ਇਤਿਹਾਸ ਨੂੰ ਵਾਚਿਆ ਤੇ ਵਿਚਾਰਿਆ ਜਾਂਦਾ ਰਿਹਾ ਹੈ"। ਇਨ੍ਹਾਂ ਸ਼ਬਦਾਂ ਤੋਂ ਇਕ ਗੱਲ ਤਾ ਸਪੱਸ਼ਟ ਹੋ ਜਾਂਦੀ ਹੈ ਕਿ ਲੇਖਕ ਖ਼ੁਦ ਦੁਬਿਧਾ ਦਾ ਸ਼ਿਕਾਰ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਦੋਵੇਂ ਬਾਰਾ-ਮਾਂਹ (ਚੇਤ ਤੋਂ ਫੱਗਣ) ਸੂਰਜੀ ਕੈਲੰਡਰ ਹੈ। ਨਾ ਕਿ ਚੰਦਰ ਸੂਰਜੀ। ਚੰਦਰ ਸੂਰਜੀ ਕੈਲੰਡਰ ਦੇ ਸਾਲ ਦਾ ਆਰੰਭ ਤਾਂ ਚੇਤ ਸੁਦੀ 1 ਤੋਂ ਹੁੰਦਾ ਹੈ ਨਾ ਕਿ 1 ਚੇਤ ਤੋਂ। ਇਸ ਧਰਤੀ ਤੇ ਰੁੱਤਾਂ ਵੀ, ਜਿਨ੍ਹਾਂ ਦਾ ਬਾਣੀ ਵਿੱਚ ਹਵਾਲਾ ਮਿਲਦਾ ਹੈ, ਸੂਰਜ ਕਾਰਨ ਹੀ ਬਦਲਦੀਆਂ ਹਨ। ਰੁੱਤਾਂ ਦਾ ਚੰਦ ਨਾਲ ਕੋਈ ਸਬੰਧ ਨਹੀ ਹੈ। ਇਸੇ ਕਾਰਨ ਹੀ ਨਾਨਕਸ਼ਾਹੀ ਕੈਲੰਡਰ ਵਿੱਚ ਸੂਰਜੀ ਤਾਰੀਖ਼ਾਂ ਨੂੰ ਮੁਖ ਰੱਖਿਆ ਗਿਆ ਹੈ। ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਵਿੱਚ ਇਹ ਗੱਲ ਬਹੁਤ ਹੀ ਸਪੱਸ਼ਟ ਸ਼ਬਦਾਂ ਵਿੱਚ ਲਿਖੀ ਹੋਈ ਹੈ ਕਿ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖ਼ਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰਖਿਆ ਜਾਵੇਗਾ"। ਇਸ ਮੁਤਾਬਕ ਗੁਰੂ ਜੀ ਦੇ ਜਨਮ ਦੀ ਤਾਰੀਖ 23 ਪੋਹ ਹੈ। ਇਹ ਤਾਰੀਖ ਹੀ ਨਾਨਕਸ਼ਾਹੀ ਕੈਲੰਡਰ ਵਿਚ ਦਰਜ ਹੈ। ਜਦੋਂ ਇਹ ਤਾਰੀਖ ਜੂਲੀਅਨ ਕੈਲੰਡਰ ਵਿੱਚ ਲਿਖੀ ਗਈ ਤਾਂ ਇਹ 22 ਦਸੰਬਰ ਲਿਖੀ ਗਈ। ਫਰਜ਼ ਕਰੋ, ਇੰਗਲੈਂਡ ਵੀ ਜੂਲੀਅਨ ਕੈਲੰਡਰ ਦੀ ਸੋਧ ਨੂੰ ਅਕਤੂਬਰ 1582 ਈ: ਵਿਚ ਹੀ ਲਾਗੂ ਕਰ ਦਿੰਦਾ ਤਾਂ ਇਹ ਤਾਰੀਖ 1 ਜਨਵਰੀ 1667 ਈ: (ਗਰੈਗੋ-ਰੀਅਨ) ਲਿਖੀ ਜਾਣੀ ਸੀ। ਜੇ ਕਿਸੇ ਸੱਜਣ ਨੇ ਇਸ ਤਾਰੀਖ ਨੂੰ ਹਿਜਰੀ ਕੈਲੰਡਰ ਵਿੱਚ ਲਿਖਿਆ ਹੋਵੇ ਤਾਂ ਉਥੇ ਇਹ 5 ਰਜ਼ਬ 1077 ਹਿਜਰੀ ਹੋਵੇਗੀ। ਹੁਣ ਜਦੋਂ ਨਾਨਕਸ਼ਾਹੀ ਕੈਲੰਡਰ ਦੀ 23 ਪੋਹ ਹੋਵੇਗੀ ਤਾਂ ਉਸ ਦਿਨ 5 ਜਨਵਰੀ ਹੀ ਹੋਵੇਗੀ।

ਭਾਈ ਅਮਰਜੀਤ ਸਿੰਘ ਚਾਵਲਾ ਦੇ ਇਹ ਸ਼ਬਦ, "ਇਥੇ ਇਕ ਗੱਲ ਸਮਝਣ ਵਾਲੀ ਹੈ ਕਿ ਅਖੌਤੀ ਨਾਨਕਸ਼ਾਹੀ ਕੈਲੰਡਰ ਦਾ ਨਿਰਮਾਤਾ ਪੁਰੇਵਾਲ ਤਾਰੀਖ਼ਾਂ ਅੰਗਰੇਜ਼ੀ ਕੈਲੰਡਰ ਮੁਤਾਬਿਕ ਦੇਣੀਆਂ ਚਾਹੁੰਦਾ ਹੈ ਪਰ ਆਪਣੇ ਕੈਲੰਡਰ ਦੇ ਮਹੀਨਿਆਂ ਦੇ ਨਾਂਅ ਬਿਕਰਮੀ ਕੈਲੰਡਰ ਵਾਲੇ ਦੇਣੇ ਚਾਹੁੰਦਾ ਹੈ।

ਇਸ ਮਿਲਗੋਭੇ ਨੇ ਅਤੇ ਪੁਰੇਵਾਲ ਦੀ ਆਪਣੀ ਦੁਬਿਧਾ ਨੇ ਹੀ ਸਾਰੀ ਕੌਮ ਵਿਚ ਦੁਬਿਧਾ ਖੜ੍ਹੀ ਕਰ ਦਿੱਤੀ ਹੈ" ਵੀ ਅਸਲੀਅਤ ਤੋਂ ਕੋਹਾਂ ਦੂਰ ਹਨ। ਜਦੋਂ ਕਿ ਸਚਾਈ ਇਹ ਹੈ ਕਿ ਮਿਲਗੋਭਾ ਕੈਲੰਡਰ, ਨਾਨਕਸ਼ਾਹੀ ਨਹੀਂ ਸਗੋਂ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਦੇ ਨਾਮ ਹੇਠ ਛਾਪਿਆ ਜਾਂਦਾ ਬਿਕ੍ਰਮੀ ਕੈਲੰਡਰ ਹੈ।

ਜਿਸ ਵਿੱਚ ਕੁਝ ਦਿਹਾੜੇ ਚੰਦਰ ਸੂਰਜੀ ਬਿਕ੍ਰਮੀ ਮੁਤਾਬਕ, ਜਿਸ ਦੇ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ ਜਦੋਂ ਇਸ ਵਿਚ ਤੇਰਵਾਂ ਮਹੀਨਾ ਜੋੜ ਦਿੱਤਾ ਜਾਂਦਾ ਹੈ ਤਾ ਇਸ ਦੇ ਸਾਲ ਦੀ ਲੰਬਾਈ 384/85 ਦਿਨ ਹੋ ਜਾਂਦੀ ਹੈ। ਕੁਝ ਦਿਹਾੜੇ ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ, ਜਿਸ ਦੇ ਸਾਲ ਦੀ ਲੰਬਾਈ 365.2563 ਦਿਨ ਅਤੇ ਕੁਝ ਦਿਹਾੜੇ ਗਰੈਗੋਰੀਅਨ ਕੈਲੰਡਰ ਮੁਤਾਬਕ ਜਿਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ, ਮਨਾਏ ਜਾਂਦੇ ਹਨ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਮੁਤਾਬਕ ਰੱਖੀ ਗਈ ਹੈ। ਸਾਰੇ ਗੁਰਪੁਰਬ, ਸ਼ਹੀਦੀ ਦਿਹਾੜੇ ਅਤੇ ਇਤਿਹਾਸਿਕ ਦਿਹਾੜੇ, ਇਕੋ ਕੈਲੰਡਰ ਭਾਵ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾਂਦੇ ਹਨ।

ਉਪ੍ਰੋਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ, ਮਿਲਗੋਭਾ ਕੈਲੰਡਰ ਲਾਗੂ ਕਰਕੇ ਪੰਥ ਨੂੰ ਦੁਬਿਧਾ ਵਿੱਚ ਪਾਉਣ ਲਈ ਸ਼੍ਰੋਮਣੀ ਗੁਰਦਵਾਰਾਪ੍ਰਬੰਧਕ ਕਮੇਟੀ ਹੀ ਜਿੰਮੇਵਾਰ ਹੈ। ਆਓ, ਸ਼੍ਰੋਮਣੀ ਕਮੇਟੀ ਦੀ ਨੀਤੀ ਨੂੰ ਸਮਝੀਏ ਅਤੇ ਦੁਬਿਧਾ ਤੋਂ ਛੁਟਕਾਰਾ ਪਾਈਏ ਅਤੇ ਆਪਣੇ ਸਾਰੇ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਮਨਾਈਏ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਬੇ-ਏਰੀਆ ਵਲੋਂ ਉਸਤਾਦ ਸ਼ਾਇਰ ਕਮਲ ਦੇਵ ਪਾਲ ਦਾ ਗ਼ਜ਼ਲ-ਸੰਗ੍ਰਿਹ 'ਸਰਘੀ, ਸੂਰਜ ਲੋਅ' ਲੋਕ ਅਰਪਿਤ





**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਬੇ ਏਰੀਆ ਵਲੋਂ ਮਹਿਰਾਨ ਰੈਸਟੋਰੈਂਟ ਵਿਖੇ ਅਕੈਡਮੀ ਦੇ ਚੇਅਰਮੈਨ ਪ੍ਰੋ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਇਕ ਸਾਹਿਤਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਪਹਿਲੇ ਸੈਸ਼ਨ ਵਿਚ ਡਾ. ਸੁਹਿੰਦਰਬੀਰ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੁਖਵਿੰਦਰ ਕੰਬੋਜ, ਕਮਲ ਦੇਵ ਪਾਲ , ਗੀਤਕਾਰ ਮੱਖਣ ਲੁਹਾਰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਏ। ਕਮਲ ਦੇਵ ਪਾਲ ਦੇ ਪ੍ਰੇਰਨਾ ਸਰੋਤ ਵੱਡੇ ਵੀਰ ਕੁੰਦਨ ਪਾਲ ਨੇ ਗ਼ਜ਼ਲ ਗਾਇਨ ਕਰਨ ਉਪਰੰਤ ਦੱਸਿਆ ਕਿ ਕਮਲ ਦੇਵ ਪਾਲ ਨੇ ਨੌਵੀਂ-ਦਸਵੀਂ ਕਲਾਸ ਵਿਚ ਲਿਖਣਾ ਸ਼ੁਰੂ ਕੀਤਾ ਸੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਅਸੀਂ ਘਰ ਵਿਚ ਹਰ ਬੱਚੇ ਦੇ ਜਨਮ ਦਿਨ ਨੂੰ ਕਮਲ ਦੇਵ ਪਾਲ ਦੇ ਗੀਤ ਗਾ ਕੇ ਮਨਾਉਂਦੇ ਆ ਰਹੇ ਹਾਂ। ਇਸ ਉਪਰੰਤ ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਹਰਭਜਨ ਢਿੱਲੋਂ ਆਦਿ ਨੇ ਕਮਲ ਦੇਵ ਪਾਲ ਨੂੰ ਵਧਾਈ ਦਿੱਤੀ। ਪ੍ਰੋ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਫ਼ਰਿਜ਼ਨੋ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਪੜ੍ਹੇ ਗਏ ਕੁੱਝ ਪੇਪਰਾਂ ਵਿਚ ਕਮਲ ਦੇਵ ਪਾਲ ਦੇ ਸ਼ੇਅਰ ਅੰਕਿਤ ਸਨ।ਇਹ ਇਸ ਸ਼ਾਇਰ ਦੀ ਅਸਲੀ ਪ੍ਰਾਪਤੀ ਹੈ। ਸਰਘੀ, ਸੂਰਜ ਲੋਅ ਦੀਆਂ ਗ਼ਜ਼ਲਾਂ ਲੋਕਾਂ ਦੇ ਦੁੱਖ਼ ਦਰਦ ਨੂੰ ਬਿਆਨਦੀਆਂ ਹਨ। ਉਸਨੇ ਆਪਣੀ ਗ਼ਜ਼ਲ ਵਿਚ ਇਸ਼ਕ ਦੀਆਂ ਪੂਣੀਆਂ ਨਹੀ ਵੱਟੀਆਂ ਸਗੋਂ ਆਪਣੀ ਗ਼ਜ਼ਲ ਨੂੰ ਇਸ ਤੋਂ ਵੀ ਅੱਗੇ ਤੋਰ ਕੇ ਸਮੇਂ ਦੇ ਹਾਣ ਦੀ ਬਣਾਇਆ ਹੈ। ਕੁਲਵਿੰਦਰ ਨੇ ਕਮਲ ਦੇਵ ਪਾਲ ਦੀ ਗ਼ਜ਼ਲ ਦੇ ਤਕਨੀਕੀ ਪੱਖ ਦਾ ਭਾਵ ਪੂਰਨ ਵਿਸ਼ਲੇਸ਼ਣ ਕੀਤਾ। ਉਸਨੇ ਕਮਲ ਦੇਵ ਪਾਲ ਦੀ ਗ਼ਜ਼ਲ ਦੇ ਵੱਖ-ਵੱਖ ਰੂਪਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਕਮਲ ਦੇਵ ਪਾਲ ਵਲੋਂ ਗ਼ਜ਼ਲ ਵਿਚ ਵਰਤੇ ਬਿੰਬਾਂ ਅਤੇ ਅਲੰਕਾਰਾਂ ਦੀ ਭਰਵੀਂ ਤਾਰੀਫ਼ ਕਰਦੇ ਹੋਏ, ਰੂਪ ਅਤੇ ਬਣਤਰ ਪੱਖੋਂ ਸ਼ੇਅਰਾਂ ਦੀ ਪੁਖਤਗੀ ਲਈ ਵਧਾਈ ਦਿੱਤੀ।

ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਕਿਹਾ ਕਿ ਕਮਲ ਦੇਵ ਪਾਲ ਦੀ ਗ਼ਜ਼ਲ ਪੇਸ਼ਕਾਰੀ ਬਾ-ਕਮਾਲ ਹੈ। ਮੱਖਣ ਲੁਹਾਰ ਨੇ ਕਿਹਾ ਕਿ ਕਮਲ ਦੇਵ ਪਾਲ ਦੀ ਬਿੰਬ-ਵਿਧਾਨ 'ਤੇ ਪੂਰੀ ਪਕੜ ਹੈ। ਡਾ. ਸੁਹਿੰਦਰਬੀਰ ਸਿੰਘ ਨੇ ' ਸਰਘੀ, ਸੂਰਜ ਲੋਅ' ਬਾਰੇ ਪੰਜਾਬ ਟਾਈਮਜ਼ ਵਿਚ ਪ੍ਰਕਾਸ਼ਿਤ ਸੁਰਿੰਦਰ ਸੋਹਲ ਦਾ ਲਿਖਿਆ ਪੇਪਰ ਪੜ੍ਹਦੇ ਕਮਲ ਦੇਵ ਪਾਲ ਨੂੰ ਹਾਸ਼ੀਏ 'ਤੇ ਬੈਠੇ ਲੋਕਾਂ ਲਈ ਕਲਮ ਚਲਾਉਣ ਲਈ ਮੁਬਾਰਕ ਦਿੱਤੀ। ਡਾ. ਸੁਹਿੰਦਰਬੀਰ ਸਿੰਘ ਨੇ ਕਿਹਾ ਕਿ ਕਮਲ ਦੇਵ ਪਾਲ ਨੇ ਆਪਣੇ ਸ਼ੇਅਰਾਂ ਵਿਚ ਮਿਥਿਹਾਸ ਨੂੰ ਵੀ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਉਸਦੀ ਸ਼ਾਇਰੀ ਪਰਪੱਕ ਹੈ:

ਹੰਝੂ, ਬਰਖਾ, ਝਾਂਜਰ ਦਾ ਕੋਈ ਮੇਲ ਨਹੀਂ,
ਫਿਰ ਵੀ ਤਿੰਨੇ ਛਮ-ਛਮ ਕਰਦੇ ਆਪਣੀ ਥਾਂ

ਇਸ ਸੈਸ਼ਨ ਉਪਰੰਤ ਪੁਸਤਕ ਲੋਕ ਅਰਪਿਤ ਕੀਤੀ ਗਈ। ਇਸ ਪੁਸਤਕ ਨੂੰ ਲੋਕ ਅਰਪਿਤ ਕਰਨ ਵਾਲਿਆਂ ਵਿਚ ਕਮਲ ਦੇਵ ਪਾਲ ਦੀ ਅਰਧਾਂਗਨੀ ਸੰਤੋਸ਼ ਪਾਲ. ਭਾਬੀ ਗੁਰਬਖ਼ਸ਼ ਪਾਲ, ਭੈਣ ਸ਼ਕੁੰਤਲਾ ਹੀਰ ਅਤੇ ਪਰਿਵਾਰ ਦੀਆਂ ਨੂੰਹਾਂ ਅਮਨਦੀਪ ਪਾਲ, ਚੀਮਾ ਪਾਲ, ਪ੍ਰੀਤ ਹੀਰ, ਪ੍ਰਦੀਪ ਪਾਲ ਸ਼ਾਮਿਲ ਸਨ। ਇਸ ਮੌਕੇ ਅਕੈਡਮੀ ਵਲੋਂ ਕਮਲ ਦੇਵ ਪਾਲ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਦੂਜੇ ਸੈਸ਼ਨ ਵਿਚ ਕਵੀ ਦਰਬਾਰ ਹੋਇਆ।ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਹਰਭਜਨ ਸਿੰਘ ਢਿੱਲੋਂ, ਈਸ਼ਰ ਸਿੰਘ ਮੋਮਨ, ਰਾਠੇਸ਼ਵਰ ਸਿੰਘ ਸੂਰਾਪੁਰੀ, ਡਾ. ਖੁਆਜਾ ਅਸ਼ਰਫ਼ ਅਤੇ ਮੈਡਮ ਨਿਰਮਲਜੀਤ ਕੌਰ ਸ਼ਾਮਿਲ ਸਨ।

ਕਵੀ ਦਰਬਾਰ ਵਿਚ ਕਮਲ ਦੇਵ ਪਾਲ, ਕੁੰਦਨ ਪਾਲ, ਤਾਰਾ ਸਾਗਰ, ਗੁਲਸ਼ਨ ਦਿਆਲ, ਮੱਖਣ ਲੁਹਾਰ, ਹਰਭਜਨ ਢਿੱਲੋਂ, ਗੁਰਮੀਤ ਸਿੰਘ ਬਰਸਾਲ, ਈਸ਼ਰ ਸਿੰਘ ਮੋਮਨ, ਰਾਠੇਸ਼ਵਰ ਸਿੰਘ ਸੂਰਾਪੁਰੀ, ਸੁਹਿੰਦਰਬੀਰ ਸਿੰਘ, ਰੇਸ਼ਮ ਸਿੱਧੂ, ਹਰਦੇਵ, ਡਾ. ਖ਼ੁਆਜਾ ਅਸ਼ਰਫ਼ ਸ਼ਾਮਿਲ ਸਨ। ਵਿਨੋਦ ਚੁੰਬਰ ਨੇ ਇਸ ਪ੍ਰੋਗਰਾਮ ਤੋਂ ਖ਼ੁਸ਼ ਹੋ ਕੇ ਪ੍ਰੋਗਰਾਮ ਨੂੰ ਸਪਾਂਸਰ ਕੀਤਾ।ਇਸ ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਨੀਲਮ ਸੈਣੀ ਨੇ ਬਾਖ਼ੂਬੀ ਨਿਭਾਇਆ।


**ਰਿਪੋਰਟ: ਨੀਲਮ ਸੈਣੀ**

# ਭਾਰਤ ਲੋਕ ਪੱਖੀ ਕਾਨੂੰਨ ਬਣਾਉਣ ਵਿੱਚ ਅਕਸਰ ਹੀ ਅੱਗੇ ਰਹਿੰਦਾ ਹੈ ਪਰ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਪਿੱਛੇ ਹੀ ਰਹਿੰਦੀਆਂ ਹਨ



ਕੁਲਦੀਪ ਚੰਦ
91-9417563054

ਮਨੁੱਖੀ ਅਧਿਕਾਰ ਮਨੁੱਖ ਦੇ ਉਹ ਮੁਢਲੇ ਅਧਿਕਾਰ ਹਨ ਜਿਸ ਨਾਲ ਕਿਸੇ ਵੀ ਮਨੁੱਖ ਨੂੰ ਨਸਲ, ਜਾਤੀ, ਧਰਮ, ਲਿੰਗ ਆਦਿ ਕਿਸੇ ਵੀ ਆਧਾਰ ਤੇ ਵਾਂਝਾ ਨਹੀਂ ਕੀਤਾ ਜਾ ਸਕਦਾ ਹੈ। ਜੇਕਰ ਵਿਸ਼ਵ ਪੱਧਰ ਤੇ ਦੇਖਿਆ ਜਾਵੇ, ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮਨੁੱਖੀ ਅਧਿਕਾਰਾਂ ਦਾ ਰੂਪ ਅਲੱਗ-ਅਲੱਗ ਹੈ। ਸਾਰੇ ਮਨੁੱਖ ਬਰਾਬਰ ਦੀ ਹੋਂਦ ਅਤੇ ਅਧਿਕਾਰਾਂ ਦੇ ਨਾਲ ਸੁਤੰਤਰ ਰੂਪ ਨਾਲ ਜਨਮੇ ਹਨ। ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜੀਵਨ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਵਿਚਾਰ ਰੱਖਣ ਅਤੇ ਬੋਲਣ ਦਾ ਅਧਿਕਾਰ, ਸੰਪਤੀ ਦਾ ਅਧਿਕਾਰ, ਸਮਾਜਿਕ-ਆਰਥਿਕ ਅਧਿਕਾਰ ਆਦਿ ਸ਼ਾਮਲ ਹਨ। ਅੱਜ ਦੁਨੀਆ ਦੀ ਵੱਡੀ ਆਬਾਦੀ ਸਮਾਜਿਕ ਨਾਬਰਾਬਰੀ ਵਿੱਚ ਪਿਸ ਰਹੀ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਅਜਿਹਾ ਇਸ ਲਈ ਨਹੀਂ ਹੈ ਕਿ ਲੋਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਪਤਾ ਨਹੀਂ ਬਲਕਿ ਸਮਾਜ ਵਿੱਚ ਫੈਲੀ ਨਾਬਰਾਬਰੀ ਦਾ ਕਾਰਨ ਸਰਕਾਰਾਂ ਦਾ ਖੁਦ ਇਸ ਵਿਸ਼ੇ ਤੇ ਜਨਤਾ ਨੂੰ ਗੁੰਮਰਾਹ ਕਰਨਾ ਅਤੇ ਉਚਿਤ ਕਦਮ ਨਾ ਚੁੱਕਣਾ ਹੈ। ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁੱਖੀ ਅਧਿਕਾਰਾਂ ਦੀ ਯੂਨੀਵਰਸਲ ਘੋਸ਼ਣਾ ਕੀਤੀ ਅਤੇ ਇਸ ਸਬੰਧੀ 04 ਦਸੰਬਰ, 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸ ਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁੱਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। 10 ਦਸੰਬਰ, 2008 ਨੂੰ ਮਨੁੱਖੀ ਅਧਿਕਾਰਾਂ ਲਈ ਪਾਸ ਮਤੇ ਦੇ 60 ਸਾਲ ਮੁਕੰਮਲ ਹੋਣ ਤੇ ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਨੇ ਪੂਰਾ ਸਾਲ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਹਰ ਸਾਲ ਅੱਜ ਦੇ ਦਿਨ 10 ਦਸੰਬਰ ਨੂੰ ਸਾਰੀ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਪਾਠ ਪੜ੍ਹਾਇਆ ਜਾਂਦਾ ਹੈ। ਮਨੁੱਖੀ ਅਧਿਕਾਰ ਸਿਰਫ਼ ਸੈਮੀਨਾਰਾਂ, ਭਾਸ਼ਣਾਂ ਆਦਿ ਤੱਕ ਸੀਮਿਤ ਹੋਕੇ ਰਹਿ ਜਾਂਦੇ ਹਨ। ਆਮ ਆਦਮੀ ਨੂੰ ਇਸ ਦੀ ਪਰਿਭਾਸ਼ਾ ਤੱਕ ਵੀ ਪਤਾ ਨਹੀਂ ਹੈ। ਕੁਦਰਤ ਨੇ ਇਨਸਾਨ ਨੂੰ ਬਣਾਉਂਦੇ ਸਮੇਂ ਕੋਈ ਫਰਕ ਨਹੀਂ ਰੱਖਿਆ ਹੈ ਅਤੇ ਸਭ ਨੂੰ ਇੱਕ ਬਰਾਬਰ ਹੀ ਬਣਾਇਆ ਹੈ ਪਰ ਇਨਸਾਨ ਨੇ ਖੁਦ ਆਪਣੇ ਲਈ ਕਈ ਸੀਮਾਵਾਂ, ਅੜਚਣਾਂ ਅਤੇ ਵਰਗ ਬਣਾ ਲਏ ਹਨ, ਜਿਸ ਦੇ ਇੱਕ ਪਾਸੇ ਤਾਂ ਉਹ ਅਮੀਰ ਲੋਕ ਹਨ ਜਿਨ੍ਹਾਂ ਦੇ ਲਈ ਸੁਵਿਧਾਵਾਂ ਵੀ ਗੁਲਾਮ ਹੋ ਜਾਂਦੀਆਂ ਹਨ ਦੂਸਰੇ ਪਾਸੇ ਉਹ ਸੰਸਾਰ ਵੱਸਦਾ ਹੈ ਜੋ ਆਪਣੇ ਜੀਵਨ ਦੀਆਂ ਮੌਲਿਕ ਸੁਵਿਧਾਵਾਂ ਦੇ ਲਈ ਵੀ ਗੁਲਾਮ ਬਣਨ ਨੂੰ ਤਿਆਰ ਹੋ ਜਾਂਦਾ ਹੈ। ਇਹ ਸਾਰੇ ਮੁਢਲੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਅਜ਼ਾਦੀ ਤੋਂ ਬਾਦ ਭਾਰਤੀ ਸੰਵਿਧਾਨ ਦੁਆਰਾ ਪ੍ਰਦਾਨ ਕੀਤੇ ਗਏ ਹਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਕਿਹਾ ਗਿਆ ਹੈ ਕਿ ਰਾਜ ਕਿਸੇ ਵੀ ਵਿਅਕਤੀ ਦੀ ਪਹਿਚਾਣ ਮਨੁੱਖ ਦੇ ਰੂਪ ਵਿੱਚ ਕਰੇਗਾ। ਸੰਵਿਧਾਨ ਵਿੱਚ ਹਰੇਕ ਵਿਅਕਤੀ ਦੇ ਬਰਾਬਰ ਵਿਕਾਸ ਦੇ ਲਈ ਮੌਲਿਕ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ। ਜੇਕਰ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਸੰਵਿਧਾਨ ਦੇ ਅੰਤਰਗਤ ਉਹ ਅਦਾਲਤ ਵਿੱਚ ਜਾ ਸਕਦਾ ਹੈ। ਨੀਤੀ ਨਿਰਦੇਸ਼ਕ ਤੱਤਾਂ ਦੇ ਅੰਤਰਗਤ ਰਾਜਾਂ ਦਾ ਇਹ ਕਰਤੱਵ ਨਿਰਧਾਰਤ ਕੀਤਾ ਗਿਆ ਹੈ ਕਿ ਉਹ ਹਰੇਕ ਨਾਗਰਿਕ ਦੇ ਲਈ ਬਰਾਬਰ ਨਿਆਂ ਦੀ ਵਿਵਸਥਾ ਕਰੇ, ਇਸਤਰੀ ਪੁਰਸ਼ ਦੇ ਲਈ ਸਮਾਨ ਅਵਸਰ ਉਪਲਬਧ ਕਰਾਏ, ਬਾਲ ਮਜ਼ਦੂਰੀ ਤੇ ਰੋਕ ਲਗਾਏ, ਹਰੇਕ ਵਿਅਕਤੀ ਦੇ ਕੰਮ ਪ੍ਰਾਪਤ ਕਰਨ, ਸਿੱਖਿਆ ਪ੍ਰਾਪਤ ਕਰਨ ਅਤੇ ਬਿਮਾਰੀ ਜਾਂ ਕਿਸੇ ਹੋਰ ਅਸਮਰਥਤਾ ਦੀ ਸਥਿਤੀ ਵਿੱਚ ਸਰਵਜਨਕ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਦੇ ਲਈ ਉਸ ਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਕਰੇ। ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਬਰਾਬਰਤਾ, ਸੁਤੰਤਰਤਾ, ਸ਼ੋਸ਼ਣ ਵਿਰੋਧ, ਧਾਰਮਿਕ ਸੁਤੰਤਰਤਾ, ਸੰਸਕ੍ਰਿਤੀ ਅਤੇ ਸਿੱਖਿਆ ਅਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਪ੍ਰੰਤੂ ਹਕੀਕਤ ਵਿੱਚ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦਾ ਅਨੰਦ ਸਿਰਫ਼ ਕੁੱਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਹੁਤ ਜ਼ਿਆਦਾ ਚੰਗੀ ਨਹੀਂ ਕਹੀ ਜਾ ਸਕਦੀ ਹੈ। ਮੀਡੀਆ ਦੁਆਰਾ ਸਮੇਂ-ਸਮੇਂ ਤੇ ਸ਼ੋਸ਼ਣ ਦੇ ਵਿਭਿੰਨ ਰੂਪਾਂ ਬਾਰੇ ਦੱਸਿਆ ਜਾਂਦਾ ਹੈ ਜਿਵੇਂ ਮਹਿਲਾਵਾਂ ਅਤੇ ਨਾਬਾਲਗ ਬੱਚੀਆਂ ਦੇ ਨਾਲ ਬਲਾਤਕਾਰ, ਬਾਲ ਮਜ਼ਦੂਰੀ ਨੂੰ ਉਤਸ਼ਾਹਿਤ ਕਰਨਾ, ਹਿਰਾਸਤ ਵਿੱਚ ਮੌਤਾਂ, ਸੁਰੱਖਿਆ ਬਲਾ ਦੁਆਰਾ ਗੈਰ ਜ਼ਰੂਰੀ ਦਖਲ ਅੰਦਾਜ਼ੀ ਆਦਿ। ਅੰਤਰਰਾਸ਼ਟਰੀ ਪੱਧਰ ਤੇ ਅਕਸਰ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਭਾਰਤ ਲੋਕ ਪੱਖੀ ਕਾਨੂੰਨ ਬਣਾਉਣ ਵਿੱਚ ਅਕਸਰ ਹੀ ਅੱਗੇ ਰਹਿੰਦਾ ਹੈ ਪਰ ਇਹਨਾਂ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਪਿੱਛੇ ਹੀ ਰਹਿੰਦੀਆਂ ਹਨ। ਹਿਉਮਨ ਰਾਇਟਸ ਵਾਚ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਵਿਸ਼ੇਸ਼ ਤੋਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਹੈ। ਏਸੀਅਨ ਸੈਂਟਰ ਫਾਰ ਹਿਉਮਨ ਰਾਇਟਸ ਅਨੁਸਾਰ ਭਾਰਤ ਵਿੱਚ ਹਰ ਰੋਜ਼ 4 ਵਿਅਕਤੀਆਂ ਦੀ ਪੁਲਿਸ ਹਿਰਾਸਤ ਵਿੱਚ ਮੌਤ ਹੁੰਦੀ ਹੈ। ਪ੍ਰਸਾਸਕੀ ਸੁਧਾਰ ਸੰਸਥਾਨ ਪੰਜਾਬ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਦੇ ਲਗਭਗ 50 ਫੀਸਦੀ ਪੁਲਿਸ ਅਧਿਕਾਰੀ ਕੈਦੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕਰਦੇ ਹਨ। ਬੱਚਿਆਂ ਦੇ ਜਿਣਸੀ ਸ਼ੋਸ਼ਣ ਮਾਮਲੇ ਵਿੱਚ ਭਾਰਤ ਸਭ ਤੋਂ ਅੱਗੇ ਹੈ ਅਤੇ ਲਗਭਗ 23 ਫੀਸਦੀ ਬੱਚੇ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹਨ। ਬਾਲ ਮਜ਼ਦੂਰੀ, ਬੰਧੂਆ ਮਜ਼ਦੂਰੀ ਅਤੇ ਜਬਰੀ ਮਜ਼ਦੂਰੀ ਦੇ ਮਾਮਲੇ ਵਿੱਚ ਵੀ ਭਾਰਤ ਅੱਗੇ ਹੈ। ਇਹ ਮਨੁੱਖੀ ਅਧਿਕਾਰਾਂ ਦੀ ਭਾਰਤ ਵਿੱਚ ਸਥਿਤੀ ਦੀਆਂ ਕੁੱਝ ਉਦਾਹਰਣਾਂ ਹਨ। 1993 ਵਿੱਚ ਹਿਊਮਨ ਰਾਇਟਸ ਐਕਟ ਅਧੀਨ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸਥਾਪਨਾ ਕੀਤੀ ਗਈ ਤਾਂ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਸਖ਼ਤੀ ਨਾਲ ਨਜਿਠਿਆ ਜਾ ਸਕੇ। ਇਸ ਤੋਂ ਬਾਦ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਵੀ ਮਨੁੱਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਆਪਣੇ ਆਪਣੇ ਅਧਿਕਾਰ ਖੇਤਰ ਵਾਲੇ ਰਾਜਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਮਾਮਲਿਆਂ ਨੂੰ ਵੇਖਦੇ ਹਨ ਅਤੇ ਸਮੇਂ ਸਮੇਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਨੂੰ ਇਸ ਸਬੰਧੀ ਜਰੂਰੀ ਹਦਾਇਤਾਂ ਵੀ ਜਾਰੀ ਕਰਦੇ ਹਨ। ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਸਾਲ 2015-2016 ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਲਗਭਗ 117428 ਮਾਮਲੇ ਆਯੋਗ ਕੋਲ ਪਹੁੰਚੇ ਜਿਨ੍ਹਾਂ ਵਿੱਚੋਂ 106362 ਦਾ ਨਿਪਟਾਰਾ ਕੀਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿੱਚੋਂ ਸਭ ਤੋਂ ਵੱਧ ਮਾਮਲੇ ਲਗਭਗ 44 ਫੀਸਦੀ ਸਿਰਫ਼ ਉਤਰ ਪ੍ਰਦੇਸ਼ ਤੋਂ ਹੀ ਹਨ ਅਤੇ ਦੂਜੇ ਨੰਬਰ ਤੇ ਹਰਿਆਣਾ ਦਾ ਹੈ। ਮਨੁੱਖੀ ਅਧਿਕਾਰ ਆਯੋਗ ਵਲੋਂ ਲਗਭਗ 3483 ਮਾਮਲਿਆਂ ਵਿੱਚ 84 ਕਰੋੜ 57 ਲੱਖ 18 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦੀਆਂ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ। ਅੱਜ ਦੇਸ ਦਾ ਕੋਈ ਵੀ ਸੂਬਾ ਅਤੇ ਭਾਗ ਅਜਿਹਾ ਨਹੀਂ ਹੈ ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਸਾਹਮਣੇ ਨਾਂ ਆ ਰਹੇ ਹੋਣ। ਜੇਕਰ ਇਨ੍ਹਾਂ ਅੰਕੜਿਆਂ ਨੂੰ ਵੇਖੀਏ ਤਾਂ ਦਰਜ ਹੋਏ ਮਾਮਲਿਆਂ ਵਿੱਚ ਗੁੰਮਸ਼ੁਦਗੀ, ਝੂਠੇ ਮਾਮਲਿਆਂ ਵਿੱਚ ਨਜਾਇਜ ਫਸਾਉਣ, ਪੁਲਿਸ ਹਿਰਾਸਤ ਵਿੱਚ ਕੁੱਟਮਾਰ, ਗੈਰ ਕਨੂੰਨੀ ਗ੍ਰਿਫਤਾਰੀ, ਫਰਜ਼ੀ ਮੁੱਠਭੇੜ, ਪੁਲਿਸ ਜ਼ਿਆਦਤੀਆਂ, ਮਹਿਲਾਵਾਂ ਦੀ ਬੇਇੱਜ਼ਤੀ, ਯੌਨ ਸ਼ੋਸ਼ਣ, ਅਪਹਰਨ, ਬਲਾਤਕਾਰ, ਦਾਜ ਲਈ ਮਾਰਨਾ ਅਤੇ ਅਤਿਆਚਾਰ, ਬਾਲ ਮਜ਼ਦੂਰੀ, ਬਾਲ ਵਿਆਹ, ਬੰਧੂਆ ਮਜ਼ਦੂਰੀ, ਕੈਦੀਆਂ ਨਾਲ ਅਣਮਨੁੱਖੀ ਅਤਿਆਚਾਰ, ਜੇਲ੍ਹਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ, ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਜਨ ਜਾਤਾਂ ਦੇ ਲੋਕਾਂ ਨਾਲ ਅਤਿਆਚਾਰ ਆਦਿ ਦੇ ਮਾਮਲਿਆਂ ਦੀ ਗਿਣਤੀ ਵੱਧ ਹੈ। ਪੰਜਾਬ ਜੋ ਕਿ ਇੱਕ ਵਿਕਸਿਤ ਸੂਬਾ ਕਹਾਉਂਦਾ ਹੈ ਵਿੱਚ ਮਾਰਚ 1997 ਨੂੰ ਮਨੁੱਖੀ ਅਧਿਕਾਰ ਆਯੋਗ ਬਣਾਇਆ ਗਿਆ ਸੀ। ਜੇਕਰ ਇਸ ਆਯੋਗ ਦੀਆਂ ਰਿਪੋਰਟਾਂ ਵੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਵਿੱਚ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਪੰਜਾਬ ਰਾਜ ਮਨੁੱਖੀ ਅਧਿਕਾਰ ਆਯੋਗ ਵਲੋਂ ਜਾਰੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਲਗਭਗ 2.33 ਲੱਖ ਸ਼ਿਕਾਇਤਾਂ ਦਰਜ ਹੋਈਆਂ ਹਨ ਅਤੇ ਸਭ ਤੋਂ ਵੱਧ ਲਗਭਗ 1.28 ਲੱਖ ਸ਼ਕਾਇਤਾਂ ਪੁਲਿਸ ਖ਼ਿਲਾਫ਼ ਪ੍ਰਾਪਤ ਹੋਈਆਂ ਹਨ। ਲੋਕ ਰਾਜ ਅਤੇ ਮਨੁੱਖੀ ਅਧਿਕਾਰਾਂ ਦਾ ਆਪਸ ਵਿੱਚ ਬੜਾ ਨਜ਼ਦੀਕੀ ਰਿਸ਼ਤਾ ਹੈ। ਮਨੁੱਖੀ ਅਧਿਕਾਰਾਂ ਤੋਂ ਵਾਂਝਾ ਦੇਸ਼ ਆਪਣੇ-ਆਪ ਨੂੰ ਹੋਰ ਕੁਝ ਵੀ ਅਖਵਾ ਸਕਦਾ ਹੈ ਪਰ ਲੋਕ ਰਾਜ ਜਾਂ ਜਮਹੂਰੀ ਦੇਸ਼ ਨਹੀਂ ਅਖਵਾ ਸਕਦਾ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜਰੂਰਤ ਹੈ ਤਾਂ ਜੋ ਰਾਜ ਵਿੱਚ ਅਤੇ ਦੇਸ ਵਿੱਚ ਹਰ ਵਿਅਕਤੀ ਦੇ ਮੁਢਲੇ ਮਨੁੱਖੀ ਅਧਿਕਾਰ ਸੁਰਖਿਅਤ ਰਹਿ ਸਕਣ ਅਤੇ ਦੇਸ਼ ਲੋਕਤੰਤਰਿਕ ਕਦਰਾਂ ਕੀਮਤਾਂ ਦੀ ਰੱਖਿਆ ਕਰਕੇ ਵਿਕਸਿਤ ਦੇਸ਼ਾਂ ਦੀ ਲਾਇਨ ਵਿੱਚ ਸ਼ਾਮਿਲ ਹੋ ਸਕੇ।




# ਹੱਥ 'ਚ ਰਾਈਫਲ ਅਤੇ ਕਲਮ ਫੜ ਕੇ ਪੰਜਾਬੀ ਮਾਂ-ਬੋਲੀ ਅਤੇ ਦੇਸ਼ ਸੇਵਾ ਵਿਚ ਜੁਟਿਆ ਨੌਜਵਾਨ ਗੁਰਜੰਟ ਪਟਿਆਲਾ




ਪ੍ਰੀਤਮ ਲੁਧਿਆਣਵੀ
9876428641

ਆਪਣੀਆਂ ਕਵਿਤਾਂਵਾਂ, ਗ਼ਜ਼ਲਾਂ, ਗੀਤਾਂ, ਕਹਾਣੀਆਂ ਜਾਂ ਸ਼ੇਅਰਾਂ ਦੁਆਰਾ ਅਨੇਕਾਂ ਹੀ ਲਿਖਾਰੀ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੇ ਹਨ । ਇਸੇ ਲੜੀ ਵਿਚ ਹੀ ਸੀ ਆਰ ਪੀ ਐਫ ਦੀ ਵਰਦੀ ਪਾ ਕੇ ਰਾਇਫਲ ਦੇ ਨਾਲ-ਨਾਲ ਕਲਮ ਚਲਾਉਂਦਿਆਂਪੰਜਾਬੀ ਸਾਹਿਤ ਅਤੇ ਆਪਣੇ ਦੇਸ਼ ਦੀ ਸੇਵਾ ਕਰਨ ਵਾਲਾ ਮਾਣ-ਮੱਤਾ ਹਸੂ-ਹਸੂ ਕਰਦੇ ਚਿਹਰੇ ਵਾਲਾ ਛੈਲ-ਛਬੀਲਾ ਨੌਜਵਾਨ ਲੇਖਕ ਹੈ -'ਗੁਰਜੰਟ ਪਟਿਆਲਾ'। ਇਸ ਨੌਜਵਾਨ ਲੇਖਕ ਦਾ ਜਨਮ ਪਟਿਆਲਾ ਜ਼ਿਲ੍ਹੇ ਦੇ ਪਿੰਡ 'ਖੇੜੀ ਮੁਸਲਮਾਨਾ' ਵਿਖੇ ਸ੍ਰ. ਫਕੀਰ ਸਿੰਘ ਦੇ ਘਰ ਮਾਤਾ ਗੁਰਮੇਲ ਕੌਰ ਦੀ ਪਾਕਿ ਕੁੱਖ ਤੋਂ ਹੋਇਆ।

ਗੁਰਜੰਟ ਪਟਿਆਲਾ ਦਾ ਪਹਿਲਾ ਗੀਤ 'ਬਾਬਾ ਤੇਰਾ ਲਾਲੋ' 2015 ਵਿੱਚ ਰਿਲੀਜ ਹੋਇਆ। ਉਸਤੋਂ ਬਾਅਦ 'ਵੀਹ ਕਿੱਲੇ', 'ਬੋਲੀਆਂ', 'ਪਰਦੇਸੀਆਂ ਦੇ ਦਰਦ', 'ਇਸ਼ਕੇ ਦਾ ਤੂੰਬਾ', 'ਕਾਲਾ ਧੰਨ', 'ਸਰਦਾਰ', 'ਝਾਂਜਰਾਂ', 'ਧੀਆਂ ਤੇ ਮਾਪੇ', 'ਪੱਥਰਾਂ ਚੋਂ ਰੱਬ', 'ਜੱਟੀ ਦਾ ਸੁਭਾਅ', 'ਸਰਹੰਦ ਦੀ ਧਰਤੀ', ਆਦਿ ਡੇਢ ਦਰਜਨ ਤੋਂ ਵੱਧ ਗੀਤ ਅਲੱਗ-ਅਲੱਗ ਗਾਇਕਾਂ ਦੀ ਆਵਾਜ ਵਿੱਚ ਰਿਕਾਰਡ ਹੋਏ । ਉਸ ਦੇ ਲਿਖੇ ਹੋਏ ਹੋਰ ਵੀ ਕਈ ਗੀਤ ਰਿਕਾਰਡ ਹੋ ਚੁੱਕੇ ਹਨ ਜੋ ਜਲਦੀ ਹੀ ਰਿਲੀਜ ਹੋਣ ਵਾਲੇ ਹਨ।

ਪ੍ਰਕਾਸ਼ਨਾ ਪੱਖ ਵਿਚ ਗੁਰਜੰਟ ਪਟਿਆਲਾ ਦੀਆਂ ਲਿਖੀਆਂ ਕਵਿਤਾਂਵਾਂ ਨੂੰ ਛਪਣ ਦਾ ਪਹਿਲਾ ਮਾਣ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦੇ ਸਾਂਝੇ ਕਾਵਿ-ਸੰਗ੍ਰਹਿ 'ਕਲਮਾ ਦੀ ਪਰਵਾਜ਼' ਵਿੱਚ ਮਿਲਿਆ । ਜਿਸ ਨਾਲ ਗੁਰਜੰਟ ਗੀਤਕਾਰੀ ਦੇ ਨਾਲ- ਨਾਲ ਕਵੀਆਂ ਦੀ ਗਿਣਤੀ ਵਿੱਚ ਵੀ ਆ ਗਿਆ । ਚਲਦੇ-ਚਲਦੇ ਜਨਵਰੀ 2017 ਨੂੰ 'ਮਹੰਤ ਹਰਪਾਲ ਦਾਸ' ਜੀ ਦੁਆਰਾ ਗੁਰਜੰਟ ਪਟਿਆਲਾ ਦੀ ਪਹਿਲੀ ਕਿਤਾਬ, 'ਅਣਮੁੱਲੇ ਮੋਤੀ' (ਕਾਵਿ-ਸੰਗ੍ਰਹਿ) ਪ੍ਰਕਾਸ਼ਿਤ ਹੋਈ। ਉਸਤੋਂ ਬਾਅਦ ਤਕਰੀਬਨ ਸੌ ਸਾਲ ਪੁਰਾਣੇ ਉਦਾਸੀ ਸੰਪ੍ਰਦਾ ਨਾਲ ਸੰਬੰਧਤ 'ਡੇਰਾ ਇਮਾਮਗੜ੍ਹ' (ਮਲੇਰਕੋਟਲਾ) 'ਤੇ ਸੇਵਾ ਨਿਭਾਅ ਚੁੱਕੇ ਮਹਾਂ-ਪੁਰਖਾਂ ਦੇ ਜੀਵਨ 'ਤੇ ਅਧਾਰਿਤ, ਉਸ ਦੁਆਰਾ ਲਿਖੀ ਕਿਤਾਬ, 'ਜਿੰਨ੍ਹੀ ਚਲਣੁ ਜਾਣਿਆਂ' ਪ੍ਰਕਾਸ਼ਿਤ ਹੋਈ । ਹੁਣ ਅਗਲੇ ਕਦਮ ਵਜੋਂ ਗੁਰਜੰਟ ਦੀ ਤੀਸਰੀ ਗੀਤਾਂ ਦੀ ਕਿਤਾਬ ਵੀ ਬਹੁਤ ਜਲਦੀ ਹੀ ਪਾਠਕਾਂ ਦੇ ਹੱਥਾਂ ਵਿਚ ਪਹੁੰਚਣ ਵਾਲੀ ਹੈ। ਗੁਰਜੰਟ ਦਾ ਕਹਿਣਾ ਹੈ 'ਭਾਂਵੇਂ ਮੈਂ ਥੋੜਾ ਹੀ ਲਿਖਾਂਗਾ ਪਰ ਹਮੇਸ਼ਾਂ ਸਾਫ਼-ਸੁਥਰਾ ਅਤੇ ਸੱਭਿਅਕ ਹੀ ਲਿਖਾਂਗਾ । ਜੇਕਰ ਮੈਂ ਸੱਭਿਆਚਾਰ ਦੀ ਸੇਵਾ ਨਹੀ ਕਰ ਸਕਾਂਗਾ ਤਾਂ ਘੱਟੋ-ਘੱਟ ਅਸ਼ਲੀਲ ਅਤੇ ਘਟੀਆ ਲਿਖਕੇ ਸੱਭਿਆਚਾਰ ਨੂੰ ਗੰਦਾ ਵੀ ਨਾ ਕਰਾਂਗਾ ।'





ਭਾਂਵੇਂ ਗੁਰਜੰਟ ਪਟਿਆਲਾ ਦੀ ਡਿਊਟੀ ਅੱਜ-ਕੱਲ 'ਗੁਹਾਟੀ' (ਆਸਾਮ) ਵਿਖੇ ਹੈ ਪਰ ਫੁਰਸ਼ਿਤ ਭਰੇ ਪਲਾਂ ਵਿਚ ਫੇਸਬੁਕ ਦੇ ਜ਼ਰੀਏ ਸਮਾਜਿਕ ਕੁਰੀਤੀਆਂ ਦੇ ਖ਼ਿਲਾਫ਼ ਲਿਖਣ ਦੀ ਕੋਸ਼ਿਸ਼ ਕਰਦਾ ਉਹ ਹਮੇਸ਼ਾਂ ਆਪਣੇ ਸਟੇਟ ਅਤੇ ਪੰਜਾਬੀ ਮਾਂ-ਬੋਲੀ ਨਾਲ ਜੁੜਿਆ ਰਹਿੰਦਾ ਹੈ ।

ਗੁਰਜੰਟ ਦਾ ਕਹਿਣਾ ਹੈ ਕਿ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਦਾਜ ਭਰੂਣ ਹੱਤਿਆ, ਅਤੇ ਨਸ਼ੇ ਵਰਗੀਆਂ ਬਹੁਤ ਭਿਆਨਕ ਬੀਮਾਰੀਆਂ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਹਨ। ਪਰ ਗੀਤਕਾਰ ਇਹਨਾ ਕੁਰੀਤੀਆਂ ਨੂੰ ਛੱਡਕੇ ਕੁੜੀਆਂ ਦੇ ਅੰਗਾਂ ਅਤੇ ਹਥਿਆਰਾਂ ਉਤੇ ਜ਼ਿਆਦਾ ਲਿਖਦੇ ਹਨ ਜੋ ਕਿ ਚਿੰਤਾ ਦਾ ਵਿਸ਼ਾ ਹੈ । ਅਜਿਹੇ ਗੀਤ ਲਿਖਕੇ ਅਤੇ ਗਾ ਕੇ ਗੀਤਕਾਰਾਂ ਅਤੇ ਗਾਇਕਾਂ ਨੇ ਸੱਭਿਆਚਾਰ ਅਤੇ ਪੰਜਾਬੀ ਮਾਂ-ਬੋਲੀ ਦਾ ਬਹੁਤ ਨੁਕਸਾਨ ਕੀਤਾ ਹੈ । ਸਰਕਾਰ ਨੂੰ ਵੀ ਚਾਹੀਦਾ ਹੈ ਕਿ ਅਜਿਹੇ ਗੀਤਾਂ ਤੇ ਰੋਕ ਲਾਈ ਜਾਵੇ ਜੋ ਸਾਡੇ ਸੱਭਿਆਚਾਰ ਨੂੰ ਗੰਧਲ਼ਾ ਕਰ ਰਹੇ ਹਨ ।

ਰੱਬ ਕਰੇ ! ਸੀ ਆਰ ਪੀ ਐਫ ਦੀ ਵਰਦੀ ਪਹਿਨ, ਹੱਥ 'ਚ ਰਾਈਫਲ ਅਤੇ ਕਲਮ ਫੜ ਕੇ ਆਪਣੇ ਪੰਜਾਬੀ ਸੱਭਿਆਚਾਰ, ਪੰਜਾਬੀ ਮਾਂ-ਬੋਲੀ ਅਤੇ ਦੇਸ਼ ਸੇਵਾ ਵਿਚ ਜੁਟਿਆ ਹੋਇਆ ਨੌਜਵਾਨ ਗੁਰਜੰਟ, ਨਵੀਆਂ ਪਗਡੰਡੀਆਂ ਸਿਰਜਦਾ, ਲਗਾਤਾਰ ਸ਼ੁਹਰਤਾਂ ਅਤੇ ਮਾਣ-ਵਡਿਆਈਆਂ ਖੱਟਦਾ ਰਵੇ ! ਆਮੀਨ !

## 19 ਦਸੰਬਰ ਅਜ਼ਾਦੀ ਦਿਵਸ ਤੇ ਵਿਸ਼ੇਸ਼

# ਆਜ਼ਾਦੀ ਦੇ ਪਰਵਾਨੇ ਪੰਡਿਤ ਰਾਮ ਪ੍ਰਸਾਦ ਬਿਸਮਿਲ



ਨਵਜੋਤ ਬਜਾਜ ਗੱਗੂ
91-98721-02614

ਪੰ. ਰਾਮ ਪ੍ਰਸਾਦ ਬਿਸਮਿਲ ਇੱਕ ਪ੍ਰਸਿੱਧ ਕਵੀ, ਸ਼ਾਇਕ ਅਨੁਵਾਦਕ, ਇਤਿਹਾਸਕਾਰ ਤੇ ਸਾਹਿਤਕਾਰ ਸਨ। 'ਬਿਮਮਿਲ ਉਹਨਾਂ ਦਾ ਉਰਦੂ ਉਪ ਨਾਮ ਸੀ। ਜਿਸਦਾ ਹਿੰਦੀ 'ਚ ਅਰਥ ਆਸਮਿਕ ਰੂਪ ਨਾਲ ਆਹਤ ਹੁੰਦਾ ਹੈ। ਬਿਸਮਿਲ ਦੇ ਇਲਾਵਾ ਉਹ ਰਾਮ ਅਤੇ ਬਿਨਾਂ ਕਿਸੇ ਨਾਮ ਤੋਂ ਵੀ ਕਵਿਤਾਵਾਂ ਲਿਖਦੇ ਸਨ।

ਪੰਡਿਤ ਜੀ ਦਾ ਜਨਮ ਉੱਤਰ ਪ੍ਰਦੇਸ਼ ਦੇ ਸ਼ਾਹਜਹਾਂ ਕਿਲੇ 'ਚ ਪੰਡਿਤ ਮੁਰਲੀਧਰ ਜੀ ਦੇ ਘਰ ਨੂੰ 11 ਜੂਨ 1897 ਨੂੰ ਹੋਇਆ । ਰਾਮ ਪ੍ਰਸ਼ਾਦ ਬਿਸਮਿਲ ਭਾਰਤੀ ਆਜ਼ਾਦੀ ਅੰਦੋਲਨ ਦੀ ਕ੍ਰਾਂਤੀਕਾਰੀ ਧਾਂਰਾ ਦੇ ਮੁੱਖ ਸੈਨਾਨੀ ਸਨ।

19 ਸਾਲ ਦੀ ਉਮਰ 'ਚ ਉਹਨਾਂ ਨੇ ਕ੍ਰਾਂਤੀਕਾਰੀ ਮਾਰਗ ਤੇ ਕਦਮ ਰੱਖਿਆ। ਆਪਣੇ 11 ਸਾਲ ਦੇ ਕ੍ਰਾਂਤੀਕਾਰੀ ਜੀਵਨ 'ਚ ਉਹਨਾਂ ਨੇ ਕਈ ਕਿਤਾਬਾਂ ਲਿਖੀਆਂ ਤੇ ਖੁਦ ਹੀ ਉਹਨਾਂ ਨੂੰ ਪ੍ਰਕਾਸ਼ਿਤ ਵੀ ਕੀਤਾ। ਉਹਨਾਂ ਨੂੰ ਕਿਤਾਬਾਂ ਵੇਚਣ ਤੋਂ ਬਾਅਦ ਜੋ ਪੈਸੇ ਮਿਲਦੇ ਸਨ। ਉਹਨਾਂ ਨਾਲ ਉਹ ਹਥਿਆਰ ਖਰੀਦਦੇ ਸਨ ਤਾਂ ਕਿ ਬ੍ਰਿਟਿਸ਼ ਸਰਕਾਰ ਦੇ ਵਿਰੋਧ ਵਿੱਚ ਉਹ ਉਹਨਾਂ ਨੂੰ ਇਸਤੇਮਾਲ ਵਿੱਚ ਲਿਆ ਸਕਣ। ਉਹਨਾਂ ਦੇ ਜੀਵਨ ਕਾਲ 'ਚ ਉਹਨਾਂ ਦੀਆਂ 11 ਕਿਤਾਬਾਂ ਪ੍ਰਕਾਸ਼ਿਤ ਹੋਈਆਂ। ਪਰ ਉਹ ਸਾਰੀਆਂ ਬ੍ਰਿਟਿਸ਼ ਸਰਕਾਰ ਨੇ ਜਬਤ ਕਰ ਲਈਆਂ। ਉਹਨਾਂ ਦਾ ਲਿਖਿਆ ਅਮਰ ਗੀਤ 'ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇ ਹੈ ' ਨੇ ਹਰ ਭਾਰਤੀ ਦੇ ਦਿਲ ਵਿੱਚ ਇੱਕ ਖਾਸ ਜਗ੍ਹਾ ਬਣਾ ਲਈ ਸੀ ਤੇ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਉਹ ਚਿੰਗਾਰੀ ਛੇੜੀ, ਜਿਸ ਨੇ ਜਵਾਲਾ ਦਾ ਰੂਪ ਧਾਰਨ ਕਰਕੇ ਬ੍ਰਿਟਿਸ਼ ਸ਼ਾਸ਼ਨ ਦੀਆਂ ਜੜਾਂ ਹਿਲਾ ਦਿੱਤੀਆਂ ।



ਉਹਨਾਂ ਤੇ ਆਪਣੀ ਮਾਂ ਦੇ ਵਿਅਕਤੀਤਵ ਦੀ ਏਨੀ ਡੂੰਘੀ ਛਾਪ ਸੀ ਕਿ ਉਹ ਆਪਣੀ ਹਰ ਸਫਲਤਾ ਦਾ ਸਿਹਰਾ ਆਪਣੀ ਮਾਂ ਨੂੰ ਹੀ ਦਿੰਦੇ ਸਨ। ਉਹਨਾਂ ਨੇ ਮਾਂ ਪ੍ਰਤੀ ਸ਼ਰਧਾ ਪ੍ਰਗਟ ਕਰਦੇ ਹੋਏ ਲਿਖਿਆ ਹੈ,' ਜੇਕਰ ਮੈਨੂੰ ਮੇਰੀ ਮਾਤਾ ਨਾ ਮਿਲਦੀ ਤਾਂ ਮੈ ਬਹੁਤ ਸਧਾਰਨ ਇਨਸਾਨ ਦੀ ਤਰ੍ਹਾਂ ਹੀ ਸੰਸਾਰਿਕ ਚੱਕਰ 'ਚ ਫਸ ਕੇ ਗੁਜ਼ਾਰਾ ਕਰਦਾ। ਉਹਨਾਂ ਦੀ ਮਾਂ ਨੇ ਉਹਨਾਂ ਦਾ ਪਾਲਣ ਪੋਸ਼ਣ ਤੇ ਸਿੱਖਿਆ ਆਦਿ ਦੇ ਨਾਲ ਨਾਲ ਕ੍ਰਾਂਤੀਕਾਰੀ ਖੇਤਰ 'ਚ ਵੀ ਉਹਨਾਂ ਦਾ ਬਹੁਤ ਸਾਥ ਦਿੱਤਾ। ਉਹ ਧਾਰਮਿਕ ਵਿਚਾਰਾਂ ਦੇ ਸਨ ਤੇ ਹਰ ਰੋਜ਼ ਮੰਦਿਰ ਜਾਂਦੇ ਸਨ। ਉੱਥੇ ਉਹਨਾਂ ਦੀ ਮੁਲਾਕਾਤ ਮੁਨਸ਼ੀ ਇੰਦਰਜੀਤ ਜੀ ਨਾਲ ਹੋਈ। ਜਦੋਂ ਉਹਨਾ ਨੇ ਰਾਮ ਪ੍ਰਸਾਦ ਦੀ ਧਰਮ 'ਚ ਦਿਲਚਸਪੀ ਦੇਖੀ ਤਾਂ ਉਹਨਾਂ ਨੇ ਇਹਨਾਂ ਨੂੰ ਆਰੀਆ ਸਮਾਜ ਦੇ ਸਿਧਾਤਾਂ ਬਾਰੇ ਦੱਸਿਆ ਤੇ ਸੱਤਿਆਰਥ ਪ੍ਰਕਾਸ਼ ਪੜਨ ਨੂੰ ਦਿੱਤੀ। ਜਿਸਨੂੰ ਪੜਨ ਤੋਂ ਬਾਅਦ ਉਹ ਆਪਣੇ ਆਪ 'ਚ ਕਾਫੀ ਬਦਲਾਅ ਮਹਿਸੂਸ ਕਰਨ ਲੱਗੇ ਸਨ। ਉਹਨਾਂ ਨੂੰ ਸੱਚ ਬ੍ਰਹਮਾਂ ਤੇ ਸੰਜਮ ਦਾ ਅਰਥ ਸਮਝ 'ਚ ਆਇਆ। ਆਰੀਆ ਸਮਾਜ ਤੋਂ ਪ੍ਰਭਾਵਿਤ ਹੋ ਕੇ ਆਰੀਆ ਸਮਾਜ ਮੰਦਰ 'ਚ ਉਹਨਾ ਨੇ 'ਕੁਮਾਰ ਸਭਾ' ਦੀ ਸਥਾਪਨਾ ਕੀਤੀ। ਜਿੱਥੇ ਹਰੇਕ ਸ਼ੁਕਰਵਾਰ ਨੂੰ ਧਾਰਮਿਕ ਪੁਸਤਕਾਂ ਦੇ ਬਹਿਸ, ਵਾਦ-ਵਿਵਾਦ, ਲੇਖਨ ਤੇ ਵਿਚਾਰ ਵਿਟਾਂਦਰਾ ਹੁੰਦਾ ਸੀ।

ਲਾਹੌਰ ਸ਼ਾਜਿਸ਼ ਦੇ ਮਾਮਲੇ 'ਚ 1915 'ਚ ਜਦੋਂ ਮਸ਼ਹੂਰ ਕ੍ਰਾਂਤੀਕਾਰੀ ਭਾਈ ਪਰਮਾਨੰਦ ਨੂੰ

(ਬਾਕੀ ਸਫਾ 20 ਤੇ)

Authorized Distributor



Sarabjit Singh Sahi
President
eZee ELD

eZee ELD
You Drive... We Log

Powered By
simpletrucktax
SIMPLE IFTA
Simple Truck ELD
FMCSA



Parminder Singh Sahi
Executive Director
eZee ELD

www.eZeeeld.com
209-923-6695
info@eZeeeld.com

- ✓ No Contract (options available)
- ✓ No Hardwiring
- ✓ No Installation Fee
- ✓ No Cancellation Fee

Android and iOS compatible.



BYOD (Bring your own device) or tablet options available.

- IFTA
- Parking Assistance
- Diagnostic Data
- Load Boards
- Roadside Assistance
- Available in Spanish
- We also speak Hindi and Punjabi

## YOU DRIVE... WE LOG!

Simple Truck ELD is designed to meet and comply with the FMSCA ELD Mandate 100%. Simple Truck ELD's service provides data capture, and allows drivers to edit duty status and report to the authorities. This enables the carriers and drivers to maintain Hours Of Service and Record of Duty Status with ease.

Subscription plans are $25 month to month, 3 months prepaid for $69, 6 months prepaid for $126 and 12 months prepaid for $228, with no installation or cancellation fees.

Simple Truck ELD was developed by the team that brought you SimpleTruckTax.com for the filing of your Heavy Vehicle Usage Tax Form 2290.

FMCSA Certified
US Department of Transportation

24/7 Support

# ਸਟੀਫਨ ਵਿਲੀਅਮ ਹੌਕਿੰਗ (ਮਹਾਨ ਖਗੋਲ ਵਿਗਿਆਨੀ)

**(ਤੀਜੀ ਤੇ ਆਖਰੀ ਕਿਸਤ)**

25. ਕਈ ਵਾਰੀ ਮੈਂ ਹੈਰਾਨ ਹੁੰਦਾ ਹਾਂ ਕਿ ਮੈਂ ਆਪਣੀ ਵ੍ਹੀਲਚੇਅਰ ਅਤੇ ਅਪੰਗਤਾਵਾਂ ਲਈ ਮਸ਼ਹੂਰ ਹਾਂ ਜਿਵੇਂ ਕਿ ਮੈਂ ਆਪਣੀਆਂ ਖੋਜਾਂ ਲਈ ਹਾਂ।

26. ਮੈਂ ਮੌਤ ਤੋਂ ਡਰਦਾ ਨਹੀਂ ਹਾਂ, ਪਰ ਮੈਂ ਮਰਨ ਲਈ ਕਾਹਲੀ ਵੀ ਨਹੀਂ ਕਰ ਰਿਹਾ. ਮੇਰੇ ਕੋਲ ਬਹੁਤ ਕੁਝ ਹੈ, ਮੈਂ ਪਹਿਲਾਂ ਕਰਨਾ ਚਾਹੁੰਦਾ ਹਾਂ।

27. ਉਹ ਲੋਕ ਜਿਹੜੇ ਆਪਣੇ ਆਈ.ਯੂ. ਵਾਰੇ ਡੀਗਾਂ ਮਾਰਦੇ ਹਨ, ਉਹ ਹਾਰਨ ਵਾਲੇ ਹੁੰਦੇ ਹਨ।

28. ਧਰਮ ਸ਼ਾਸਤਰ ਬੇਲੋੜਾ ਹੈ।

29. ਮੈਨੂੰ ਇਹ ਨਹੀਂ ਲਗਦਾ ਹੈ ਕਿ ਮਨੁੱਖ ਜਾਤੀ ਅਗਲੇ ਹਜਾਰ ਸਾਲਾਂ ਵਿਚ ਬਚੀ ਰਹਿ ਪਾਵੇਗੀ, ਜਦੋਂ ਤੱਕ ਅਸੀਂ ਅੰਤਰਿਕਸ ਵਿਚ ਪਸਾਰ ਨਹੀਂ ਕਰਦੇ ।

30. ਅਜੇ ਇਥੇ ਇੱਕ ਪੂਰਨ ਰਹੱਸ ਹੈ।

31. ਮੇਰਾ ਵਿਸ਼ਵਾਸ ਹੈ ਕਿ ਚੀਜ਼ਾਂ ਆਪਣੇ ਆਪ ਨੂੰ ਅਸੰਭਵ ਨਹੀਂ ਕਰ ਸਕਦੀਆਂ।

32. ਬ੍ਰਹਮ ਸ੍ਰਿਸ਼ਟੀ ਤੋਂ ਪਹਿਲਾਂ ਰੱਬ ਕੀ ਕਰ ਰਿਹਾ ਸੀ?

33. ਕੋਈ ਵੀ ਕੁਝ ਦਿਨ ਅੱਗੇ ਤੋਂ ਜਿਆਦਾ ਮੌਸਮ ਦਾ ਅਨੁਮਾਨ ਨਹੀਂ ਲਗਾ ਸਕਦਾ ਹੈ।

34. ਮੇਰਾ ਮੰਨਣਾ ਹੈ ਕਿ ਬ੍ਰਹਿਮੰਡ ਵਿਗਿਆਨ ਦੇ ਨਿਯਮਾਂ ਮੁਤਾਬਕ ਚਲਾਇਆ ਜਾਂਦਾ ਹੈ। ਇਹ ਕਾਨੂੰਨ ਪਰਮਾਤਮਾ ਦੁਆਰਾ ਨਿਯੁਕਤ ਕੀਤਾ ਗਿਆ ਹੋ ਸਕਦਾ ਹੈ, ਪਰ ਪਰਮੇਸ਼ਰ ਨਿਯਮਾਂ ਨੂੰ ਤੋੜਨ ਲਈ ਦਖਲ ਨਹੀਂ ਦਿੰਦਾ।

35. ਜੇ ਤੁਸੀਂ ਬ੍ਰਹਿਮੰਡ ਨੂੰ ਸਮਝਦੇ ਹੋ, ਤਾਂ ਤੁਸੀਂ ਇਸ ਨੂੰ ਇਕ ਤਰੀਕੇ ਨਾਲ ਕੰਟਰੋਲ ਕਰਦੇ ਹੋ।

36. ਅਸਲੀਅਤ ਦੀ ਕੋਈ ਇਕ ਅਨੋਖੀ ਤਸਵੀਰ ਨਹੀਂ ਹੈ।

37. ਇਕ ਭਾਰ ਹੀਣਤਾ ਉਡਾਨ ਅੰਤਰਿਕਸ ਯਾਤਰਾ ਵੱਲ ਪਹਿਲਾ ਕਦਮ ਹੈ।

38. ਮੇਰੀ ਪਹਿਲੀ ਪ੍ਰਸਿੱਧ ਕਿਤਾਬ, 'ਸਮੇ ਦਾ ਸੰਖੇਪ ਇਤਿਹਾਸ' (A Brief History of Time) ਨੇ ਬਹੁਤ ਦਿਲਚਸਪੀ ਪੈਦਾ ਕੀਤੀ, ਪਰ ਬਹੁਤ ਸਾਰੇ ਲੋਕਾਂ ਨੂੰ ਲੱਗਿਆ ਕਿ ਇਸ ਨੂੰ ਸਮਝਣਾ ਮੁਸ਼ਕਿਲ ਹੈ।

39. ਅਸੀਂ ਇੱਥੇ ਕਿਉਂ ਹਾਂ? ਅਸੀਂ ਕਿੱਥੋਂ ਆਏ ਹਾਂ? ਰਵਾਇਤੀ ਤੌਰ 'ਤੇ ਇਹ ਦਰਸ਼ਨ ਸ਼ਾਸਤਰ ਲਈ ਸਵਾਲ ਹਨ, ਪਰ ਫਿਲਾਸਫੀ ਦਾ ਅੰਤ ਹੋ ਚੁੱਕਾ ਹੈ.

40. ਮੈਂ ਆਪਣੀ ਆਤਮਕਥਾ ਨਹੀਂ ਲਿਖਣਾ ਚਾਹੁੰਦਾ, ਕਿਉਂਕਿ ਮੈਂ ਇਕ ਜਨਤਕ ਸੰਪਤੀ ਬਣਦਾ ਹਾਂ ਅਤੇ ਮੇਰੀ ਕੋਈ ਪ੍ਰਾਇਵੇਸੀ ਨਹੀਂ ਰਹਿੰਦੀ।

41. ਕੰਪਿਊਟਰ ਹਰ ਮਹੀਨੇ ਆਪਣੇ ਪ੍ਰਦਰਸ਼ਨ ਨੂੰ ਦੁਗਣਾ ਕਰਦੇ ਹਨ।

42. ਬ੍ਰਹਿਮੰਡ ਤੋਂ ਵੱਡਾ ਜਾਂ ਪੁਰਾਣਾ ਕੁਝ ਨਹੀਂ।

43. ਬਹੁਤ ਸਾਰੇ ਲੋਕ ਦਾ ਮੰਨਣਾ ਹੈ ਕਿ ਬ੍ਰਹਿਮੰਡ ਉਲਝਣ ਵਾਲਾ ਹੈ, ਐਸਾ ਕੁੱਝ ਵੀ ਨਹੀਂ ਹੈ।

44. ਇਕ ਸਮੇਂ ਦੀ ਯਾਤਰਾ ਨੂੰ ਇਕ ਵਾਰ ਵਿਗਿਆਨਕ ਅਧਾਰ ਸਮਝ ਲਿਆ।ਅਤੇ ਮੈ ਇਸ ਬਾਰੇ ਗੱਲ ਕਰਨ ਤੋਂ ਬਚਾ ਹਾਂ, ਮੈਂ ਡਰਦਾ ਹਾਂ ਕਿ ਸਨਕੀ ਦਾ ਖਿਤਾਬ ਨਾਂ ਲਗ ਜਾਵੇ।

45. ਮੈਂ ਸੋਚਦਾ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਲਾਇਲਾਜ ਬਿਮ-ਾਰੀ ਹੈ ਅਤੇ ਬਹੁਤ ਦਰਦ ਵਿਚ ਹਨ ਉਹਨਾਂ ਨੂੰ ਆਪਣੀ ਜ਼ਿੰਦਗੀ ਨੂੰ ਖ਼ਤਮ ਕਰਨ ਦਾ ਹੱਕ ਹੋਣਾ ਚਾਹੀਦਾ ਹੈ, ਅਤੇ ਉਹ ਜਿਹੜੇ ਉਨ੍ਹਾਂ ਦੀ ਮਦਦ ਕਰਦੇ ਹਨ ਉਹਨਾਂ ਨੂੰ ਇਸਤਗਾਸਾ ਤੋਂ ਮੁਕਤ ਨਹੀਂ ਹੋਣਾ ਚਾਹੀਦਾ।

46. ਸਾਨੂੰ ਸਭ ਤੋਂ ਮਹੱਤਵਪੂਰਣ ਕੰਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

47. ਡਾਕਟਰ ਜਿਸ ਨੇ ਮੈਰੀ ਏ.ਐੈਲ.ਐੈਲ. (ALS), ਜਾਂ ਮੋਟਰ ਨਾਈਰੋਂਨ ਦੀ ਬੀਮਾਰੀ ਦਾ ਪਤਾ ਲਗਾਇਆ, ਨੇ ਮੈਨੂੰ ਦੱਸਿਆ ਕਿ ਦੋ ਜਾਂ ਤਿੰਨ ਸਾਲਾਂ ਵਿਚ ਮੈਨੂੰ ਮਾਰ ਦੇਵੇਗੀ।

## ਮਨੁੱਖਤਾ ਦਾ ਭਵਿੱਖ

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਟੀਫਨ ਹਾਕਿੰਗ ਨਾਲ ਵ੍ਹਾਈਟ ਹਾਊਸ ਦੇ ਖਾਸ ਕਮਰੇ (ਬਲੂ ਰੂਮ) ਵਿਚ ਗੱਲ ਕੀਤੀ, ਜਿਸ ਤੋਂ ਪਹਿਲਾਂ 12 ਅਗਸਤ 2009 ਨੂੰ ਰਾਸ਼ਟਰਪਤੀ ਮੈਡਲ ਆਫ਼ ਫ੍ਰੀਡਮ ਜੋ15 ਹੋਰਨਾਂ ਨੂੰ ਵੀ ਦਿੱਤੇ ਗਏ, ਇਸ ਤੋਂ ਪਹਿਲਾਂ ਉਹ ਸਮਾਰੋਹ ਵਿਚ ਮਿਲੇ। 2006 ਵਿੱਚ, ਹੌਕਿੰਗ ਨੇ ਇੰਟਰਨੈੱਟ ਉੱਤੇ ਇੱਕ ਖੁੱਲ੍ਹਾ ਸਵਾਲ ਖੜ੍ਹਾ ਕਰ ਦਿੱਤਾ: "ਇੱਕ ਸੰਸਾਰ ਵਿੱਚ ਜੋ ਰਾਜਨੀਤਕ, ਸਮਾਜਕ ਅਤੇ ਵਾਤਾਵਰਣ ਵਿੱਚ ਅਰਾਜਕਤਾ ਵਿੱਚ ਹੈ, ਮਨੁੱਖ ਜਾਤੀ ਕਿਵੇਂ ਇੱਕ ਹੋਰ 100 ਸਾਲ ਬਣ ਸਕਦੀ ਹੈ?" ਬਾਅਦ ਵਿੱਚ ਸਪੱਸ਼ਟ ਕੀਤਾ: "ਮੈਨੂੰ ਜਵਾਬ ਨਹੀਂ ਪਤਾ । ਉਸ ਨੇ ਕਿਹਾ ਕਿ, ਮੈਂ ਇਸ ਲਈ ਸਵਾਲ ਪੁੱਛਿਆ ਕਿ, ਲੋਕਇਸ ਬਾਰੇ ਸੋਚਣ, ਅਤੇ ਹੁਣ ਜੋ ਖ਼ਤਰਿਆਂ ਦਾ ਸਾਹਮਣਾ ਕਰਨਾ ਹੈ, ਉਨ੍ਹਾਂ ਤੋਂ ਸੁਚੇਤ ਹੋਣਾ।"

ਹੌਕਿੰਗ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਕਿ ਅਚਾਨਕ ਪਰਮਾਣੂ ਯੁੱਧ, ਇੱਕ ਜਨੈਟਿਕ ਤੌਰ ਤੇ ਇੰਜੀਨੀਅਰਿੰਗ ਵਾਇਰਸ, ਗਲੋਬਲ ਵਾਰਮਿੰਗ, ਜਾਂ ਹੋਰ ਖ਼ਤਰੇ ਜੋ ਅਸੀਂ ਅਜੇ ਤੱਕ ਨਹੀਂ ਸੋਚਿਆ ਹੈ, ਤੋਂ ਧਰਤੀ ਉੱਤੇ ਜੀਵਨ ਨੂੰ ਖਤਰਾ ਹੈ। ਹਾਲਾਂਕਿ, ਅਜਿਹੇ ਗ੍ਰਹਿ-ਵਿਆਪਕ ਤਬਾਹੀ ਨੂੰ ਮਨੁੱਖੀ ਵਿਨਾਸ਼ ਨਹੀਂ ਹੋਣਾ ਚਾਹੀਦਾ ਹੈ ਜੇਕਰ ਮਨੁੱਖ ਜਾਤੀ ਸੰਕਟ ਤੋਂ ਪਹਿਲਾਂ ਹੋਰ ਗ੍ਰਿਹਾਂ ਉਤੇ ਰਹਿਣ ਯੋਗ ਹੋ ਸਕਦੀ ਹੈ। ਹੌਕਿੰਗ ਮਨੁੱਖਤਾ ਦੇ ਭਵਿੱਖ ਲਈ ਸਪੇਸਫਲਾਈਟ ਅਤੇ ਸਪੇਸ ਦੀ ਬਸਤੀਕਰਨ ਨੂੰ ਲੋੜ ਅਨੁਸਾਰ ਦੇਖਦੇ ਹਨ।

ਹੌਕਿੰਗ ਨੇ ਕਿਹਾ ਹੈ ਕਿ, ਬ੍ਰਹਿਮੰਡ ਦੀ ਵਿਸ਼ਾਲਤਾ ਨੂੰ ਦੇਖਦਿਆਂ ਕਹਿ ਸਕਦੇ ਹਾਂ, ਏਲੀਅੰਨਜ ਦੀ ਸੰਭਾਵਨਾ ਮੌਜੂਦ ਹੈ, ਪਰ ਉਨ੍ਹਾਂ ਨਾਲ ਸੰਪਰਕ ਇਸ ਤੋਂ ਬਚਿਆ ਜਾਣਾ ਚਾਹੀਦਾ ਹੈ। ਉਸ ਨੇ ਚਿਤਾਵਨੀ ਦਿੱਤੀ ਸੀ ਕਿ ਏਲੀਅੰਨਜ ਧਰਤੀ ਨੂੰ ਸਰੋਤਾਂ ਲਈ ਲੁੱਟ ਸਕਦੇ ਹਨ। 2010 ਵਿਚ ਉਸ ਨੇ ਕਿਹਾ ਸੀ, "ਜੇ ਏਲੀਅੰਨਜ ਸਾਡੇ ਕੋਲ ਆਉਂਦੇ ਹਨ, ਤਾਂ ਨਤੀਜਾ ਇਹੋ ਜਿਹਾ ਹੋਵੇਗਾ ਜਿਵੇਂ ਕਿ ਜਦੋਂ ਕੋਲੰਬਸ ਅਮਰੀਕਾ ਨੂੰ ਲਭਿਆ ਸੀ,ਜੋ ਮੂਲ ਮੁਲਕਾਂ ਦੇ ਮੂਲਨਿਵਾਸੀ ਲੋਕਾਂ ਲਈ ਚੰਗੀ ਨਹੀਂ ਸੀ।" ਹੌਕਿੰਗ ਨੇ ਚੇਤਾਵਨੀ ਦਿੱਤੀ ਬਣਾਵਟੀ ਉੱਚਸਤਰੀਆ-ਬੁੱਧੀਮਤੀ (superintelligent) ਮਨੁੱਖ ਦੀ ਕਿਸਮਤ ਨੂੰ ਚਲਾਣ ਲਈ ਮਹੱਤਵਪੂਰਨ ਨਿਰਣਾਇਕ ਚਾਲਕ ਹੋ ਸਕਦੀ ਹੈ।"ਇਹ ਸੰਭਾਵੀ ਲਾਭ ਬਹੁਤ ਵੱਡੇ ਹਨ... ਮਨੁੱਖੀ ਇਤਿਹਾਸ ਵਿਚ ਨਕਲੀ-ਬੁੱਧੀਮਤੀ, ਏ.ਆਈ. (Artificial Intelligence, AI) ਬਣਾਉਣ ਵਿਚ ਸਫਲਤਾ ਸਭ ਤੋਂ ਵੱਡੀ ਘਟਨਾ ਹੋਵੇਗੀ। ਜਦੋਂ ਤੱਕ ਅਸੀਂ ਇਹ ਨਹੀਂ ਸਿੱਖਾਂਗੇ ਕਿ ਇਸ ਦੇ ਖ਼ਤਰੇ ਤੋਂ ਕਿਸ ਤਰ੍ਹਾਂ ਬਚਣਾ ਹੈ, ਇਹ ਸਭ ਦਾ ਅੰਤ ਵੀ ਹੋ ਸਕਦੀ ਹੈ। "ਹੌਕਿੰਗ ਨੇ ਦਲੀਲ ਦਿੱਤੀ ਹੈ ਕਿ ਕੰਪਿਊਟਰ ਵਾਇਰਸ ਨੂੰ ਜੀਵਨ ਦਾ ਇੱਕ ਨਵੇਂ ਰੂਪ ਸਮਝਿਆ ਜਾਣਾ ਚਾਹੀਦਾ ਹੈ, ਅਤੇ ਕਿਹਾ ਹੈ ਕਿ "ਹੋ ਸਕਦਾ ਹੈ ਕਿ ਇਹ ਮਨੁੱਖੀ ਸੁਭਾਅ ਬਾਰੇ ਕੁਝ ਕਹਿੰਦਾ ਹੈ, ਕਿ ਅਸੀਂ ਹੁਣ ਤੱਕ ਪੈਦਾ ਕੀਤੀ ਜੀਵਨ ਦਾ ਇੱਕਮਾਤਰ ਰੂਪ ਬਿਲਕੁਲ ਵਿਨਾਸ਼ਕਾਰੀ ਹੈ।

ਸਾਡੀ ਆਪਣੇ ਪ੍ਰਤੀਬਿੰਬ ਦੇ ਸੇਧਿਤ ਹੀ ਜੀਵਨ ਬਣਾਉਣ ਬਾਰੇ ਗੱਲ ਕਰਨੀ ਹੋਵੇਗੀ।"

ਅੱਜ ਉਹ ਮੰਨਦੇ ਹਨ- "ਕਿ ਜੇ ਕਰ ਮੈ ਈਮਾਨਦਾਰੀ ਨਾਲ ਕਹਾਂ, ਕਈ ਵਾਰ ਮੈਂ ਆਪਣੀ ਬਿਮਾਰੀ ਪ੍ਰਤੀ ਆਪਣੀ ਸ਼ੁਕਰਗੁਜ਼ਾਰ ਹਾਂ। ਜਿਸ ਕਰਕੇ ਮੈਂ ਖੋਜ ਵਿਚ ਆਪਣਾ ਪੂਰਾ ਧਿਆਨ ਰੱਖ ਸਕਦਾ ਸੀ ਅਤੇ ਮੈਨੂੰ ਹੋਰ ਕੰਮਾਂ ਤੋਂ ਬਚਾਇਆ ਸੀ। ਮੈਨੂੰ ਸਿਧਾਂਤਕ ਭੌਤਿਕ ਵਿਗਿਆਨ ਵਿਚ ਕੰਮ ਮਿਲਿਆ ਅਤੇ ਮੇਰੇ ਕੰਮ ਵਿਚ ਇਹ ਬਿਮਾਰੀ ਕੋਈ ਰੁਕਾਵਟ ਨਹੀਂ ਸੀ। "ਉਹ ਇਹ ਵੀ ਕਹਿੰਦਾ ਹੈ ਕਿ ਕਿਸੇ ਦੀ ਨਜ਼ਰ ਵਿਚ ਹੋ ਸਕਦਾ ਹੈ ਮੇਰੀ ਜ਼ਿੰਦਗੀ ਆਮ ਨਾ ਹੋਵੇ, ਪਰ ਮੈਂ ਇਸ 'ਤੇ ਵਿਸ਼ਵਾਸ ਨਹੀਂ ਕਰਦਾ। ਮੈਂ ਉਹ ਕੀਤਾ ਜੋ ਮੈਂ ਜੀਵਨ ਵਿੱਚ ਚਾਹੁੰਦਾ ਸੀ ਮੈਂ ਤਾਕਤ, ਉਤਸ਼ਾਹ, ਹਿੰਮਤ, ਸਾਹਸ, ਵਿਸ਼ਵਾਸ, ਲਗਨ ਅਤੇ ਧੀਰਜ ਵਿਚ ਕਿਸੇ ਤੋਂ ਵੀ ਘੱਟ ਨਹੀਂ ਹਾਂ ਅਤੇ ਨਾ ਹੀ ਮੈਂ ਆਪਣੀ ਜ਼ਿੰਦਗੀ ਤੋਂ ਨਿਰਾਸ਼ ਅਤੇ ਉਦਾਸ ਹਾਂ। ਪਿਛਲੇ 50 ਸਾਲਾਂ ਤੋਂ ਮੈਂ ਆਪਣੀ ਮੈਨੂੰ ਮੌਤ ਤੋਂ ਡਰ ਨਹੀਂ ਲੱਗਦਾ ਅਤੇ ਮੈਂਨੂੰ ਮਰਨ ਲਈ ਬਹੁਤ ਤੇਜੀ ਵੀ ਨਹੀਂ ਹੈ, ਹੁਣ ਮੇਰੇ ਕੋਲ ਬਹੁਤ ਕੁਝ ਕਰਨ ਲਈ ਕਾਫੀ ਕੰਮ ਬਾਕੀ ਹੈ।

ਸਟੀਫਨ ਹੌਕਿੰਗ ਦੇ ਜੀਵਨ ਵਿਚ ਸਭ ਤੋਂ ਵੱਡਾ ਕਥਨ ਹੈ - "ਆਸ਼ਾਵਾਦੀ ਰਹੋ ਅਤੇ ਆਪਣੇ ਆਪ ਨੂੰ ਰੁੱਝੇ ਰਹੋ।"

ਇਸ ਮੰਤਰ ਨੇ ਅੱਜ ਵੀ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ- "ਮੈਂ ਉਹ ਕੀਤਾ ਜੋ ਮੈਂ ਕਰ ਸਕਦਾ ਸਾਂ, ਮੈਂ ਕੀ ਕਰ ਸਕਦਾ ਹਾਂ? ਜਿੰਨਾ ਜ਼ਿਆਦਾ ਮੈਂ ਚਾਹਿਆ, ਜਿੰਨਾ ਜ਼ਿਆਦਾ ਮੈਂ ਕੀਤਾ, ਉਨਾ ਹੀ ਜ਼ਿਆਦਾ ਮੈਂ ਕੀਤਾ। ਮੇਰੇ ਤੋਂ ਵੀ ਜਿਆਦਾ ਦਲੇਰ ਅਤੇ ਸਮਰੱਥ ਲੋਕ ਇੱਕ ਮਾੜੇ ਰਾਜ ਵਿੱਚ ਰਹਿ ਰਹੇ ਹਨ। ਕਿਸੇ ਤੋਂ ਉਹ ਕੋਈ ਹਮਦਰਦੀ ਦੀ ਉਮੀਦ ਨਹੀਂ ਕਰਦਾ ਅਤੇ ਉਹ ਸ਼ਿਕਾਇਤ ਵੀ ਨਹੀਂ ਕਰਦੇ। ਮੈਂ ਉਨ੍ਹਾਂ ਅਪਾਹਜ ਲੋਕਾਂ ਨੂੰ ਇਹ ਕਹਿਣਾ ਚਾਹਾਂਗਾ ਕਿ ਅਪਾਹਜ ਹੋਣਾ ਤੁਹਾਡੀ ਗਲਤੀ ਨਹੀਂ ਹੈ। ਪਰ ਅਪਾਹਜਤਾ ਦੀ ਤਰ੍ਹਾਂ ਰਹਿਣਾ ਗਲਤ ਹੈ। ਤੁਹਾਡਾ ਸਰੀਰ ਅਸਮਰੱਥ ਹੋ ਸਕਦਾ ਹੈ, ਜੇਕਰ ਤੁਹਾਡਾ ਦਿਮਾਗ ਤੰਦਰੁਸਤ ਹੈ ਤਾਂ ਤੁਹਾਡੀ ਸਕਾਰਾਤਮਕ ਸੋਚ ਕਦੇ ਵੀ ਅਯੋਗ ਨਹੀਂ ਹੋ ਸਕਦੀ। ਇਸ ਲਈ ਦੂਸਰਿਆਂ ਤੇ ਦੋਸ਼ ਨਾ ਲਗਾਓ ਅਤੇ ਕਿਸੇ ਹਮਦਰਦੀ ਦੀ ਉਮੀਦ ਨਾ ਕਰੋ। ਜੇ ਤੁਸੀਂ ਜੀਵਨ ਦੀ ਸੱਚਾਈ ਨੂੰ ਸਮਝਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਕਾਰਾਤਮਕ ਅਤੇ ਵਿਵਹਾਰਿਕ ਸੋਚ ਦੇ ਰਵੱਈਏ ਨੂੰ ਕਾਇਮ ਰੱਖਣਾ ਹੋਵੇਗਾ। ਇਸ ਦੀ ਜ਼ਰੂਰਤ ਹੈ ਕਿ ਤੁਸੀਂ ਆਪਣੇ ਜੀਵਨ ਦੀਆਂ ਮੌਜੂਦਾ ਹਾਲਤਾਂ ਵਿੱਚੋਂ ਸਭ ਤੋਂ ਵਧੀਆ ਸਥਿਤੀ ਚੁਣਦੇ ਹੋ। ਦਿਮਾਗ ਦੇ ਧਿਆਨ ਨੂੰ ਉਥੇ ਕੇਂਦ੍ਰਿਤ ਕਰੋ ਜਿੱਥੇ ਤੁਸੀਂ ਆਪਣੀ ਸਭ ਤੋਂ ਵਧੀਆ ਚੀਜ਼ ਦੇ ਸਕਦੇ ਹੋ।"

## ਵਿਗਿਆਨ ਬਨਾਮ ਫਿਲਾਸਫੀ

2011 ਵਿਚ ਗੂਗਲ ਦੀ ਜਾਇਜੈਜਿਸਟ ਕਾਨਫ਼ਰੰਸ ਤੇ, ਹੌਕਿੰਗ ਨੇ ਕਿਹਾ ਕਿ "ਦਰਸ਼ਨ-ਸਾਸ਼ਤਰ ਮਰ ਚੁੱਕਾ ਹੈ" ("philosophy is dead")। ਉਹ ਮੰਨਦੇ ਹਨ ਕਿ ਦਾਰਸ਼ਨਿਕਾਂ ਨੇ "ਆਧੁਨਿਕ ਵਿਕਾਸ ਵਿੱਚ ਵਿਗਿਆਨ ਨੂੰ ਨਾਲ ਨਹੀਂ ਰੱਖਿਆ" ਅਤੇ ਉਹ ਵਿਗਿਆਨੀ "ਗਿਆਨ ਦੀ ਸਾਡੀ ਭਾਲ ਵਿਚ ਖੋਜ ਦੀ ਦਿਸ਼ਾ ਦੇ ਧਾਰਕ ਬਣ ਗਏ ਹਨ।" ਉਸ ਨੇ ਕਿਹਾ ਕਿ ਦਾਰਸ਼ਨਕ ਸਮੱਸਿਆਵਾਂ ਦਾ ਉੱਤਰ ਵਿਗਿਆਨ ਦੁਆਰਾ ਦਿਤਾ ਜਾ ਸਕਦਾ ਹੈ, ਖਾਸ ਕਰਕੇ ਨਵੇਂ ਵਿਗਿਆਨਕ ਸਿਧਾਂਤ ਜੋ "ਸਾਨੂੰ ਨਵੇਂ ਬਣੇਅਤੇ ਬ੍ਰਹਿਮੰਡ ਦੀ ਬਹੁਤ ਵੱਖਰੀ ਤਸਵੀਰ ਪੇਸ਼ ਕਰਦੀ ਹੈ ਅਤੇ ਇਸ ਵਿਚ ਸਾਡਾ ਕੀ ਸਥਾਨ ਹੈ ਦਿਖਾਉਦੀ ਹੈ। "

## ਧਰਮ

ਹੌਕਿੰਗ ਨੇ ਕਿਹਾ ਹੈ ਕਿ ਉਹ "ਆਮ ਅਰਥਾਂ ਵਿੱਚ ਧਾਰਮਿਕ ਨਹੀਂ" ਹੈ ਅਤੇ ਉਹ ਮੰਨਦਾ ਹੈ ਕਿ "ਬ੍ਰਹਿਮੰਡ ਵਿਗਿਆਨ ਦੇ ਨਿਯਮਾਂ ਦੁਆਰਾ ਚਲਾਇਆ ਜਾਂਦਾ ਹੈ"। ਹੌਕਿੰਗ ਨੇ ਕਿਹਾ:ਧਰਮ ਵਿਚ ਇਕ ਬੁਨਿਆਦੀ ਫ਼ਰਕ ਹੈ, ਜੋ ਕਿ ਅਧਿਕਾਰ, ਵਿਗਿਆਨ 'ਤੇ ਆਧਾਰਿਤ ਹੈ, ਜੋ ਅਵਲੋਕਨ (observation) ਅਤੇ ਤਰਕ 'ਤੇ ਆਧਾਰਿਤ ਹੈ। ਵਿਗਿਆਨ ਜਿੱਤ ਜਾਵੇਗਾ ਕਿਉਂਕਿ ਇਹ ਕੰਮ ਕਰਦਾ ਹੈ।" ਕਾਨੂੰਨ ਪਰਮਾਤਮਾ ਦੁਆਰਾ ਨਿਰਧਾਰਤ ਕੀਤੇ ਗਏ ਹੋ ਸਕਦੇ ਹਨ, ਪਰ ਪਰਮੇਸ਼ੁਰ ਕਾਨੂੰਨ ਨੂੰ ਤੋੜਨ ਲਈ ਦਖਲ ਨਹੀਂ ਦਿੰਦਾ" ਗਾਰਡੀਅਨ ਵਿੱਚ ਛਪੀ ਇੱਕ ਇੰਟਰਵਿਊ ਵਿੱਚ, ਹੌਕਿੰਗ ਨੇ ਸਵਰਗ ਦੇ ਸੰਕਲਪ ਨੂੰ ਇੱਕ ਕਲਪਿਤ ਦੱਸਿਆ, "ਕੋਈ ਸਵਰਗ ਨਹੀਂ" ਅਤੇ ਇਹ ਵਿਸ਼ਵਾਸ ਕੀਤਾ ਗਿਆ ਹੈ ਕਿ ਅਜਿਹੀ ਕੋਈ ਧਾਰਨਾ "ਹਨੇਰੇ ਦੇ ਡਰ ਤੋਂ ਡਰਨ ਵਾਲੇ ਲੋਕਾਂ ਲਈ ਇੱਕ ਪਰੀ ਕਹਾਣੀ" ਸੀ। 2011 ਵਿੱਚ, ਜਦੋਂ ਅਮਰੀਕੀ ਟੈਲੀਵਿਜ਼ਨ ਸੀਰੀਜ਼ ਕੁਰੀਓਸਟੀ ਆਨ ਦ ਡਿਸਕਵਰੀ ਚੈਨਲ ਦੇ ਪਹਿਲੇ ਐਪੀਸੋਡ ਦਾ ਵਰਣਨ ਕਰਦੇ ਹੋਏ ਹੌਕਿੰਗ ਨੇ ਐਲਾਨ ਕੀਤਾ:

ਅਸੀਂ ਹਰ ਇੱਕੋ ਹੀ ਢੰਗ ਨਾਲ ਅਜ਼ਾਦ ਹਾਂ ਜਿਵੇਂ ਵੀ ਅਸੀਂ ਚਾਹੁੰਦੇ ਹਾਂ ਅਤੇ ਇਹ ਮੇਰਾ ਨਜ਼ਰੀਆ ਹੈ ਕਿ ਸਰਲ ਵਿਸਥਾਰ ਇਹ ਹੈ ਕਿ ਕੋਈ ਵੀ ਰੱਬ ਨਹੀਂ ਹੈ। ਕਿਸੇ ਨੇ ਬ੍ਰਹਿਮੰਡ ਨਹੀਂ ਬਣਾਇਆ ਅਤੇ ਕੋਈ ਵੀ ਸਾਡੀ ਕਿਸਮਤ ਦਾ ਨਿਰਦੇਸ਼ਨ ਨਹੀਂ ਕਰਦਾ। ਇਹ ਮੈਨੂੰ ਡੂੰਘੇ ਅਨੁਭਵ ਵੱਲ ਲੈ ਜਾਂਦਾ ਹੈ। ਸੰਭਾਵਤ ਹੈ ਕਿ ਕੋਈ ਸਵਰਗ ਨਹੀਂ ਹੈ ਅਤੇ ਕੋਈ ਵੀ ਮੌਤ ਬਾਅਦ ਜੀਵਨ ਵੀ ਨਹੀਂ ਹੈ। ਬ੍ਰਹਿਮੰਡ ਦੇ ਸ਼ਾਨਦਾਰ ਡਿਜ਼ਾਇਨ ਦੀ ਕਦਰ ਕਰਨ ਲਈ ਸਾਡੇ ਕੋਲ ਇਹ ਇੱਕ ਜੀਵਨ ਹੈ, ਅਤੇ ਇਸ ਲਈ ਮੈਂ ਬਹੁਤ ਧੰਨਵਾਦੀ ਹਾਂ। ਸਤੰਬਰ 2014 ਵਿਚ ਉਹ ਸਟਾਰਮਜ਼ ਫੈਸਟੀਵਲ ਵਿਚ ਮੁੱਖ ਭਾਸ਼ਣਕਾਰ ਦੇ ਤੌਰ 'ਤੇ ਸ਼ਾਮਲ ਹੋਏ ਅਤੇ ਆਪਣੇ ਆਪ ਨੂੰ ਨਾਸਤਿਕ ਐਲਾਨਿਆ। ਈ.ਐਲ. ਮੁੰਡੋ ਨਾਲ ਇੱਕ ਇੰਟਰਵਿਊ ਵਿੱਚ ਉਸਨੇ ਟਿੱਪਣੀ ਕੀਤੀ: ਵਿਗਿਆਨ ਸਮਝਣ ਤੋਂ ਪਹਿਲਾਂ, ਇਹ ਵਿਸ਼ਵਾਸ ਕਰਨਾ ਕੁਦਰਤੀ ਹੈ ਕਿ ਪਰਮਾਤਮਾ ਨੇ ਬ੍ਰਹਿਮੰਡ ਦੀ ਰਚਨਾ ਕੀਤੀ ਹੈ। ਪਰੰਤੂ ਹੁਣ ਵਿਗਿਆਨ ਇੱਕ ਵਧੇਰੇ ਪ੍ਰਭਾਵੀ ਵਿਆਖਿਆ ਦੀ ਪੇਸ਼ਕਸ਼ ਕਰਦਾ ਹੈ। ਮੇਰਾ ਅਰਥ ਹੈ ਕਿ 'ਅਸੀਂ ਪਰਮਾਤਮਾ ਦੇ ਮਨ ਨੂੰ ਜਾਣਾਂਗੇ', ਸਾਨੂੰ ਉਹ ਸਭ ਕੁਝ ਪਤਾ ਹੋਵੇਗਾ ਜੋ ਪ੍ਰਮਾਤਮਾ ਨੂੰ ਪਤਾ ਹੋਵੇਗਾ, ਜੇਕਰ ਕੋਈ ਰੱਬ ਹੈ, ਜੋ ਨਹੀਂ ਹੈ. ਮੈਂ ਇੱਕ ਨਾਸਤਿਕ ਹਾਂ ।

## ਰਾਜਨੀਤੀ

ਮਾਰਚ 1968 ਵਿਚ, ਹੌਕਿੰਗ ਨੇ ਵੀਅਤਨਾਮੀ ਜੰਗ ਦੇ ਵਿਰੋਧ ਵਿਚ ਤਾਰਿਕ ਅਲੀ ਅਤੇ ਵਨੇਸਾ ਰੈਡਗਰੇਵ ਦੇ ਨਾਲ ਮਾਰਚ ਕੀਤਾ। ਉਹ ਇੱਕ ਲੰਮਾ ਸਮਾਂ ਲੇਬਰ ਪਾਰਟੀ ਸਮਰਥਕ ਹੈ। ਉਸਨੇ 2000 ਦੇ ਡੈਮੋਕਰੇਟਲ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਅਲ ਗੋਰ ਲਈ ਸ਼ਰਧਾਂਜਲੀ ਭੇਂਟ ਕੀਤੀ, ਜਿਸ ਨੂੰ 2003 ਵਿੱਚ ਇਰਾਕ 'ਤੇ ਹਮਲੇ' ਯੁੱਧ ਅਪਰਾਧ' ਕਿਹਾ ਗਿਆ ਸੀ। ਪ੍ਰਮਾਣੂ ਨਿਸ਼ਸ਼ਤਰੀਕਰਣ ਲਈ ਪ੍ਰਚਾਰ ਕੀਤਾ, ਅਤੇ ਸਟੈਮ ਸੈੱਲ ਖੋਜ, ਯੂਨੀਵਰਸਲ ਸਿਹਤ ਦੇਖਭਾਲ, ਅਤੇ ਜਲਵਾਯੂ ਤਬਦੀਲੀ ਰੋਕਣ ਲਈ ਸਹਿਯੋਗ ਕੀਤਾ।

ਹੌਕਿੰਗ ਨੇ ਕਿਹਾ, "ਅਸੀਂ ਉਸ ਸਿਖਰ ਦੇ ਪੁਆਇੰਟ ਦੇ ਬਹੁਤ ਨੇੜੇ ਹਾਂ, ਜਿੱਥੇ ਗਲੋਬਲ ਵਾਰਮਿੰਗ ਆਉਣ ਦੀ ਸੂਰੂਆਤ ਹੋ ਸਕਦੀ ਹੈ। ਟਰੰਪ ਦੀ ਕਾਰਵਾਈ ਧਰਤੀ ਨੂੰ ਉਸ ਕੰਢੇ ਉੱਤੇ ਧੱਕ ਸਕਦੀ ਹੈ, ਵੈਨਸ ਦੀ ਤਰ੍ਹਾਂ ਬਣਨ ਲਈ, 250 ਡਿਗਰੀ ਦੇ ਤਾਪਮਾਨ ਨਾਲ, ਅਤੇ ਸਲਫ਼ੁਰਿਕ ਐਸਿਡ ਨੂੰ ਮੀਂਹ ਦੇ ਸਕਦਾ ਹੈ, "ਅਗਸਤ 2014 ਇੱਕ ਪੱਤਰ ਉਤੇਦਸਤਖਤ ਕਰਨ ਵਾਲੇ 200 ਲੋਕਾਂ ਵਿਚੋਂ ਹੌਕਿੰਗ ਇਕ ਸਨ ਜੋ ਸਕੌਟਿਸ ਦੀ ਆਜ਼ਾਦੀ ਲਈ ਉਸ ਮੁੱਦੇ 'ਤੇ ਸਤੰਬਰ ਦੇ ਲੋਕਮੱਤ ਸਬੰਧੀ ਸੀ। ਇਸ ਦਾ ਵਿਰੋਧ ਕਰਨ ਵਾਲੇ ਹੌਕਿੰਗ ਦਾ ਮੰਨਣਾ ਹੈ ਕਿ ਯੂਰੋਪੀਅਨ ਯੂਨੀਅਨ (ਬ੍ਰੈਕਸਿਤ) ਤੋਂ ਯੂਨਾਈਟਿਡ ਕਿੰਗਡਮ ਦੀ ਵਾਪਸੀ ਨੇ ਯੂਕੇ ਦੇ ਯੋਗਦਾਨ ਨੂੰ ਵਿਗਿਆਨ ਨੂੰ ਨੁਕਸਾਨ ਪਹੁੰਚਾਏਗਾ ਕਿਉਂਕਿ ਆਧੁਨਿਕ ਖੋਜ ਵਿੱਚ ਅੰਤਰਰਾਸ਼ਟਰੀ ਸਹਿਯੋਗ ਦੀ ਲੋੜ ਹੈ, ਅਤੇ ਯੂਰਪ ਦੇ ਲੋਕਾਂ ਦੀ ਅਜਾਦ ਲਹਿਰ ਵਿਚਾਰਾਂ ਦੇ ਪ੍ਰਸਾਰ ਨੂੰ ਉਤਸ਼ਾਹਿਤ ਕਰਦੀ ਹੈ।

ਹੌਕਿੰਗ ਸਿਹਤ ਦੇਖ-ਰੇਖ ਤੇ ਬਹੁਤ ਚਿੰਤਿਤ ਹੈ, ਅਤੇ ਬਰਤਾਨੀਆ ਦੇ ਨੈਸ਼ਨਲ ਹੈਲਥ ਸੇਵਾ ਤੋਂ ਬਿਨਾਂ ਉਹ ਬਚ ਨਹੀਂ ਪਾਵੇਗਾ। ਹੌਕਿੰਗ ਨੇ ਕਿਹਾ:ਮੈਨੂੰ ਬਰਤਾਨੀਆ ਵਿੱਚ ਸ਼ਾਨਦਾਰ ਡਾਕਟਰੀ ਸਹਾਇਤਾ ਮਿਲ ਗਈ ਹੈ, ਅਤੇ ਮੈਂ ਮਹਿਸੂਸ ਕੀਤਾ ਕਿ ਰਿਕਾਰਡ ਨੂੰ ਸਿੱਧੇ ਸੈੱਟ ਕਰਨਾ ਮਹੱਤਵਪੂਰਣ ਸੀ। ਮੈਂ ਯੂਨੀਵਰਸਲ ਹੈਲਥ ਕੇਅਰ ਵਿਚ ਵਿਸ਼ਵਾਸ ਕਰਦਾ ਹਾਂ। ਅਤੇ ਮੈਂ ਇਸ ਤਰ੍ਹਾਂ ਕਹਿਣ ਤੋਂ ਡਰਦਾ ਨਹੀਂ ਹਾਂ। ਹੌਕਿੰਗ ਡਰਦਾ ਹੈ ਕਿ ਪ੍ਰਾਈਵੇਟਾਈਜੇਸ਼ਨ ਅਤੇ ਏਜੰਸੀਆਂ ਦੀ ਵਰਤੋਂ, ਸਿਹਤ ਸੇਵਾਵਾਂ ਤੋਂ ਵੀ ਲਾਭ ਲੈਣ ਦਾ ਕਾਰਨ ਬਣ ਰਹੀਆਂ ਹਨ।ਹੌਕਿੰਗ ਨੇ ਕਿਹਾ, "ਸਿਸਟਮ ਤੋਂ ਵਧੇਰੇ ਲਾਭ ਕੱਢਿਆ ਜਾਂਦਾ ਹੈ, ਵਧੇਰੇ ਪ੍ਰਾਈਵੇਟ ਏਕਾਧਿਕਾਰ ਵਧਦਾ ਹੈ ਅਤੇ ਜਿਆਦਾ ਮਹਿੰਗਾ ਹੈਲਥਕੇਅਰ ਬਣ ਜਾਂਦਾ ਹੈ। ਐਨ.ਐਚ.ਐਸ (NHS) ਨੂੰ ਵਪਾਰਕ ਹਿੱਤਾਂ ਤੋਂ ਦੂਰ ਅਤੇ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਸੁਰੱਖਿਅਤ ਕਰਨਾ ਚਾਹੀਦਾ ਹੈ ਜੋ ਇਸ ਦਾ ਨਿੱਜੀਕਰਨ ਕਰਨਾ ਚਾਹੁੰਦੇ ਹਨ।"

ਸਟੀਫਨ ਹੌਕਿੰਗ ਨੇ ਕਿਹਾ ਕਿ ਮੰਤਰੀਆਂ ਨੇ ਐਨ ਐਚ ਐਸ ਨੂੰ ਨੁਕਸਾਨ ਪਹੁੰਚਾਇਆ ਹੈ, ਉਹ ਕੰਜ਼ਰਵੇਟਿਵ ਨੂੰ ਪੈਸਿਆਂ ਦੀ ਕਮੀ ਕਰਨ, ਪ੍ਰਾਈਵੇਟਾਈਜੇਸ਼ਨ ਦੁਆਰਾ ਐੈਨ ਐੈਚ ਐੈਸ ਨੂੰ ਕਮਜ਼ੋਰ ਬਣਾਉਂਦੇ ਹਨ, ਪੈਸਿਆਂ ਨੂੰ ਵਾਪਸ ਲੈਣ ਅਤੇ ਸਮਾਜਿਕ ਦੇਖਭਾਲ ਨੂੰ ਘਟਾ ਕੇ ਸਟਾਫ਼ ਦੇ ਮਨੋਬਲ ਨੂੰ ਘਟਾਉਂਦੇ ਹਨ। ਹੌਕਿੰਗ ਨੇ ਜੇਰੀਮੀ ਹੰਟ ਉੱਤੇ ਸਬੂਤ ਦੇ ਚੈਰੀ ਚੁਰਾਉਣ ਦੇ ਦੋਸ਼ ਲਗਾਏ ਜਿਸ ਵਿੱਚ ਹੌਕਿੰਗ ਡਾਟਾਬੇਸ ਵਿਗਿਆਨ ਨੂੰ ਬਣਾਕੇ ਰਖਦਾ ਹੈ। ਹੌਕਿੰਗ ਨੇ ਇਹ ਵੀ ਕਿਹਾ, "ਬਹੁਤ ਸਾਰੇ ਸਬੂਤ ਹਨ ਕਿ NHS ਫੰਡਿੰਗ ਅਤੇ ਡਾਕਟਰਾਂ ਅਤੇ ਨਰਸਾਂ ਦੀ ਗਿਣਤੀ ਅਢੁੱਕਵੀਂ ਹੈ, ਅਤੇ ਇਹ ਸਥਿਤੀ ਨੂੰ ਹੋਰ ਵੀ ਵਿਗੜ ਰਹੀ ਹੈ।" ਜੂਨ 2017 ਵਿੱਚ, ਹੌਕਿੰਗ ਨੇ 2017 ਯੂਕੇ ਦੇ ਆਮ ਚੋਣ ਵਿੱਚ ਲੇਬਰ ਪਾਰਟੀ ਦੇ ਨੇਤਾ ਜੇਰੇਮੀ ਕੋਰਬੀਨ ਦਾ ਸਮਰਥਨ ਕੀਤਾ।

ਹੌਕਿੰਗ ਨੇ ਕਿਹਾ ਕਿ ਉਸ ਨੂੰ ਡਰ ਹੈ ਕਿ ਗਲੋਬਲ ਵਾਰਮਿੰਗ ਉੱਤੇ ਡੌਨਲਡ ਟ੍ਰੰਪ ਦੀਆਂ ਨੀਤੀਆਂ ਨਾਲ ਗ੍ਰਹਿ ਨੂੰ ਖਤਰਾ ਹੋ ਸਕਦਾ ਹੈ ਅਤੇ ਗਲੋਬਲ ਵਾਰਮਿੰਗ ਦੇ ਖਤਰੇ ਨੂੰ ਵਾਪਿਸ ਨਹੀ ਨੋੜ ਸਕਦੇ। ਹੌਕਿੰਗ ਨੇ ਕਿਹਾ, "ਮੌਸਮ ਬਦਲਾਅ ਸਾਡੇ ਲਈ ਬਹੁਤ ਵੱਡੇ ਖ਼ਤਰੇ ਹਨ, ਅਤੇ ਜੇ ਅਸੀਂ ਹੁਣ ਕੰਮ ਕਰਗੇ ਤਾਂ ਅਸੀਂ ਇਸ ਨੂੰ ਰੋਕ ਸਕਦੇ ਹਾਂ। ਵਾਤਾਵਰਣ ਵਿਚ ਤਬਦੀਲੀਆਂ ਦੇ ਸਬੂਤ ਨੂੰ ਨਕਾਰ ਕੇ ਅਤੇ ਪੈਰਿਸ ਦੇ ਜਲਵਾਯੂ ਸਮਝੌਤਾ ਤੋਂ ਬਾਹਰ ਨਹੀਂ ਕੱਢ ਸਕਦੇ, ਡੌਨਲਡ ਟ੍ਰੰਪ ਦੋਸ਼ੀ ਦੋ ਸਕਦਾ ਹੈ, ਜੇ ਉਹ ਵਾਤਾਵਰਣ ਨੂੰ ਨੁਕਸਾਨ ਕਰਕੇ ਕੁਦਰਤੀ ਸੰਸਾਰ ਨੂੰ ਖ਼ਤਰੇ ਵਿਚ ਪਾ, ਸਾਡੇ ਅਤੇ ਸਾਡੇ ਬੱਚਿਆਂ ਲਈ ਸਾਡੇ ਸੁੰਦਰ ਗ੍ਰਹਿ ਨੂੰ ਨੁਕਸਾਨਦੇਹ ਹੋਵੇਗਾ। "

## ਪ੍ਰਸਿੱਧ ਮੀਡੀਆ ਵਿੱਚ ਮੌਜੂਦਗੀ

ਸਟਾਰ ਟਰੇਕ ਤੇ ਸਪੌਕ ਨੂੰ ਖੇਡਣ ਵਾਲੇ ਟਾਈਮ ਦੇ ਸੰਖੇਪ ਇਤਿਹਾਸ ਦੇ ਲਿਊਨੇਡ ਨੀਮਯ ਦੇ ਘਰੇਲੂ ਵੀਡੀਓ ਦੇ ਸੰਸਕਰਣ ਲਈ ਰਿਲੀਜ਼ ਕਰਨ ਵਾਲੀ ਪਾਰਟੀ ਨੇ ਜਾਣਿਆ ਕਿ ਹੌਕਿੰਗ ਸ਼ੋਅ ਨੂੰ ਪੇਸ਼ ਕਰਨ ਵਿੱਚ ਦਿਲਚਸਪੀ ਸੀ। ਨਿਮੋਯ ਨੇ ਲੋੜੀਂਦਾ ਸੰਪਰਕ ਬਣਾ ਲਿਆ ਅਤੇ ਹੌਕਿੰਗ ਨੇ ਸਟਾਰ ਟਰੇਕ: ਦ ਨੈਕਸਟ ਜੈਨਰੇਸ਼ਨ ਇਨ 1993 ਵਿੱਚ ਆਪਣੇ ਆਪ ਨੂੰ ਇੱਕ ਹੋਲੋਗ੍ਰਾਫਿਕ ਸਿਮੂਲੇਸਨ ਦੀ ਭੂਮਿਕਾ ਨਿਭਾਈ।



ਹਰਦੀਪ ਸਿੰਘ ਚੁੰਬਰ
+91-94636-01616

ਉਸੇ ਸਾਲ, ਉਨ੍ਹਾਂ ਦੀ ਸਿਨਥੇਸਾਈਜ਼ਰ ਅਵਾਜ਼ ਨੂੰ ਪਿੰਕ ਫਲੌਇਡਸੌਂਗ "ਕੀਪ ਟਾਕਿੰਗ" ਲਈ ਦਰਜ ਕੀਤਾ ਗਿਆ ਸੀ, ਅਤੇ 1999 ਵਿੱਚ ਇੱਕ ਸਿਮਸਨ ਉੱਤੇ ਇੱਕ ਮੌਜੂਦਗੀ ਲਈ ਦਰਜ ਕੀਤੀ ਗਈ ਸੀ। ਹਕਿੰਗ ਨੇ ਰਿਅਲ ਸਟੀਫਨ ਹੌਕਿੰਗ (2001), ਸਟੀਫਨ ਹਾਕਿੰਗ: ਪ੍ਰੋਫਾਇਲ (2002) ਅਤੇ ਹੌਕਿੰਗ (2013), ਅਤੇ ਡਾਕੂਮੈਂਟਰੀ ਸੀਰੀਜ ਸਟੀਫਨ ਹੌਕਿੰਗ, ਮਾਸਟਰ ਆਫ਼ ਦ ਜੂਨੀਵਰਸ (2008) ਦੇ ਸਿਰਲੇਖਾਂ ਵਿੱਚ ਹਕਿੰਗ ਦਿਖਾਈ ਦਿਤੇ। ਹੌਕਿੰਗ ਨੇ ਫਿਊਚਰਮਾ ਅਤੇ ਬਿਗ ਬੈਂਗ ਥਿਊਰੀ ਵਿਚ ਮਹਿਮਾਨ-ਸਟਾਰ ਵੀ ਸਨ।

ਹੌਕਿੰਗ ਨੇ ਬਾਇਓਗ੍ਰਾਫੀਕਲ 2014 ਦੀ ਫਿਲਮ ਥਿਉਰੀ ਆਫ਼ ਐਵਰੀਥਿੰਗ ਵਿੱਚ ਉਸ ਦੀ ਕਾਪੀਰਾਈਟ ਅਵਾਜ ਦੀ ਵਰਤੋਂ ਦੀ ਇਜਾਜ਼ਤ ਦਿੱਤੀ ਸੀ, ਜਿਸ ਵਿੱਚ ਉਹ ਐਡੀ ਰੇਡਮੈ ਦੁਆਰਾ ਇੱਕ ਅਕਾਦਮੀ ਅਵਾਰਡ-ਜੇਤੂ ਭੂਮਿਕਾ ਵਿੱਚ ਪੇਸ਼ ਕੀਤਾ ਗਿਆ ਸੀ।

2014 ਵਿੱਚ ਮੌਂਟੀ ਪਾਇਥਨ ਲਾਈਵ (ਵਧੇਰੇ ਤੌਰ 'ਤੇ) ਵਿੱਚ ਹੌਕਿੰਗ ਦਿਖਾਇਆ ਗਿਆ ਸੀ। ਉਸ ਨੇ ਇੱਕ ਪੂਰਵ-ਰਿਕਾਰਡ ਕੀਤੇ ਵੀਡੀਓ ਵਿੱਚ ਆਪਣੀ ਵ੍ਹੀਲਚੇਅਰ ਨਾਲ ਬ੍ਰਾਈਅਨ ਕੋਕਸ ਨੂੰ ਚਲਾਉਣ ਤੋਂ ਬਾਅਦ, ਉਹਨਾਂ ਨੂੰ ਗਲੈਕਸੀ ਗਾਣੇ ਦੇ ਵਿਸਥਾਰਿਤ ਸੰਸਕਰਣ ਵਿਚ ਗਾਉਣ ਲਈ ਦਿਖਾਇਆ ਗਿਆ ਸੀ। ਹੌਕਿੰਗ ਨੇ ਵ੍ਹੀਲਚੇਅਰ, ਕੌਮੀ ਬੱਚਤ, ਬ੍ਰਿਟਿਸ਼ ਟੈਲੀਕਾਮ, ਸਪੱਸਸੇਵਰਜ਼, ਐਗ ਬੈਂਕਿੰਗ ਅਤੇ ਗੋ ਕੰਪੇਅਰ ਸਮੇਤ ਉਤਪਾਦਾਂ ਦੀ ਘੋਸ਼ਣਾ ਕਰਨ ਲਈ ਆਪਣੀ ਮਸ਼ਹੂਰੀ ਦਾ ਪ੍ਰਯੋਗ ਕੀਤਾ ਹੈ।ਉਸਨੇ ਆਪਣਾ ਨਾਮ ਟ੍ਰੇਡਮਾਰਕ ਕਰਨ ਲਈ ਅਰਜ਼ੀ ਦਿੱਤੀ ਹੈ।

## ਅਵਾਰਡ ਅਤੇ ਸਨਮਾਨ

ਸਟੀਫਨ ਹੌਕਿੰਗ ਨੇ ਆਪਣੀ ਬੇਟੀ ਲੂਸੀ ਹੌਕਿੰਗ ਦੁਆਰਾ ਤਿਆਰ ਕੀਤੇ ਗੇ ਭਾਸ਼ਣ ਉਸਨੇ ਨਾਸਾ ਦੀ 50 ਵੀਂ ਵਰ੍ਹੇਗੰਢ ਵਿੱਚ ਦਿੱਤੇ। ਹੌਕਿੰਗ ਨੇ ਕਈ ਪੁਰਸਕਾਰ ਅਤੇ ਸਨਮਾਨ ਪ੍ਰਾਪਤ ਕੀਤੇ ਹਨ। ਸੂਚੀ ਵਿੱਚ ਪਹਿਲਾਂ ਹੀ ਸ਼ੁਰੂ ਵਿੱਚ, 1974 ਵਿੱਚ ਉਸ ਨੂੰ ਰਾਇਲ ਸੁਸਾਇਟੀ (ਐਫਐਸਐਸ) ਦਾ ਇੱਕ ਫੈਲੋ ਚੁਣਿਆ ਗਿਆ ਸੀ।

ਉਸ ਸਮੇਂ, ਉਸ ਦੀ ਨਾਮਜ਼ਦਗੀ ਵਿਚ ਪੜ੍ਹਿਆ: ਹੌਕਿੰਗ ਨੇ ਆਮ ਰੀਲੇਟੀਵਿਟੀ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਹ ਇਕ ਬਹੁੱਤ ਹੀ ਗਹਿਰੀ ਸਮਝ ਤੋਂ ਬਾਅਦ ਕਿ ਭੌਤਿਕੀ ਅਤੇ ਖਗੋਲੀ ਵਿਗਿਆਨ ਨਾਲ ਸੰਬੰਧਤ ਕੀ ਹੈ ਅਤੇ ਖਾਸ ਤੌਰ ਤੇ ਗਣਿਤ ਤਕਨੀਕਾਂ ਦੀ ਪੂਰੀ ਮਾਸਟਰੀ ਤੋਂ ਬਾਅਦ। ਪਿਨਰੋਜਦੇ ਪਾਇਨੀਅਰਾਂ ਦੇ ਕੰਮ ਦੇ ਬਾਅਦ ਉਹ ਅੰਸ਼ਕ ਤੌਰ ਤੇ ਇਕੱਲੇ ਅਤੇ ਅੰਸ਼ਕ ਰੂਪ ਨਾਲ ਪੇਰਰਜ ਨਾਲ ਮਿਲਕੇ ਕੰਮ ਕਰਦੇ ਸਨ, ਬੁਨਿਆਦੀ ਨਤੀਜਿਆਂ ਨੂੰ ਸਥਾਪਤ ਕਰਨ ਦੇ ਕ੍ਰਮਵਾਰ ਲਗਾਤਾਰ ਪ੍ਰਕਿਰਿਆਵਾਂ ਦੀ ਇਕ ਲੜੀ ਜੋ ਕਿ ਸਾਰੇ ਯਥਾਰਥਵਾਦੀ ਬ੍ਰਹਿਮੰਡਲ ਮਾਡਲਾਂ ਵਿਚ ਇਕਸਾਰਤਾਵਾਂ ਹੋਣੀਆਂ ਚਾਹੀਦੀਆਂ ਹਨ।

ਅਜਿਹੀਆਂ ਤਕਨੀਕਾਂ ਦੀ ਵਰਤੋਂ ਕਰਦੇ ਹੋਏ, ਹੌਕਿੰਗ ਨੇ ਬਲੈਕ ਹੋਲਾਂ ਦੇ ਨਿਯਮਾਂ ਦੇ ਮੂਲ ਸਿਧਾਂਤ ਸਿੱਧ ਕਰ ਦਿੱਤੇ ਹਨ: ਜੋ ਕਿ ਆਇਨਸਟਾਈਨ ਦੀਆਂ ਇਕੂਏਸ਼ਨਾਂ ਦੇ ਸਥਾਈ ਹਨ, ਸਹਿਜਤਾ ਨਾਲ ਨਿਰਵਿਘਨ ਘਟਨਾ ਦਾ ਵਾਪਰਨਾ ਜ਼ਰੂਰੀ ਹੋਵੇਅਤੇ ਇਹ ਕਿ ਬਲੈਕ ਹੋਲਾਂ ਦੇ ਵਿਕਾਸ ਅਤੇ ਆਪਸੀ ਪ੍ਰਭਾਵ ਵਿੱਚ, ਘਟਨਾ ਦੇ ਦਿਹਾੜੇ ਦੇ ਕੁੱਲ ਸਤਹੀ ਖੇਤਰ ਨੂੰ ਵਧਾਉਣਾ ਚਾਹੀਦਾ ਹੈ।

ਜੀ. ਐਲਿਸ ਦੀ ਮਦਦ ਨਾਲ, ਹੌਕਿੰਗ "ਸਪੇਸ-ਟਾਈਮ ਇੰਨ ਦਿ ਲਾਰਜ" ਦੇ ਪ੍ਰਭਾਵਸ਼ਾਲੀ ਅਤੇ ਮੂਲ ਤੱਥ ਦੀ ਲੇਖਕ ਹੈ । ਹੋਰ ਹਵਾਲੇ ਲਈ:ਹੌਕਿੰਗ ਦੀਆਂ ਹੋਰ ਮਹੱਤਵਪੂਰਣ ਰਚਨਾਵਾਂ, ਬ੍ਰਹਿਮੰਡੀ ਮੁਲਾਂਕਣਾਂ ਦੀ ਵਿਆਖਿਆ ਅਤੇ ਗੁਰੂਤਾ ਖਿੱਚਵਾਂ ਵੇਵ ਡਿਟੈਕਟਰਾਂ ਦੇ ਡਿਜ਼ਾਈਨ ਨਾਲ ਸਬੰਧਤ ਹਨ।

ਹੌਕਿੰਗ ਨੂੰ 2015 ਦੇ ਬੀਬੀਵੀਏ ਫਾਊਂਡੇਸ਼ਨ ਫਾਰੰਟੀਅਰਜ ਆਫ ਨਾਲਿਜ਼ ਅਵਾਰਡ ਬੇਸਿਕ ਸਾਇੰਸਜ਼ ਵਿਚ ਪ੍ਰਾਪਤ ਕੀਤਾ ਜੋ ਵਾਈਤੇਚੇਵ ਮੁਕਾਨਵ ਦੀ ਹਿਸੇਦਾਰੀ ਨਾਲ ਪ੍ਰਾਰਤ ਹੋਇਆ ਸੀ, ਜਿਸ ਨੂੰ ਖੋਜਣ ਲਈ ਇਹ ਪਤਾ ਲੱਗਾ ਕਿ ਗਲੈਕਸੀਆਂ ਦੀ ਸ਼ੁਰੂਆਤ ਬ੍ਰਹਿਮੰਡ ਵਿਚ ਕੁਆਂਟਮ ਹਲਚਲ ਤੋਂ ਹੋਈ ਸੀ।

2016 ਵਿਚ ਇੰਗਲੈਂਡ ਦੇ ਪ੍ਰਾਈਡ ਆਫ ਬ੍ਰਿਟੇਨ ਅਵਾਰਡ, ਹੌਕਿੰਗ ਨੂੰ "ਵਿਗਿਆਨ ਅਤੇ ਬ੍ਰਿਟਿਸ਼ ਸਭਿਆਚਾਰ ਵਿਚ ਉਸਦੇ ਯੋਗਦਾਨ ਲਈ" ਲਾਈਫਟਾਈਮ ਐਚੀਵਮੈਂਟ ਅਵਾਰਡ ਦਿੱਤਾ ਗਿਆ।

## ਸਾਇੰਸ ਸੰਚਾਰ ਲਈ ਸਟੀਫਨ ਹਾਕਿੰਗ ਮੈਡਲ

ਸਟੀਫਨ ਹਾਕਿੰਗ ਮੈਡਲ ਫਾਰ ਸਾਇੰਸ ਕਮਿਊਨੀਕੇਸ਼ਨ 2016 ਵਿੱਚ ਸ਼ੁਰੂ ਕੀਤਾ ਗਿਆ ਸਾਲਾਨਾ ਪੁਰਸਕਾਰ ਹੈ।ਉਹ ਕਲਾ-ਸਮਾਜ ਦੇ ਸਦੱਸਾਂ ਨੂੰ ਉਨ੍ਹਾਂ ਯੋਗਦਾਨਾਂ ਲਈ ਸਨਮਾਨਿਤ ਕਰਦੇ ਹਨ, ਜੋ ਵਿਗਿਆਨ ਦੀ ਜਾਗਰੂਕਤਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ। 2016 ਵਿਚ ਸਟਾਰਮਸ 3 (STARMUS III) ਤਿਉਹਾਰ ਦਾ ਤਮਗਾ ਪ੍ਰਾਪਤ ਕਰਨ ਲਈ ਉਦਘਾਟਨੀ ਪੁਰਸਕਾਰ ਸਮਾਗਮ ਦਾ ਮਾਣ ਦਿਤਾ ਗਿਆ ਸੀ।ਅਵਾਰਡ ਪ੍ਰਾਪਤ ਕਰਤਾ (ਹੌਕਿੰਗ ਦੁਆਰਾ ਖੁਦ ਚੁਣਿਆ ਗਿਆ) ਸੰਗੀਤਕਾਰ ਹੰਸ ਜ਼ਿੰਮੇਰ, ਭੌਤਿਕ ਵਿਗਿਆਨੀ ਜਿਮ ਅਲ-ਖ਼ਲੀਲੀ ਅਤੇ ਵਿਗਿਆਨ ਦੇ ਦਸਤਾਵੇਜ਼ੀ ਕਣ ਤਾਪ (the science documentary Particle Fever) ਸਨ।

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



DHANDHAN
SRI GURU
RAVIDASS JI

Bole' So Nirbhay!
Guru Ravidass
Maharaj Ki Jai!

## Guru Piari Sadh Sangat Ji

**Devoted families are requesting entire Sangat to attend the following functions:**

**December 17, 2017 Sukhmani Sahib Path and Langar Sewa by Dr. Gagandeep Mall and Dr. Sunita K. Mall**

Sukhmani Sahib Path and Langar Sewa will be hostead by Dr. Gagandeep Malwith the help and support of their family for Sukh Shanti and Chardi Kala. Kirtanijatha of Bhai Suveg Singh and GianiGurnam Singh/Ompal Singh will do the kirtansewa. May Waheguru keep Mal family in ChardiKala.

**December 24, 2017 Shaheedi Divas of Guru Gobind Singh Ji's Sahibzadey**

Sukhmani Sahib Path and Langar will be hosted by Gurugharon the occasion of Barsi of Shri Guru Gobind Singh Ji's four Sahibzadey: Baba Ajit Singh, Baba Jujhar Singh, Baba Zorawar Singh and Baba Fateh Singh. Guru Gobind Singh sacrificed his dear and brave sons, only to prove that when it comes to making sacrifices for the Sikh cause, he would not hesitate to offer his own sons to show the world that the Sikh ideals alone, and not his own sons, were dearer to him. Entire Sangat is humbly requested to participate and do the SEWA.

**December 31, 2017 Sukhmani Sahib and LangarSewafromGurughar**

**December 31, 2017 Rain Sabai New Year's celebrations by Suman family**

We are celebrating New Year's Eve at Gurughar in welcoming the 2018. Sukhmani Sahib Path and Langar Sewa will be hosted by Bhai Ramesh Suman, Bibi Gyan Suman and family. Let us start the New Year with a prayer for love, happiness and prosperity of our Sangat. Jathas of GianiGurnam Singh/Ompal Singh and GianiHarjinder Singh Rasia will do the shabadkirtan. The entire Sangat is requested to participate whole heartedly.

**January 7, 2018 Sukhmani Sahib Path and Langar Sewa from Gurughar**

**January 13, 2018 LOHRI Celebration**

Lohri will be celebrated in the Gurughar at 6:00 PM on Saturday, January 13, 2018.Sukhmani Sahib Path and Langar Sewa will be hosted by Bhai Ramesh Suman and Family with the help and cooperation of Sangat. Sangat is requested to come with their families and friends. This is the 6th year we are celebrating Lohri in Gurughar. Parents of newborn children are specially requested to come and celebrate first Lohri of their new born children in the Gurughar.

**January 14,2018 Sukhmani Sahib Path and LangarSewa from Gurughar**

**February 2-3-4, 2018 Gurupurb Sri Guru Ravidass Ji**

Sri Guru Ravidass Sabha CA, Pittsburg is celebrating the 641th ParkashUtasav of SATGURU RAVIDASS JI on Sunday, February 4, 2018 at the temple as per program noted below:

ARAMBH SHRI AKHAND PATH February 2, 2018 (FRIDAY) 9:30 AM
BHOG SHRI AKHAND PATH February 4, 2018 (SUNDAY) 9:30 AM
KIRTAN DIWAN After Bhog Ceremony until 2:00 PM

Sangat will perform Langer, Path and Parshad Sewa for this program. Prominent Kirtani Jathas, distinguished Speakers and community leaders well versed with life and teachings of Satguru will enhance this Kirtan Diwan.

**Nishan Sahib Hoisting Ceremony will be held on February 3rd 2018 (Saturday)**

Entire Sangat is cordially invited to participate in this celebration with family and friends and receive the benign blessings of Sri Guru Ravidass Ji. Satguru Ravidass Ji was a great religious and social reformer dedicated his whole life for the welfare of the humanity. Guru Ji preached social harmony and stood against caste discrimination.

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥1॥ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa. Please contact President Kashmiri Bhatia at (408) 460 0262 or Chairman Ramesh Suman at (925)366-3618 or General Secretary Dilbag Singh at (209)834-4641. We need your help and support. Your contributions will be greatly appreciated.

**"NANAK NAM CHARDI KALA TERE BHANE SARBAT DA BHALA"**

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# ਖਿਡਾਰੀਆਂ, ਲਿਖਾਰੀਆਂ ਨਾਲ ਪਿਆਰ ਕਰਨਾ ਮੇਰਾ ਦਿਲੀਂ ਸ਼ੌਂਕ - ਚਰਨ ਸੂਜਾਪੁਰੀ ਯੂ ਕੇ

**ਸ਼ਾਮਚੁਰਾਸੀ/ਲੰਡਨ (ਚੁੰਬਰ)–** ਮਾਂ ਬਾਪ ਦਾ ਰੱਖਿਆ ਨਾਮ ਗੁਰਚਰਨ ਸਿੰਘ ਉਦੋਂ ਚਰਨ ਸੂਜਾਪੁਰ ਬਣਿਆ ਜਦੋਂ ਜਵਾਨੀ ਵਿਚ ਪੈਰ ਧਰਦਿਆਂ ਹੀ ਪੂਰੇ ਪੰਜਾਬ ਵਿਚ ਮਾਂ ਖੇਡ ਕਬੱਡੀ ਦੀ ਖੇਡਦਿਆਂ ਖੇਡ ਪਿੜ੍ਹਾਂ ਵਿਚ ਬਹਿਜਾ ਬਹਿਜਾ ਕਰਵਾ ਦਿੱਤੀ। ਕੋਈ ਵਿਰਲਾ ਹੀ ਹਵਾ ਦੇ ਹਾਣੀ ਨੂੰ ਡੱਕਣ ਦੀ ਜੁਅੱਰਤ ਰੱਖਦਾ ਸੀ। ਐਨੇ ਸਾਲ ਸਾਫ਼ ਸੁਥਰੀ ਕੱਬਡੀ ਖੇਡਣ ਵਿਚ ਚਰਨ ਮਾਂ ਬਾਪ ਦੀ ਦਿੱਤੀ ਸਿੱਖਿਆ ਅਤੇ ਪ੍ਰਮਾਤਮਾ ਦੀ ਕਿਰਪਾ ਦਾ ਹੀ ਬੱਲ ਸਮਝਦਾ ਹੈ। ਕਬੱਡੀ ਦੇ ਇਸ ਚਮਕਦੇ ਸਿਤਾਰੇ ਚਰਨ ਸੂਜਾਪੁਰ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸੂਜਾਪੁਰ ਵਿਚ ਪਿਤਾ ਸ. ਗੁਰਦੇਵ ਸਿੰਘ ਦੇ ਘਰ ਮਾਤਾ ਬਚਨ ਕੌਰ ਦੀ ਕੁੱਖੋਂ 10 ਫਰਵਰੀ 1970 ਨੂੰ ਹੋਇਆ। ਚਰਨ ਸੂਜਾਪੁਰ ਚਾਰ ਭੈਣ ਭਰਾਵਾਂ 'ਚ ਤੀਜੇ ਥਾਂ ਹੈ। ਕਬੱਡੀ ਖੇਡਣ ਦੀ ਚੇਟਕ ਚਰਨ ਸੂਜਾਪੁਰ ਨੂੰ ਆਪਣੇ ਘਰੋਂ ਹੀ ਲੱਗੀ। ਕਿਉਂਕਿ ਚਰਨ ਸੂਜਾਪੁਰ ਦਾ ਵੱਡਾ ਭਰਾ ਸ਼ਿੰਦਾ ਕਬੱਡੀ ਦਾ ਮੰਨਿਆ ਪ੍ਰਮੰਨਿਆਂ ਜਾਫੀ ਸੀ, ਬਸ ਫਿਰ ਕੀ ਦੋ ਭਰਾਵਾਂ ਨੇ ਪੂਰੇ ਪੰਜਾਬ ਵਿਚ ਕਬੱਡੀ ਦੀਆਂ ਧੂੰਮਾਂ ਪਾ ਦਿੱਤੀਆਂ ਤੇ ਚਾਰ ਚੁਫ਼ੇਰੇ ਸੂਜਾਪੁਰ ਸੂਜਾਪੁਰ ਹੋਣ ਲੱਗੀ ਅਤੇ ਲਗਾਤਾਰ 18 ਸਾਲ ਸਾਫ਼ ਸੁਥਰੀ ਕਬੱਡੀ ਖੇਡੀ। ਚਰਨ ਸੂਜਾਪੁਰ ਮੁਤਾਬਿਕ ਉਦੋਂ ਕਬੱਡੀ ਨਸ਼ਿਆਂ ਤੋਂ ਕੋਹਾਂ ਦੂਰ ਸੀ ਅਤੇ ਹਰ ਖਿਡਾਰੀ ਵਲੋਂ ਹਿੱਕ ਦੇ ਜ਼ੋਰ ਤੇ ਝੰਡੀ ਗੱਡੀ ਜਾਂਦੀ ਸੀ। 1995 ਵਿਚ ਚਰਨ ਸੂਜਾਪੁਰ ਪੱਕੇ ਤੌਰ ਤੇ ਇੰਗਲੈਂਡ ਜਾ ਵਸਿਆ, ਪਰ ਮਾਂ ਖੇਡ ਕਬੱਡੀ ਨਾਲ ਪਿਆਰ ਵਿਦੇਸ਼ ਵਿਚ ਵੀ ਬਰਕਰਾਰ ਰਿਹਾ ਅਤੇ ਇੰਗਲੈਂਡ ਵਿਚ ਲਗਾਤਾਰ 8 ਸਾਲ ਚੋਟੀ ਦਾ ਖਿਡਾਰੀ ਬਣਕੇ



ਚਰਨ ਨੇ ਕਬੱਡੀ ਦਾ ਪ੍ਰਦਰਸ਼ਨ ਕੀਤਾ। ਖਿਡਾਰੀ ਹੋਣ ਦੇ ਨਾਲ ਨਾਲ ਕਬੱਡੀ ਨੂੰ ਇੰਟਰਨੈਸ਼ਨਲ ਪੱਧਰ ਤੇ ਵੀ ਪ੍ਰਮੋਟ ਕੀਤਾ ਤੇ ਇਕ ਖਿਡਾਰੀ ਤੋਂ ਪ੍ਰਸਿੱਧ ਕਬੱਡੀ ਪ੍ਰਮੋਟਰ ਬਣਿਆ। ਕਬੱਡੀ ਖਿਡਾਰੀ ਚਰਨ ਸੂਜਾਪੁਰ ਦੀ ਮੁਲਾਕਾਤ 2007 ਵਿਚ ਪ੍ਰਸਿੱਧ ਨਾਵਲਕਾਰ ਤੇ ਗੀਤਕਾਰ ਮੰਗਲ ਹਠੂਰ ਨਾਲ ਹੋਈ। ਮੰਗਲ ਹਠੂਰ ਦੀ ਵਧੀਆ ਲੇਖਣੀ ਕਰਕੇ ਯੂ ਕੇ ਵਿਚ ਮੰਗਲ ਹਠੂਰ ਦੀਆਂ ਕਈ ਕਿਤਾਬਾਂ ਵੀ ਓਸ ਨੇ ਪ੍ਰਮੋਟ ਕੀਤੀਆਂ। ਚਰਨ ਸੂਜਾਪੁਰ ਚੰਗੇ ਖਿਡਾਰੀ ਅਤੇ ਚੰਗੇ ਲਿਖਾਰੀਆਂ ਦਾ ਸ਼ੁਰੂ ਤੋਂ ਹੀ ਆਸ਼ਕ ਰਿਹਾ ਹੈ। ਓਸ ਮੁਤਾਬਿਕ ਮੰਗਲ ਹਠੂਰ ਜਦੋਂ ਵੀ ਯੂ ਕੇ ਆਉਂਦਾ ਤਾਂ ਉਹ ਉਸ ਕੋਲ ਹੀ ਠਹਿਰਦਾ ਹੈ।

ਬੀਤੇ ਦਿਨੀਂ ਮੰਗਲ ਹਠੂਰ ਦੀ ਲਿਖੀ 11ਵੀਂ ਕਿਤਾਬ ' ਆਪਣਾ ਪੰਜਾਬ ਭੁੱਲ ਜਾਇਓ ਨਾ ਪੰਜਾਬੀਓ' ਯੂ ਕੇ ਵਿਚ ਚਰਨ ਸੂਜਾਪੁਰ ਦੀ ਅਗਵਾਈ ਹੇਠ ਰਿਲੀਜ਼ ਕੀਤੀ ਗਈ। ਸੂਜਾਪੁਰੀ ਨੇਕ ਦਿਲ ਨਿਧੱੜਕ ਅਤੇ ਔਖੇ ਵੇਲੇ ਭੱਜ ਕੇ ਆਉਣ ਵਾਲਾ ਇਨਸਾਨ ਹੈ। ਆਪਣੇ ਅੱਜ ਤੱਕ ਜ਼ਿੰਦਗੀ ਦੇ ਕਾਮਯਾਬ ਸਫ਼ਰ ਵਿਚ ਪ੍ਰਮਾਤਮਾ ਦੀ ਕਿਰਪਾ ਨੂੰ ਹੀ ਮੰਨਦਾ ਹੈ। ਚਰਨ ਸੂਜਾਪੁਰ ਅੱਜ ਕੱਲ ਲੰਡਨ ਹੇਜ਼ ਵਿਚ ਪੱਕੇ ਤੌਰ ਤੇ ਆਪਣੀ ਜੀਵਨ ਸਾਥਣ ਸੁਖਵਿੰਦਰ ਕੌਰ, ਬੇਟੀ ਅਸ਼ਮੀਨ ਅਤੇ ਬੇਟੇ ਅਬੀਨੂਰ ਸਿੰਘ ਨਾਲ ਖੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਪ੍ਰਮਾਤਮਾ ਇਸ ਪੰਜਾਬੀ ਦੇ ਕੋਹੇਨੂਰੀ ਹੀਰੇ ਨੂੰ ਹਮੇਸ਼ਾ ਚੜ੍ਹਦੀ ਕਲਾ ਤੇ ਬੁਲੰਦੀ ਵਿਚ ਰੱਖੇ।

# ਮੰਗਲ ਹਠੂਰ ਦੀ ਯੂ ਕੇ ਲੰਡਨ ਹੇਜ਼ ਵਿਚ ਹੋਈ ਯਾਦਗਾਰੀ ਮਹਿਫ਼ਲ

**ਸ਼ਾਮਚੁਰਾਸੀ/ਲੰਡਨ (ਚੁੰਬਰ)–** ਪੰਜਾਬੀ ਵਿਰਸਾ ਵਿਰਾਸਤ ਅਤੇ ਮਾਂ ਬੋਲੀ ਨੂੰ ਵਿਦੇਸ਼ ਵਿਚ ਪ੍ਰਮੋਟ ਕਰਨ ਲਈ ਪੁੱਜੀ ਪੰਜਾਬ ਦੀ ਨਾਮਵਰ ਕਲਮ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦੀ ਇੰਗਲੈਂਡ ਫੇਰੀ ਮੌਕੇ ਲੰਡਨ ਹੇਜ਼ ਵਿਚ ਹੋਈ ਮਹਿਫ਼ਲ ਅਮਿੱਟ ਯਾਦਾਂ ਛੱਡਦੀ ਯਾਦਗਾਰੀ ਹੋ ਨਿੱਬੜੀ। ਪ੍ਰਸਿੱਧ ਕਬੱਡੀ ਅਤੇ ਸਾਹਿਤ ਕਲਾ ਪ੍ਰਮੋਟਰ ਚਰਨ ਸੂਜਾਪੁਰ ਦੀ ਅਗਵਾਈ ਵਿਚ ਰੱਖੇ ਗਏ ਇਸ ਸ਼ਾਨਦਾਰ ਪ੍ਰੋਗਰਾਮ ਦੇ ਪ੍ਰਬੰਧ ਆਪਣੇ ਆਪ ਵਿਚ ਮੁਕੰਮਲ ਸਨ। ਇਸ ਮੌਕੇ ਮੰਗਲ ਹਠੂਰ ਨੇ ਆਪਣੀਆਂ ਰਚਨਾਵਾਂ ਨਾਲ ਦਮਦਾਰ ਹਾਜ਼ਰੀ ਭਰੀ। ਇਸ ਉਪਰੰਤ ਉਸਦੀ 11ਵੀਂ ਕਿਤਾਬ ਜੋ ਸਭਿਆਚਾਰਕ ਖੇਤਰ ਵਿਚ ਵੱਡਮੁੱਲਾ





ਯੋਗਦਾਨ ਪਾ ਰਹੀ ਹੈ, 'ਆਪਣਾ ਪੰਜਾਬ ਭੁੱਲ ਜਾਇਓ ਨਾ ਪੰਜਾਬੀਓ' ਨੂੰ ਯੂ ਕੇ ਦੀਆਂ ਵੱਖ-ਵੱਖ ਨਾਮਵਰ ਸਖਸ਼ੀਅਤਾਂ ਵਲੋਂ ਜਾਰੀ ਕੀਤਾ ਗਿਆ। ਇਸ ਮੌਕੇ ਐਮ ਪੀ ਵਰਿੰਦਰ ਸ਼ਰਮਾ, ਬਲਜੀਤ ਮੱਲ੍ਹੀ, ਤੇਜ਼ ਚਾਹਲ, ਜੋਤੀ ਚਚਰਾੜੀ, ਸੁਖਦੇਵ ਸਿੰਘ ਕਲੇਰ, ਮਿੱਠੀ ਯੂ ਕੇ, ਬਿੱਲਾ ਗਿੱਲ, ਕਮਲ ਧਾਲੀਵਾਲ, ਜਗਜੀਤ ਸਿੰਘ, ਚਮਕੌਰ ਸਿੰਘ, ਰਜਿੰਦਰ ਸਿੰਘ, ਸ. ਗੁਰਦੇਵ ਸਿੰਘ, ਕਰਨ ਬੁੱਟਰ, ਬਲਦੇਵ ਸਿੰਘ ਜਟਾਣਾ, ਟਿੰਕੂ, ਰਵੀ ਬਨੀਲਾ, ਨਿੱਝਰ ਸਾਬ, ਰਿਪੋਟਰ ਮਨਪ੍ਰੀਤ ਸਿੰਘ ਬੱਧਣੀ, ਜੈਜ ਦੇਸੀ ਰੇਡੀਓ, ਜੈਨਪੁਰੀ, ਗੁਰਮੇਲ ਹਠੂਰ, ਸ਼ਿੰਦਾ ਸਕੋਟਸਮੈਨ, ਕੁੱਕੀ ਸਿੱਧਵਾਂ, ਜੱਗਾ ਚੱਕਰ ਅਤੇ ਬਾਕੀ ਸੱਜਣ ਮਿੱਤਰ ਹਾਜ਼ਰ ਸਨ।

## ਆਜ਼ਾਦੀ ਦੇ ਪਰਵਾਨੇ ਪੰਡਿਤ ਰਾਮ ਪ੍ਰਸਾਦ ਬਿਸਮਿਲ

**(ਸਫਾ 16 ਦੀ ਬਾਕੀ)**

ਫਾਂਸੀ ਦੇ ਦਿੱਤੀ ਗਈ ਤਾਂ ਇਸ ਘਟਨਾ ਤੋਂ ਬਾਅਦ ਉਹਨਾਂ ਨੇ ਆਪਣੀ ਮਾਤਰ ਭੂਮੀ ਨੂੰ ਅੰ-ਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਕਸਮ ਖਾ ਲਈ । ਉਹ ਇੱਕ ਚੰਗੇ ਆਰੀਆ ਸਮਾਜੀ ਬਣੇ ਤੇ ਉਹਨਾਂ ਦਾ ਪੂਰਾ ਜੀਵਨ ਸਮਰਪਿਤ ਸੀ । ਉਹ ਹਿੰਦੂਸਤਾਨ ਰਿਪਬਲਿਕਨ ਐਸੋ. ਦੇ ਮੈਂਬਰ ਹੋਣ ਦੇ ਨਾਲ ਨਾਲ ਹੀ ਮੈਨਪੁਰੀ ਸਾਜ਼ਿਸ਼ ਅਤੇ ਪ੍ਰਸਿੱਧ ਕੋਕਰੀ ਕਾਂਡ ਦੇ ਮੁੱਖ ਰਚੇਤਾ ਵੀ ਸਨ।

ਇਹਨਾਂ ਦੀ ਅਗਵਾਈ 'ਚ ਦਸ ਲੋਕਾਂ ਨੇ ਸੁਨਿਯੋਜਿਤ ਯੋਜਨਾ ਅਧੀਨ 9 ਅਗਸਤ 1925 ਨੂੰ ਲਖਨਊ ਦੇ ਕਾਕੋਰੀ ਨਾਂ ਦੀ ਜਗ੍ਹਾ ਤੇ ਰੇਲ ਵਿਭਾਗ ਵਲੋਂ ਲਿਜਾਈ ਜਾ ਰਹੀ ਚਾਰ ਹਜ਼ਾਰ ਰੁਪਏ ਦੀ ਰਕਮ ਨੂੰ ਲੁੱਟ ਲਿਆ । ਇਸ ਡਕੈਤੀ 'ਚ ਅਸਫਾਕ ਉੱਲਾ, ਚੰਦਰ ਸ਼ੇਖਰ ਅਜ਼ਾਦ , ਰਾਜੇਂਦਰ ਲਾਹਿੜੀ, ਸਚਿੰਦਰ ਮਾਨਯਾਲ , ਰਾਮ ਪ੍ਰਸਾਦ ਬਿਸਮਿਲ ਸ਼ਾਮਲ ਸਨ। ਆਪਣੇ ਜੀਵਨ ਦੇ ਆਖਰੀ ਦਿਨਾਂ 'ਚ ਗੋਰਖਪੁਰ ਜੇਲ 'ਚ ਇਹਨਾਂ ਨੇ ਆਪਣੀ ਆਤਮਕਥਾ ਲਿਖੀ ।19 ਦਸੰਬਰ 1921 ਨੂੰ ਅੰਗਰੇਜ਼ੀ ਸਰਕਾਰ ਵਲੋਂ ਇਨਾਂ ਨੂੰ ਫਾਂਸੀ ਦੇਣਾ ਨਿਸ਼ਚਿਤ ਕੀਤਾ ਗਿਆ। ਉਸ ਦਿਨ ਉਹ ਭਾਰਤ ਮਾਤਾ ਕੀ ਜੈ , ਤੇ ਵੰਦੇ ਮਾਤਰਮ ਦੇ ਨਾਅਰੇ ਲਗਾਉਂਦੇ ਹੋਏ ਫਾਂਸੀ ਵਾਲੀ ਜਗ੍ਹਾ ਵੱਲ ਚੱਲ ਪਏ ਤੇ ਬੜੇ ਜੋਸ਼ ਨਾਲ ਗਾਉਣ ਲੱਗੇ

ਮਾਲਿਕ ਤੇਰੀ ਰਜ਼ਾ ਰਹੇ ਔਰ ਤੂੰ ਹੀ ਤੂੰ ਰਹੇ
ਬਾਕੀ ਮੈਂ ਨਾ ਰਹੂ ਨਾ ਮੇਰੀ ਆਰਜ਼ੂ ਰਹੇ।
ਜਬ ਤੱਕ ਜਿਸਮ ਮੇ ਜਾਨ ਰਗੋਂ ਮੇ ਲਹੂ ਰਹੇ
ਤੇਰਾ ਹੀ ਜ਼ਿਕਰ ਜਾ ਤੇਰੀ ਹੀ ਜੁਸਤਜੂ ਰਹੇ।

ਇਸ ਤਰ੍ਹਾਂ ਬਿਸਮਿਲ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਆਪਣੀ ਜਾਨ ਵਾਰ ਦਿੱਤੀ। ਦੇਸ਼ ਨੂੰ ਆਜ਼ਾਦ ਦੇਖਣ ਦੀ ਅਧੂਰੀ ਤੜਪ ਦਿਨ 'ਚ ਲਏ ਦੇਸ਼ ਲਈ ਸ਼ਹੀਦ ਹੋ ਗਏ ਬਿਸਮਿਲ।

## ਗ਼ਜ਼ਲ



ਕਿਸੇ ਦੀ ਵੰਝਲੀ ਦੇ ਸੁਰ ਸੁਰਾਖ ਵੱਜਦੇ ਨੇ।
ਕਿਸੇ ਵਿਚਾਰੀ ਦੇ, ਧੂੜ ਨਾਲ ਸਿੱਝਦੇ ਨੇ।

ਇਕ ਮੁੱਖੜੇ 'ਤੇ ਬਹਾਰ, ਦੂਸਰੇ 'ਤੇ ਪੱਤਝੜ,
ਤੀਸਰੇ ਦੇ ਅਰਮਾਨ, ਹੰਝੂਆਂ 'ਚ ਭਿੱਜਦੇ ਨੇ।

ਜੱਗ 'ਤੇ ਆਉਣ ਜਾਣ ਦੀ, ਰੀਤ ਹੈ ਪੁਰਾਣੀ,
ਸਿਕੰਦਰ ਤੁਰ ਗਿਆ ਤੇ ਤੁਰ ਗਏ ਨੌਗਜ਼ੇ ਨੇ।

ਉਂਝ ਵੀ ਤਾਂ ਹਰੇਕ ਸ਼ੈਅ ਦੀ ਆਹਟ ਵੱਖਰੀ,
ਕਿਸੇ ਨੂੰ ਨਿੰਦਦੇ 'ਲੋਕ' ਕਿਸੇ ਨੂੰ ਕਰਦੇ ਸਿਜਦੇ ਨੇ।

ਦਿਲਾਂ ਦੇ ਨਾਲ ਨਾਲ, ਨੈਣ ਵੀ ਤਾਂ ਸਵਾਰੀ ਕਰਦੇ,
ਕਈ ਘੋੜੇ ਤਬੇਲੇ 'ਚ, ਕਈ ਬਾਹਰ ਭੱਜਦੇ ਨੇ।

ਖੂਹ ਦਾ ਪਾਣੀ ਸੁੱਕੇ ਤੇ ਲੋਕ ਹੌਕੇ ਭਰਦੇ ਹੀ,
ਨਾਲ ਨਾਲ ਹੌਕੇ ਹੁੰਦੇ, ਡੋਲ ਅਤੇ ਲੱਜ ਦੇ ਨੇ।

ਸੌ ਰਾਣੀਆਂ ਦੀਆਂ ਚਾਹੇ ਸੌ ਕਹਾਣੀਆਂ 'ਕਮਲ'
ਅਕਸਰ ਸਾਹਾਂ ਦੇ ਸਾਜ਼ ਤਾਂ ਬਰਾਬਰ ਵੱਜਦੇ ਨੇ।

**– ਕਮਲ ਬੰਗਾ ਸੈਕਰਾਮੈਂਟੋ 916-897-8570**

## ਚੋਰ ਡਾਂਟੇ ਕੋਤਵਾਲ ਨੂੰ!



ਲੋਕ-ਰਾਜ ਦੇ ਬਾਗ ਦਾ ਹਾਲ ਦੇਖੋ
ਫਿਰਦੇ ਗਧੇ ਨੇ ਵਾਂਗ ਰਖਵਾਲਿਆਂ ਦੇ।

ਕਾਰੇ ਦੇਖ ਕੇ ਲੋਕ ਪਛਤਾਉਣ ਲੱਗਦੇ
ਵੋਟਾਂ ਪਾਇ ਕੇ ਸਿਰੀਂ ਬਹਾਲਿਆਂ ਦੇ।

ਉਹ ਧੀਆਂ ਦੀ ਅਜ਼ਮਤ ਦਾ 'ਫਿਕਰ' ਦੱਸੇ
ਬਣੇ ਜਿਹਦੇ 'ਤੇ ਕੇਸ ਉਧਾਲਿਆਂ ਦੇ।

ਸੱਤਾ ਪੱਖ ਦੇ ਅੱਖਾਂ 'ਚ ਰੜਕਦਾ ਏ
ਕੱਢੇ ਕਾਂਡ ਜੋ ਘਾਲਿਆਂ ਮਾਲਿਆਂ ਦੇ।

ਰਿਸ਼ਵਤਖੋਰੀ ਦੀ ਕਰੇ ਸ਼ਿਕਾਇਤ ਜਿਹੜਾ
ਹਾਕਮ ਉਹਦੇ 'ਤੇ ਰੋਅਬ ਹੁਣ ਛਾਂਟਦਾ ਏ।

ਰਿਹਾ ਠੱਗਾਂ ਨੂੰ ਖੌਫ ਨਾ ਪੁਲਿਸ ਵਾਲਾ
ਕਿਉਂਕਿ ਚੋਰ ਕੋਤਵਾਲ ਨੂੰ ਡਾਂਟਦਾ ਏ।

**-ਤਰਲੋਚਨ ਸਿੰਘ 'ਦੁਪਾਲਪੁਰ'**
**001-408-915-1268**

# ਸਿੱਖਿਆ ਸਾਸਤਰੀ, ਸਮਾਜ-ਸੇਵਕ ਅਤੇ ਬਾਲ-ਸਾਹਿਤਕਾਰ ਪ੍ਰਿੰ. ਗੋਸਲ ਨਮਿੱਤ ਵਧਾਈ ਸਮਾਰੋਹ





**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ–** ਸਰਵ ਸਿੱਖਿਆ ਸੁਧਾਰ ਸਮਿਤੀ ਚੰਡੀਗੜ੍ਹ ਵਲੋਂ ਸੰਸਥਾ ਦੇ ਚੇਅਰਮੈਨ ਪ੍ਰਿੰ-ਸੀਪਲ ਬਹਾਦਰ ਸਿੰਘ ਗੋਸਲ ਨੂੰ ਪੁਆਧੀ ਸੱਥ ਮੁਹਾਲੀ ਵਲੋਂ 'ਮਾਸਟਰ ਸਕਰੁੱਲਾਂਪੁਰ ਐਵਾਰਡ' ਨਾਲ ਸਨਮਾਨਿਤ ਕਰਨ ਅਤੇ ਉਨ੍ਹਾਂ ਦੀ ਨਵੀਂ ਪੁਸਤਕ 'ਕੱਚੀਆਂ ਕੰਧਾਂ' ਲੋਕ-ਅਰਪਨ ਕਰਨ ਤੇ ਵਧਾਈ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਐਵਾਰਡ ਲਈ ਉਨ੍ਹਾਂ ਨੂੰ ਨਕਦ ਰਾਸ਼ੀ, ਸ਼ਾਲ, ਮੋਮੈਂਟੋ ਅਤੇ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ। ਪ੍ਰਿੰਸੀਪਲ ਗੋਸਲ ਨੂੰ ਸਨਮਾਨ ਪ੍ਰਦਾਨ ਕਰਨ ਵਾਲੀਆਂ ਪ੍ਰਮੁੱਖ ਸ਼ਖਸ਼ੀਅਤਾਂ ਵਿੱਚ ਡਾ. ਨਿਰਮਲ ਸਿੰਘ ਸੰਸਥਾਪਕ ਪੰਜਾਬੀ ਸੱਥ, ਸ੍ਰ. ਮਨਮੋਹਨ ਸਿੰਘ ਦਾਊਂ ਪ੍ਰਧਾਨ ਪੁਆਧੀ ਪੰਜਾਬੀ ਸੱਥ, ਮੁੱਖ ਮਹਿਮਾਨ ਸ. ਗੁਲਜ਼ਾਰ ਸਿੰਘ ਸੰਧੂ, ਡਾ. ਗੁਰਨਾਇਕ ਸਿੰਘ, ਡਾ. ਜਸਪਾਲ ਕੌਰ ਕਾਂਗ ਅਤੇ ਡਾ. ਗੁਰਪਾਲ ਸਿੰਘ ਸੰਧੂ ਸ਼ਾਮਲ ਸਨ। ਪ੍ਰੋ. ਰਵਿੰਦਰ ਸਿੰਘ ਨੇ ਗੋਸਲ ਜੀ ਦੇ ਸਨਮਾਨ ਵਿੱਚ ਸਨਮਾਨ-ਪੱਤਰ ਪੜ੍ਹਿਆ ਅਤੇ ਡਾ. ਬਲਜੀਤ ਸਿੰਘ ਨੇ ਉਨ੍ਹਾਂ ਦੀ ਨਵੀਂ ਪੁਸਤਕ 'ਕੱਚੀਆਂ ਕੰਧਾਂ' ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕੀਤੀ। ਸਮਿਤੀ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਜਗਤਾਰ ਸਿੰਘ ਜੋਗ ਨੇ ਦੱਸਿਆ ਕਿ ਸਮਿਤੀ ਦੇ ਚੇਅਰਮੈਨ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਨੂੰ ਇਸ ਵਿਲੱਖਣ ਐਵਾਰਡ ਨਾਲ ਸਨਮਾਨਿਤ ਕੀਤਾ ਜਾਣਾ, ਸਮਿਤੀ ਦੇ ਸਮੂਹ ਮੈਂਬਰਾਂ ਲਈ ਬਹੁਤ ਹੀ ਮਾਣ ਦੀ ਗੱਲ ਹੈ। ਸ੍ਰੀ ਗੋਸਲ ਨੇ ਆਪਣੀ ਨਵੀਂ ਪੁਸਤਕ 'ਕੱਚੀਆਂ ਕੰਧਾਂ' ਬਾਰੇ ਬੋਲਦਿਆਂ ਦੱਸਿਆ ਕਿ ਇਹ ਪੁਸਤਕ 65 ਮਿੰਨੀ ਕਹਾਣੀਆਂ ਦਾ ਇੱਕ ਸੰਗ੍ਰਹਿ ਹੈ ਜਿਸਨੂੰ ਲੋਕ ਅਰਪਨ ਕਰਨ ਸਮੇਂ ਡਾ. ਬਲਜੀਤ ਸਿੰਘ ਵੱਲੋਂ ਇਸਨੂੰ ਬਹੁਤ ਹੀ ਰੌਚਿਕ ਅਤੇ ਅਜੋਕੀਆਂ ਸਮਾਜਿਕ ਘਟਨਾਵਾਂ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਸਿੱਖਿਆ ਦੇ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਗਿਆ, ਦੱਸਿਆ ਹੈ। ਸਨਮਾਨ ਸਮਾਰੋਹ ਵਿੱਚ ਉਘੀਆਂ ਸ਼ਖਸ਼ੀਅਤਾਂ ਵਿੱਚ ਸ. ਪ੍ਰੀਤਮ ਸਿੰਘ ਭੋਪਾਲ, ਸਾਬਕਾ ਡੀ. ਪੀ. ਆਈ. ਪੰਜਾਬ, ਸ੍ਰੀ ਬੀ. ਆਰ. ਰੰਗਾੜਾ ਪ੍ਰਧਾਨ ਕਵੀ ਮੰਚ ਮੁਹਾਲੀ, ਸ੍ਰੀ ਸੇਵੀ ਰਾਇਤ ਪ੍ਰਧਾਨ ਵਿਗਿਆਨ ਸਾਹਿਤ ਕੇਂਦਰ ਅਤੇ ਸ. ਗੁਰਦਰਸ਼ਨ ਸਿੰਘ ਮਾਵੀ, ਸ੍ਰੀਮਤੀ ਦਲਜੀਤ ਕੌਰ ਦਾਊਂ ਅਤੇ ਹੋਰ ਪਤਵੰਤੇ ਹਾਜ਼ਰ ਸਨ।

## 'ਕਾਂਸ਼ੀ ਵੱਲ ਜਾਂਦੇ ਰਾਹੀਓ' ਸੀ ਡੀ ਦਾ ਪੋਸਟਰ ਜਾਰੀ





**ਸ਼ਾਮ ਚੁਰਾਸੀ (ਚੁੰਬਰ)–** ਭਾਈ ਸੰਦੀਪ ਸਿੰਘ ਰਟੈਂਡਾ ਵਾਲਿਆਂ ਦੀ ਮਧੁਰ ਅਵਾਜ਼ ਵਿਚ 'ਕਾਂਸ਼ੀ ਵੱਲ ਜਾਂਦੇ ਰਾਹੀਓ' ਸੀ ਡੀ ਪੋਸਟਰ ਧੂਮਧਾਮ ਨਾਲ ਜਾਰੀ ਕੀਤਾ ਗਿਆ। ਇਸ ਦੀ ਜਾਣਕਾਰੀ ਦਿੰਦਿਆਂ ਗੀਤਕਾਰ ਮਾਣੀ ਫਗਵਾੜਾ ਨੇ ਦੱਸਿਆ ਕਿ ਇਸ ਸੀ ਡੀ ਵਿਚ ਸੁਪ੍ਰਸਿੱਧ ਗਾਇਕਾ ਸ਼ੁਦੇਸ਼ ਕੁਮਾਰੀ ਜੀ ਨੇ ਵੀ ਸ਼ਬਦਾਂ ਦਾ ਗਾਇਨ ਕੀਤਾ ਹੈ। ਮਿਊਜ਼ਕ 'ਅਮਰ ਦਾ ਮਿਊਜ਼ਕ ਮਿਰਰ' ਦਾ ਹੈ ਅਤੇ ਗੀਤਕਾਰ ਮਾਣੀ ਫਗਵਾੜਾ ਅਤੇ ਜੋਗੀ ਮਹੇ ਹਨ। ਇਸ ਸੀ ਡੀ ਦਾ ਵੀਡੀਓ ਕਾਰਜ ਹੈਰੀ ਬੀ ਵਲੋਂ ਕੀਤਾ ਗਿਆ। ਜਿਸ ਨੂੰ ਅਮਰ ਆਡੀਓ ਵਲੋਂ ਧੂਮਧਾਮ ਨਾਲ ਰਿਲੀਜ਼ ਕੀਤਾ ਜਾਵੇਗਾ।

## ਗੁਰੂ ਰਵਿਦਾਸ ਮਹਿਮਾ ਦੇ ਗੀਤਾਂ ਦਾ ਫਿਲਮਾਂਕਣ ਮੁਕੰਮਲ - ਰੱਤੂ ਰੰਧਾਵਾ



**ਸ਼ਾਮਚੁਰਾਸੀ (ਚੁੰਬਰ)–** ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦੇ ਗਾਏ ਵੱਖ-ਵੱਖ ਗਾਇਕਾਂ ਵਲੋਂ ਗੀਤਾਂ ਦਾ ਫਿਲਮਾਂਕਣ ਮੁਕੰਮਲ ਕਰ ਲਿਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਨੇ ਦੱਸਿਆ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਮੌਕੇ ਤਾਜ਼ ਇੰਟਰਟੇਮੈਂਟ ਵਲੋਂ ਸੰਗਤਾਂ ਦੀ ਝੋਲੀ ਵਿਚ ਪਾਈ ਜਾਣ ਵਾਲੀ ਉਕਤ ਐਲਬਮ ਵਿਚ 8 ਗੀਤ ਸ਼ਾਮਿਲ ਕੀਤੇ ਗਏ। ਜਿੰਨ੍ਹਾਂ ਨੂੰ ਗਾਇਕਾ ਪ੍ਰੇਮ ਲਤਾ, ਵਿੱਕੀ ਬਹਾਦਰਕੇ, ਮਿੰਟੂ ਕੌਲ ਅਤੇ ਬੀ ਐਸ ਭੰਵਰਾ ਨੇ ਗਾਇਆ ਹੈ। ਇਸ ਵਿਚ ਸ਼ਾਮਿਲ ਗੀਤਾਂ ਚੋਂ 7 ਗੀਤ ਰੱਤੂ ਰੰਧਾਵਾ ਦੇ ਅਤੇ ਇਕ ਗੀਤ ਮੇਸ਼ੀ ਮੁਠੱਡਾ ਦਾ ਲਿਖਿਆ ਹੈ। ਸੰਗੀਤ ਨਿਰਭੈ ਸਿੰਘ ਲੁਧਿਆਣਾ ਦਾ ਹੈ ਜਦ ਕਿ ਵੀਡੀਓ ਮਨੀਸ਼ ਠੁਕਰਾਲ ਦੀ ਨਿਰਦੇਸ਼ਨਾਂ ਹੇਠ ਕੈਮਰਾਮੈਨ ਸ਼ੰਕਰ ਦੇਵਾ ਨੇ ਫਿਲਮਾਏ ਹਨ। ਜਲਦ ਹੀ ਇਸ ਦਾ ਪੋਸਟਰ ਰਿਲੀਜ਼ ਕੀਤਾ ਜਾਵੇਗਾ।

# ਥੀਏਟਰ ਤੇ ਫ਼ਿਲਮ ਅਦਾਕਾਰੀ ਦੇ ਮਾਹਿਰ ਸਨ ਸ਼ਸ਼ੀ ਕਪੂਰ



ਇਸ਼ਕ ਤੇ ਸੁਹਜ ਦਾ ਪ੍ਰਤੱਖ ਰੂਪ ਕਹੇ ਜਾਂਦੇ ਅਦਾਕਾਰ ਸ਼ਸ਼ੀ ਕਪੂਰ, ਜਿਨ੍ਹਾਂ ਨੂੰ 70ਵਿਆਂ ਤੇ 80ਵਿਆਂ 'ਚ ਫ਼ਿਲਮ ਇੰਡਸਟਰੀ ਦੀਆਂ ਸਿਖਰਲੀਆਂ ਅਦਾਕਾਰਾਂ ਨਾਲ ਕੰਮ ਕਰਨ ਦਾ ਮਾਣ ਹਾਸਲ ਹੈ, ਦਾ ਬੀਤੇ ਦਿਨੀ 79 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਅਦਾਕਾਰ ਤੋਂ ਨਿਰਮਾਤਾ ਬਣੇ ਇਸ ਬਜ਼ੁਰਗ ਅਦਾਕਾਰ ਨੇ ਆਖਰੀ ਸਾਹ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ਵਿੱਚ ਲਏ। ਅਦਾਕਾਰ ਦੇ ਮਰਹੂਮ ਭਰਾ ਰਾਜ ਕਪੂਰ ਦੇ ਬੇਟੇ ਅਤੇ ਭਤੀਜੇ ਰਣਧੀਰ ਕਪੂਰ ਨੇ ਸ਼ਸ਼ੀ ਕਪੂਰ ਦੇ ਅਕਾਲ ਚਲਾਣੇ ਦੀ ਖ਼ਬਰ ਦਿੱਤੀ।

ਉਨ੍ਹਾਂ ਕਿਹਾ ਕਿ ਬਜ਼ੁਰਗ ਅਦਾਕਾਰ ਨੂੰ ਗੁਰਦੇ ਦੀ ਸਮੱਸਿਆ ਸੀ ਤੇ ਉਹ ਕਈ ਸਾਲਾਂ ਤੋਂ ਡਾਇਲਸਿਸ ਉੱਤੇ ਸਨ। ਰਣਧੀਰ ਕਪੂਰ ਨੇ ਕਿਹਾ ਕਿ ਅਦਾਕਾਰ ਦਾ ਸਸਕਾਰ ਭਲਕੇ ਸਵੇਰੇ ਹੋਵੇਗਾ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਕਬੂਲ ਅਦਾਕਾਰ ਦੀ ਮੌਤ 'ਤੇ ਦੁੱਖ ਜਤਾਇਆ ਹੈ। ਹਸਪਤਾਲ ਦੇ ਡਾ. ਰਾਮ ਨਰਾਇਣ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਸ਼ਸ਼ੀ ਕਪੂਰ ਨੇ ਅੱਜ



ਸ਼ਾਮੀਂ ਕਰੀਬ 5:20 ਵਜੇ ਆਖਰੀ ਸਾਹ ਲਏ। ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਸਮ੍ਰਿਤੀ ਇਰਾਨੀ ਨੇ ਕਪੂਰ ਦੀ ਮੌਤ ਨੂੰ 'ਇਕ ਯੁੱਗ ਦਾ ਅੰਤ' ਕਿਹਾ ਹੈ। ਸ਼ਸ਼ੀ ਕਪੂਰ ਨਾਲ 'ਕਲਯੁਗ' ਤੇ 'ਜੁਨੂੰਨ' ਜਿਹੀਆਂ ਫ਼ਿਲਮਾਂ ਕਰਨ ਵਾਲੇ ਫ਼ਿਲਮਸਾਜ਼ ਸ਼ਿਆਮ ਬੈਨੇਗਲ ਨੇ ਅਦਾਕਾਰ ਨੂੰ 'ਰੱਬ ਦਾ ਚੰਗਾ ਵਿਅਕਤੀ' ਤੇ ਖ਼ੂਬਸੂਰਤ ਇਨਸਾਨ ਦੱਸਿਆ ਹੈ।

18 ਮਾਰਚ 1938 ਨੂੰ ਥੀਏਟਰ ਤੇ ਫ਼ਿਲਮ ਅਦਾਕਾਰ ਪ੍ਰਿਥਵੀਰਾਜ ਕਪੂਰ ਦੇ ਘਰ ਜਨਮੇ ਸ਼ਸ਼ੀ ਕਪੂਰ ਨੇ ਚਾਰ ਸਾਲ ਦੀ ਨਿੱਕੀ ਉਮਰੇ ਆਪਣੇ ਪਿਤਾ ਵੱਲੋਂ ਨਿਰਮਤ ਤੇ ਨਿਰਦੇਸ਼ਿਤ ਨਾਟਕਾਂ 'ਚ ਕੰਮ ਸ਼ੁਰੂ ਕੀਤਾ। ਅਦਾਕਾਰ ਨੇ ਫ਼ਿਲਮਾਂ ਆਗ (1948) ਤੇ ਅਵਾਰਾ (1951) ਵਿੱਚ ਬਾਲ ਕਲਾਕਾਰ ਵਜੋਂ ਹਾਜ਼ਰੀ ਲਵਾਈ। ਉਨ੍ਹਾਂ 50ਵਿਆਂ 'ਚ ਸਹਾਇਕ ਡਾਇਰੈਕਟਰ ਵਜੋਂ ਵੀ ਕੰਮ ਕੀਤਾ। ਅਦਾਕਾਰ ਵਜੋਂ ਉਨ੍ਹਾਂ ਦੀ ਪਹਿਲੀ ਫ਼ਿਲਮ 'ਧਰਮਪੁੱਤਰ'(1961) ਸੀ। ਉਨ੍ਹਾਂ ਆਪਣੇ ਕਰੀਅਰ ਦੌਰਾਨ 116 ਤੋਂ ਵਧ ਫ਼ਿਲਮਾਂ ਕੀਤੀਆਂ। ਉਨ੍ਹਾਂ ਦੀਆਂ ਕੁਝ ਯਾਦਗਾਰ ਫ਼ਿਲਮਾਂ 'ਚ 'ਦੀਵਾਰ', 'ਕਭੀ ਕਭੀ', 'ਨਮਕ ਹਲਾਲ' ਤੇ 'ਕਾਲਾ ਪੱਥਰ' ਸ਼ਾਮਲ ਹਨ। ਉਨ੍ਹਾਂ ਨੂੰ 2011 ਵਿੱਚ ਪਦਮ ਭੂਸ਼ਨ ਤੇ ਸਾਲ 2015 ਵਿੱਚ ਭਾਰਤੀ ਸਿਨੇਮਾ ਦੇ ਸਭ ਤੋਂ ਵੱਡੇ ਸਨਮਾਨ ਦਾਦਾ ਸਾਹਿਬ ਫ਼ਾਲਕੇ ਐਵਾਰਡ ਨਾਲ ਨਿਵਾਜਿਆ ਗਿਆ ਸੀ।

# ਖੇਡਾਂ ਮੌਕੇ ਸਨਮਾਨਿਤ ਸਖਸ਼ੀਅਤਾਂ ਦਾ ਸੰਖੇਪ ਜੀਵਨ ਬਿਓਰਾ

**ਹਾਕੀ ਓਲੰਪੀਅਨ ਹਰਪ੍ਰੀਤ ਸਿੰਘ ਮੰਡੇਰ**
**(ਸੁਰਜੀਤ ਯਾਦਗਾਰੀ ਐਵਾਰਡ)**

ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਅਤੇ ਦੋ ਵਾਰ ਦੇ ਓਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਨੂੰ ਕਮਲਜੀਤ ਖੇਡਾਂ-2017 ਮੌਕੇ ਸੁਰਜੀਤ ਯਾਦਗਾਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਹਰਪ੍ਰੀਤ ਸਿੰਘ ਮੰਡੇਰ ਭਾਰਤੀ ਹਾਕੀ ਟੀਮ ਵਿੱਚ ਹਾਫਬੈਕ ਦੀ ਪੁਜੀਸ਼ਨ 'ਤੇ ਖੇਡਦਾ ਰਿਹਾ ਅਤੇ ਭਾਰਤ ਵੱਲੋਂ 180 ਕੌਮਾਂਤਰੀ ਮੈਚ ਖੇਡੇ। ਹਰਪ੍ਰੀਤ ਸਿੰਘ ਭਾਰਤੀ ਰੱਖਿਆਪੰਕਤੀ ਦਾ ਥੰਮ• ਹੁੰਦਾ ਸੀ ਅਤੇ ਦਿਮਾਗੀ ਖੇਡ ਖੇਡਣ ਲਈ ਜਾਣਿਆ ਜਾਂਦਾ ਸੀ। ਹਰਪ੍ਰੀਤ ਸਿੰਘ ਸਾਫ ਸੁਥਰੀ ਖੇਡ ਭਾਵਨਾ ਨਾਲ ਖੇਡਦਾ ਸੀ ਇਸੇ ਲਈ ਉਸ ਦੀ ਗਿਣਤੀ ਸਭ ਤੋਂ ਕਾਰਡ ਹਾਸਲ ਕਰਨ ਵਾਲੇ ਖਿਡਾਰੀਆਂ ਵਿੱਚ ਆਉਂਦੀ ਹੈ। ਹਰਪ੍ਰੀਤ ਸਿੰਘ ਨੇ 1997 ਵਿੱਚ ਪੈਨਾਸੋਨਿਕ ਕੱਪ (ਜਰਮਨੀ) ਵਿਖੇ ਭਾਰਤ ਦੀ ਕਪਤਾਨੀ ਕੀਤੀ। ਉਹ 1992 ਦੀਆਂ ਬਾਰਸੀਲੋਨਾ ਅਤੇ 1996 ਦੀਆਂ ਐਟਲਾਂਟਾ ਓਲੰਪਿਕ ਖੇਡਾਂ ਵਿੱਤ ਭਾਰਤੀ ਟੀਮ ਦੇ ਅਹਿਮ ਮੈਂਬਰ ਸਨ। ਇਸ ਤੋਂ ਇਲਾਵਾ 1994 ਵਿੱਚ ਸਿਡਨੀ ਵਿਖੇ ਹੋਏ ਵਿਸ਼ਵ ਕੱਪ ਵਿੱਚ ਵੀ ਹਿੱਸਾ ਲਿਆ। 1994 ਵਿੱਚ ਹੀਰੋਸ਼ੀਮਾ ਵਿਖੇ ਹੋਈਆਂ ਏਸ਼ੀਆਈ ਖੇਡਾਂ ਅਤੇ ਇਸੇ ਸਾਲ ਹੀਰੋਸ਼ੀਮਾ ਵਿਖੇ ਹੀ ਹੋਏ ਏਸ਼ੀਆ ਕੱਪ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਹਰਪ੍ਰੀਤ ਸਿੰਘ ਦੀ ਮੌਜੂਦਗੀ ਦੇ ਹੁੰਦਿਆਂ ਭਾਰਤੀ ਟੀਮ ਨੇ 1991 ਤੇ 1995 ਵਿੱਚ ਸੁਲਤਾਨ ਅਜ਼ਲਾਨ ਸ਼ਾਹ ਕੱਪ, 1992 ਤੇ 1993 ਵਿੱਚ ਇੰਦਰਾ ਗਾਂਧੀ ਗੋਲਡ ਕੱਪ, 1996 ਵਿੱਚ ਮਦਰਾਸ ਵਿਖੇ ਹੋਏ ਚਾਰ ਦੇਸ਼ੀ ਟੂਰਨਾਮੈਂਟ ਤੇ 1993 ਵਿੱਚ ਆਸਟਰੇਲੀਆ ਵਿਖੇ ਐਲਪਰਸ ਕੱਪ ਵਿੱਚ ਸੋਨੇ ਦਾ ਤਮਗਾ, 1996 ਵਿੱਚ ਐਟਲਾਂਟਾ ਵਿਖੇ ਛੇ ਦੇਸ਼ੀ ਟੂਰਨਾਮੈਂਟ, 1991 ਵਿੱਚ ਓਲੰਪਿਕ ਕੁਆਲੀਫਾਇਰ ਤੇ 1995 ਵਿੱਚ ਓਲੰਪਿਕ ਕੁਆਲੀਫਾਇਰ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਹਰਪ੍ਰੀਤ ਸਿੰਘ ਨੇ 1995 ਤੇ 1996 ਵਿੱਚ ਚੈਂਪੀਅਨਜ਼ ਟਰਾਫੀ ਟੂਰਨਾਮੈਂਟ ਵੀ ਖੇਡਿਆ।

25 ਫਰਵਰੀ 1973 ਵਿੱਚ ਸ. ਭਜਨ ਸਿੰਘ ਦੇ ਘਰ ਜਨਮੇ ਹਰਪ੍ਰੀਤ ਸਿੰਘ ਨੂੰ ਭਾਰਤੀ ਹਾਕੀ ਫੈਡਰੇਸ਼ਨ ਵੱਲੋਂ ਖੇਡ ਸੇਵਾਵਾਂ ਬਦਲੇ ਓਲੰਪਿਕ ਸਰਟੀਫਿਕੇਟ ਨਾਲ ਵੀ ਸਨ-ਮਾਨਿਆ ਗਿਆ। ਪੰਜਾਬ ਪੁਲਿਸ ਵਿੱਚ ਐਸ.ਪੀ. ਵਜੋਂ ਤਾਇਨਾਤ ਹਰਪ੍ਰੀਤ ਸਿੰਘ ਨੇ ਘਰੇਲੂ ਮੁਕਾਬਲਿਆਂ ਵਿੱਚ ਵੀ ਚੰਗਾ ਨਾਮਣਾ ਖੱਟਿਆ। ਪੰਜਾਬ ਵੱਲੋਂ ਖੇਡਦਿਆਂ 1997 ਤੇ 1999 ਵਿੱਚ ਕੌਮੀ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ। 1997 ਤੇ 1998 ਵਿੱਚ ਆਲ ਇੰਡੀਆ ਪੁਲਿਸ ਖੇਡਾਂ, ਬੇਟਨ ਕੱਪ-1997, ਸੁਰਜੀਤ ਯਾਦਗਾਰੀ ਹਾਕੀ ਕੱਪ-

ਧੰਨਵਾਦ ਜੀ (95010-01303)

# ਮਨੁੱਖਤਾ ਨੂੰ ਭਾਈਚਾਰਕ ਸਾਂਝ ਅਤੇ ਬਰਾਬਰੀ ਦਾ ਸੁਨੇਹਾ ਦੇਣ ਵਾਲੇ ਸਨ ਹਜ਼ਰਤ ਮੁਹੰਮਦ ਸਾਹਿਬ

**(ਸਫਾ 6 ਦੀ ਬਾਕੀ)**

ਮੱਕੇ ਦੇ ਪਰੰਪਰਿਕ ਧਰਮਾਂ ਨੂੰ ਮੰਨਣ ਵਾਲੇ ਲੋਕ ਆਪ ਜੀ ਦੇ ਅਤੇ ਆਪ ਜੀ ਦੇ ਸਾਥੀਆਂ ਦੇ ਦੁਸ਼ਮਣ ਬਣ ਗਏ। ਆਪ ਜੀ ਨੂੰ ਲਗਭਗ 13 ਸਾਲ ਤੱਕ ਹਰ ਹਰਬਿਆਂ ਰਾਹੀਂ ਤੰਗ-ਪ੍ਰੇਸ਼ਾਨ ਕੀਤਾ ਗਿਆ। ਇਥੋਂ ਤੱਕ ਕਿ ਇੱਕ ਦਿਨ ਆਪ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਗਈ। ਜਿਸ ਕਾਰਨ ਰੱਬ ਦੁਆਰਾ ਬਹੀ ਦੇ ਰਾਹੀਂ ਪ੍ਰਾਪਤ ਹੋਏ ਹੁਕਮ ਅਨੁਸਾਰ ਆਪ ਆਪਣੇ ਸਾਥੀਆਂ ਸਮੇਤ ਮੱਕੇ ਤੋਂ ਹਿਜ਼ਰਤ ਕਰਕੇ ਮਦੀਨੇ ਚਲੇ ਗਏ। ਇਸੀ ਸਾਲ ਤੋਂ ਹਿਜ਼ਰੀ ਸੰਨ ਦਾ ਆਰੰਭ ਹੋਇਆ। ਮਦੀਨੇ ਜਾ ਕੇ ਆਪ ਨੇ ਇਸਲਾਮ ਧਰਮ ਦਾ ਪ੍ਰਚਾਰ ਜੋਰ-ਸ਼ੋਰ ਨਾਲ ਆਰੰਭ ਕਰ ਦਿੱਤਾ। ਜਿਸ ਕਾਰਨ ਇਸਲਾਮ ਧਰਮ ਮਦੀਨੇ ਦੇ ਬਾਹਰਲੇ ਇਲਾਕਿਆਂ ਤੱਕ ਵੀ ਫੈਲਣਾ ਸ਼ੁਰੂ ਹੋ ਗਿਆ। ਜਿਸ ਤੋਂ ਖਫਾ ਹੋ ਕਿ ਮੱਕੇ ਦੇ ਲੋਕਾਂ ਨੇ ਇਸਲਾਮ ਦੇ ਵੱਧਦੇ ਪ੍ਰਭਾਵ ਨੂੰ ਰੋਕਣ ਲਈ ਮਦੀਨੇ ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਮੁਹੰਮਦ (ਸਲ.) ਨੇ ਵਿਰੋਧੀਆਂ ਨਾਲ ਸਮਝੌਤਾ ਕਰਨ ਅਤੇ ਮੇਲ-ਮਿਲਾਪ ਵਧਾਉਣ ਦਾ ਕਈ ਵਾਰ ਯਤਨ ਕੀਤਾ ਪਰ ਸਫਲ ਨਾ ਹੋਏ। ਅੰਤ ਵਿੱਚ ਆਤਮ ਰੱਖਿਆ ਲਈ ਆਪ ਜੀ ਨੂੰ ਕਈ ਵਾਰ ਯੁੱਧ ਦੇ ਮੈਦਾਨ ਵਿੱਚ ਉੱਤਰਨਾ ਪਿਆ। ਪੈਗੰਬਰੇ ਇਸਲਾਮ ਨੇ ਜੰਗ ਲਈ ਵੀ ਮਾਨਵਤਾ ਪੂਰਨ ਨਿਯਮ ਬਣਾਏ। ਅਸੱਭਿਅਤਾ ਦੇ ਯੁੱਗ ਵਿੱਚ ਵੀ ਮਨੁੱਖੀ ਕਦਰਾਂ-ਕੀਮਤਾਂ ਨੂੰ ਜੰਗ ਦੇ ਮੈਦਾਨ ਵਿੱਚ ਵੀ ਲਾਗੂ ਕਰ ਕੇ ਅਨੋਖੀ ਮਿਸਾਲ ਪੇਸ਼ ਕੀਤੀ।

ਆਪ ਨੇ ਆਪਣੇ ਸਾਥੀਆਂ ਨੂੰ ਜੰਗ ਸਬੰਧੀ ਸਖਤ ਨਿਯਮ ਅਪਣਾਉਣ ਦੇ ਆਦੇਸ਼ ਦਿੱਤੇ। ਆਪ ਨੇ ਕਿਹਾ ਕਿ ਯੁੱਧ ਦੇ ਮੈਦਾਨ ਵਿੱਚ ਕਿਸੇ ਲਾਸ਼ ਦੇ ਅੰਗ ਨਾ ਕੱਟੇ ਜਾਣ, ਕਿਸੇ ਨੂੰ ਧੋਖੇ ਜਾਂ ਵਿਸ਼ਵਾਸ਼ਘਾਤ ਨਾਲ ਕਤਲ ਨਾ ਕੀਤਾ ਜਾਵੇ, ਬੱਚੇ/ਬੁੱਢੇ/ਔਰਤਾਂ ਆਦਿ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਇਆ ਜਾਵੇ, ਖਜ਼ੂਰਾਂ ਅਤੇ ਹੋਰ ਫਲਦਾਰ ਦਰਖਤਾਂ ਨੂੰ ਨਾ ਕੱਟਿਆ ਜਾਵੇ ਅਤੇ ਨਾ ਹੀ ਜਲਾਇਆ ਜਾਵੇ, ਸੰਸਾਰ ਤਿਆਗੀ ਪੀਰਾਂ, ਫਕੀਰਾਂ ਅਤੇ ਰੱਬ ਦੀ ਇਬਾਦਤ ਕਰਨ ਵਾਲੇ ਲੋਕਾਂ ਨੂੰ ਤੰਗ ਨਾ ਕੀਤਾ ਜਾਵੇ, ਕਿਸੇ ਵੀ ਧਰਮ ਦੇ ਪੂਜਾ ਸਥਾਨਾਂ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ ਆਦਿ। ਮੁਹੰਮਦ (ਸਲ.) ਨੇ ਹਮੇਸ਼ਾ ਹੀ ਸ਼ਰਨ ਵਿੱਚ ਆਏ ਕੱਟੜ ਤੋਂ ਕੱਟੜ ਦੁਸ਼ਮਣ ਨਾਲ ਵੀ ਚੰਗਾ ਵਿਵਹਾਰ ਕੀਤਾ ਜੋ ਕਿ ਅੱਜ ਦੇ ਸੱਭਿਅਕ ਸਮਾਜ ਵੱਲੋਂ ਵੀ ਦੁਸ਼ਮਣ ਨਾਲ ਨਹੀਂ ਕੀਤਾ ਜਾਂਦਾ। ਇਥੋਂ ਤੱਕ ਆਪਣੀ ਜਨਮ ਭੂਮੀ ਮੱਕਾ ਨੂੰ ਬਿਨ੍ਹਾਂ ਖ਼ੂਨ ਦਾ ਇੱਕ ਵੀ ਕਤਰਾ ਬਹਾਏ ਫਤਿਹ ਕੀਤਾ ਤੇ ਆਪ ਜੀ ਅਤੇ ਆਪ ਜੀ ਦੇ ਸਾਥੀਆਂ ਉੱਪਰ ਜ਼ੁਲਮ ਕਰਨ ਵਾਲੇ ਮੱਕਾ ਵਾਸੀਆਂ ਨੂੰ ਪੂਰਨ ਤੌਰ ਤੇ ਮਾਫ ਕਰ ਦਿੱਤਾ। ਆਪ ਨੇ ਐਲਾਨ ਕੀਤਾ ਕਿ ਐ ਮੱਕਾ ਵਾਸੀਓ ਉ ਅੱਜ ਤੁਹਾਡੇ ਉੱਪਰ ਕੋਈ ਦੋਸ਼ ਨਹੀਂ ਤੇ ਤੁਸੀਂ ਸਾਰੇ ਆਜ਼ਾਦ ਹੋ"।

ਆਪ ਜੀ ਦੇ ਇਸ ਤਰ੍ਹਾਂ ਦੇ ਚਰਿੱਤਰ ਨੂੰ ਦੇਖ ਕੇ ਇਸਲਾਮ ਦੇ ਦੁਸ਼ਮਣ ਲਗਭਗ ਸਾਰੇ ਮੱਕਾ ਵਾਸੀ ਇਸਲਾਮ ਦੇ ਪੈਰੋਕਾਰ ਬਣ ਗਏ। ਜਿਹੜਾ ਕੰਮ ਤਲਵਾਰ ਨਾਲ ਨਹੀਂ ਕੀਤਾ ਜਾ ਸਕਦਾ ਉਸ ਨੂੰ ਸੱਚੇ-ਸੁੱਚੇ ਚਰਿੱਤਰ ਨਾਲ ਨੇਪਰੇ ਚੜ੍ਹਾਇਆ।

ਅਸਲ ਅਰਥਾਂ ਵਿੱਚ ਮੁਹੰਮਦ (ਸਲ.) ਨੂੰ ਅੰਤਰ-ਰਾਸ਼ਟਰੀ ਭਾਈਚਾਰਕ ਸਾਂਝ, ਮਨੁੱਖੀ ਸਮਾਨਤਾ, ਲੋਕਤੰਤਰੀ ਸਿਧਾਂਤਾ ਆਦਿ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਵਾਲਾ ਮੰਨਿਆ ਜਾ ਸਕਦਾ ਹੈ। ਇਹਨਾਂ ਸਿਧਾਂਤਾਂ ਨੂੰ ਪੱਛਮੀ ਦੇਸ਼ਾਂ ਨੇ ਬਹੁਤ ਬਾਅਦ ਵਿੱਚ ਅਪਣਾਇਆ ਹੈ। ਇਸਲਾਮ ਦੇ ਇਸੇ ਦ੍ਰਿਸ਼ਟੀਕੋਣ ਬਾਰੇ ਸੁਤੰਤਰ ਭਾਰਤ ਦੀ ਪਹਿਲੀ ਮਹਿਲਾ ਮਾਨਯੋਗ ਰਾਜਪਾਲ ਸਰੋਜਨੀ ਨਾਇਡੂ ਨੇ ਕਿਹਾ ਸੀ ਕਿ ਉ ਇਸਲਾਮ ਹੀ ਪਹਿਲਾ ਧਰਮ ਸੀ ਜਿਸਨੇ ਲੋਕਤੰਤਰ ਦੀ ਸਿੱਖਿਆ ਦਿੱਤੀ ਅਤੇ ਉਸਨੂੰ ਵਿਵਹਾਰਕ ਰੂਪ ਦਿੱਤਾ। ਉਹਨਾਂ ਕਿਹਾ ਕਿ ਇਸਲਾਮ ਧਰਮ ਨੂੰ ਮੰਨਣ ਵਾਲੇ ਦਿਨ ਵਿੱਚ 5 ਵਾਰ ਮਸਜਿਦ 'ਚ ਨਮਾਜ਼ ਪੜ੍ਹਨ ਸਮੇਂ ਬਿਨ੍ਹਾ ਕਿਸੇ ਭੇਦ-ਭਾਵ ਅਮੀਰ-ਗਰੀਬ, ਗੋਰੇ-ਕਾਲੇ ਆਦਿ ਨੂੰ ਭੁਲਾ ਕੇ ਮੋਢੇ ਨਾਲ ਮੋਢਾ ਜੋੜ ਕੇ ਇੱਕ ਲਾਇਨ ਵਿੱਚ ਖੜ੍ਹੇ ਹੁੰਦੇ ਹਨ। ਮੈ ਇਸਲਾਮ ਦੀ ਇਸ ਨਾ ਵੰਡੀ ਜਾਣ ਵਾਲੀ ਏਕਤਾ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਈ ਹਾਂ"।

ਇਸੀ ਤਰ੍ਹਾਂ ਇਸਲਾਮ ਨੂੰ ਮੰਨਣ ਵਾਲੇ ਹਰ ਸਾਲ ਹੱਜ ਮੌਕੇ ਰੰਗ, ਨਸਲ, ਗੋਰੇ-ਕਾਲੇ ਆਦਿ ਦੇ ਭੇਦ-ਭਾਵ ਤੋਂ ਉੱਪਰ ਉੱਠ ਕੇ ਸਾਰੇ ਦੇਸ਼ਾਂ ਦੇ ਮੁਸਲਮਾਨ ਹੱਜ ਦੇ ਅਹਿਮ ਫਰਜ਼ ਨੂੰ ਪੂਰਾ ਕਰਦੇ ਹਨ ਜੋ ਕਿ ਅੰਤਰ-ਰਾਸ਼ਟਰੀ ਭਰਾਤਰੀ ਭਾਵ ਦਾ ਪ੍ਰਤੀਕ ਹੈ।

ਇਸ ਕਰਕੇ ਹੀ ਪੋ. ਹਰਗਰੋਨਜ਼ ਨੇ ਕਿਹਾ ਸੀ ਕਿ ਉ ਪੈਗੰਬਰੇ ਇਸਲਾਮ ਦੁਆਰਾ ਸਥਾਪਤ ਰਾਸ਼ਟਰ ਸੰਘ ਨੇ ਅੰਤਰ-ਰਾਸ਼ਟਰੀ ਏਕਤਾ ਅਤੇ ਮਨੁੱਖੀ ਭਾਈਚਾਰੇ ਦੇ ਨਿਯਮਾਂ ਨੂੰ ਅਜਿਹੇ ਸਰਵਜਨਕ ਪੱਧਰ ਤੇ ਸਥਾਪਤ ਕੀਤਾ ਹੈ ਜੋ ਦੂਸਰੇ ਰਾਸ਼ਟਰਾਂ ਨੂੰ ਰਸਤਾ ਦਿਖਾਉਂਦੇ ਰਹਿਣਗੇ"। ਇਸ ਤਰ੍ਹਾਂ ਆਪ ਦੀ ਸਖਸ਼ੀਅਤ ਅਤੇ ਗੁਣਾਂ ਦੇ ਕਾਰਨ ਆਪ ਦਾ ਨਾਮ ਵਿਸ਼ਵ ਦੇ ਇਤਿਹਾਸ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਵਿਅਕਤੀਆਂ ਵਿੱਚ ਸ਼ਾਮਿਲ ਹੈ ।

ਅੱਜ ਵੀ ਉਹਨਾਂ ਵੱਲੋਂ ਬਿਤਾਇਆ ਸੱਚਾ-ਸੁੱਚਾ, ਸਾਦਗੀ ਭਰਪੂਰ, 10 ਲੱਖ ਮੀਲ ਤੋਂ ਵੀ ਵੱਧ ਖੇਤਰ ਦੇ ਰਾਜਨੀਤਿਕ ਅਤੇ ਧਾਰਮਿਕ ਆਗੂ ਹੋਣ ਦੇ ਬਾਵਜੂਦ ਹੱਥੀ ਕੀਰਤ ਕਰਕੇ ਖਾਣ ਵਾਲੇ, ਉੱਚ ਸੈਨਾ ਨਾਇਕ, ਸਮਾਜ ਸੁਧਾਰਕ, ਅਮਾਨਤਦਾਰੀ ਨਾਲ ਵਪਾਰ ਕਰਨ ਵਾਲੇ, ਅਸੱਭਿਅਕ ਲੋਕਾਂ ਨੂੰ ਸੱਭਿਅਕ ਬਣਾਉਣ ਵਾਲੇ, ਦੀਨ-ਦੁਖੀਆਂ ਦੀ ਸੇਵਾ ਕਰਨ ਵਾਲਾ ਆਦਰਸ਼ਕ ਜੀਵਨ ਲੋਕਾਂ ਲਈ ਰਾਹ ਦਰਸਾਉ ਹੈ।

ਅੱਜ ਵਿਸ਼ਵ ਵਿੱਚ ਫੈਲੇ ਭ੍ਰਿਸ਼ਟਾਚਾਰ, ਨਸਲਕੁਸ਼ੀ, ਮਨੁੱਖੀ ਕਦਰਾਂ-ਕੀਮਤਾਂ ਵਿੱਚ ਗਿਰਾਵਟ, ਕਾਲੇ ਧਨ ਆਦਿ ਦੀ ਸਮੱਸਿਆ ਨੂੰ ਆਪ ਦੁਆਰਾ ਅਮਲੀ ਰੂਪ ਵਿੱਚ ਅਪਣਾਏ ਸਿਧਾਂਤਾ ਨਾਲ ਖਤਮ ਕੀਤਾ ਜਾ ਸਕਦਾ ਹੈ।

ਸੰਨ 10 ਹਿਜਰੀ ਨੂੰ ਆਪ ਨੇ ਆਪਣੇ 125000 ਸਹਾਬਾ (ਸਾਥੀਆਂ) ਨਾਲ ਆਪਣੀ ਜਿੰਦਗੀ ਦਾ ਆਖਰੀ ਹੱਜ ਕੀਤਾ। ਇਸ ਮੌਕੇ ਆਪ ਨੇ ਆਪਣੇ ਸਾਥੀਆਂ ਨੂੰ ਖੁਤਬੇ (ਭਾਸ਼ਣ) ਰਾਹੀਂ ਕੁਝ ਸੰਦੇਸ਼ ਦਿੱਤੇ ਜਿਨ੍ਹਾਂ ਵਿੱਚੋਂ ਕੁਝ ਇਸ ਪ੍ਰਕਾਰ ਸਨ;- "ਮੁਸਲਮਾਨੋਂ ਤੁਸੀਂ ਸਾਰੇ ਆਦਮ ਦੀ ਔਲਾਦ ਹੋ ਅਤੇ ਆਦਮ ਮਿੱਟੀ ਵਿੱਚੋਂ ਪੈਦਾ ਕੀਤਾ ਗਿਆ ਸੀ। ਤੁਹਾਡੇ ਲਈ ਇੱਕ ਦੂਜੇ ਦਾ ਖੂਨ ਵਹਾਉਣਾ, ਇੱਕ ਦੂਸਰੇ ਦਾ ਮਾਲ ਹੜੱਪਣਾ, ਇੱਕ ਦੂਸਰੇ ਦੀ ਇੱਜ਼ਤ ਨਾਲ ਖੇਡਣਾ ਹਰਾਮ ਹੈ"।

ਇਸ ਹੱਜ ਤੋਂ ਬਾਅਦ ਆਪ ਮਦੀਨੇ ਵਾਪਸ ਚਲੇ ਗਏ ਅਤੇ ਕੁਝ ਸਮੇਂ ਬਾਅਦ ਬੁਖਾਰ ਕਾਰਨ ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ ਨੂੰ ਆਪ ਇਸ ਦੁਨੀਆਂ ਤੋਂ 63 ਸਾਲ ਦੀ ਉਮਰ ਵਿੱਚ ਕਿਨਾਰਾ ਕਰ ਗਏ।ਇੱਥੇ ਇਹ ਗੱਲ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਯੋਗ ਹੈ ਕਿ ਮੁਹੰਮਦ (ਸਲ.) ਦਾ ਜਨਮ ਅਤੇ ਵਫਾਤ ਭਾਵ ਮੌਤ ਦਾ ਦਿਨ ਮਹੀਨਾ ਇੱਕੋ ਹੀ ਹੈ।

ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ ਨੂੰ ਹੀ ਜਨਮ ਤੇ ਇਸੀ ਦਿਨ ਅਤੇ ਮਹੀਨੇ ਵਿੱਚ ਵਫਾਤ ਭਾਵ ਮੌਤ ਦਾ ਦਿਨ ਹੈ।

# ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਸਥਾਈ ਬਣੇ

**ਦੋ ਮੈਂਬਰੀ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਬਹੁਤ ਹੀ ਹੈਰਾਨੀ ਜਨਕ ਤੱਥ ਵੀ ਸਿਆਸੀ ਤੌਰ ਤੇ ਸਿਆਸੀ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦੇ ਸਬੰਧ ਵਿੱਚ ਸਾਹਮਣੇ ਲਿਆਂਦੇ ਹਨ। ਸਿਆਸੀ ਵਿਰੋਧੀਆਂ ਖਿਲਾਫ਼ ਐਫ.ਆਈ.ਆਰ ਦਰਜ਼ ਕਰਵਾ ਦਿੱਤੀਆਂ ਗਈਆਂ, ਉਹਨਾ ਨੂੰ ਥਾਣੇ ਵੀ ਡੱਕ ਦਿੱਤਾ ਗਿਆ, ਪ੍ਰੇਸ਼ਾਨ ਵੀ ਕੀਤਾ ਗਿਆ। ਅਖ਼ਬਾਰਾਂ, ਮੀਡੀਏ 'ਚ ਉਹਨਾ ਨੂੰ ਝੂਠੇ ਪਾਏ ਕੇਸਾਂ ਕਾਰਨ ਬਦਨਾਮ ਕੀਤਾ ਗਿਆ। ਅਦਾਲਤਾਂ ਵਿੱਚ ਤਿੰਨ ਤਿੰਨ ਚਾਰ ਸਾਲਾਂ ਵਿੱਚ ਉਹਨਾ ਵਿਰੁੱਧ ਚਲਾਣ ਵੀ ਪੇਸ਼ ਨਹੀਂ ਕੀਤੇ ਗਏ। ਕਈ ਹਾਲਤਾਂ ਵਿੱਚ ਤਾਂ ਇਹ ਵੀ ਵੇਖਣ ਨੂੰ ਮਿਲਿਆ ਕਿ ਜ਼ਿਲੇ ਦੇ ਅਟਾਰਨੀ ਵੱਲੋਂ ਇਹ ਲਿਖਣ ਜਾਂ ਰਿਪੋਰਟਾਂ ਭੇਜਣ ਦੇ ਬਾਵਜੂਦ ਵੀ ਕਿ ਅਦਾਲਤੀ ਕੇਸ ਬਣਦੇ ਹੀ ਨਹੀਂ, ਉਹਨਾ ਕੇਸਾਂ ਨੂੰ ਵੀ ਹੁਣ ਤੱਕ ਲਟਕਾਇਆ ਗਿਆ ਹੈ। ਇਹਨਾ ਵਿੱਚੋਂ ਬਹੁਤੇ ਪੀੜਤ, ਅਦਾਲਤਾਂ, ਉੱਚ ਅਦਾਲਤਾਂ ਤੋਂ ਜਮਾਨਤਾਂ ਲੈ ਕੇ ਥਾਣੇ ਤੋਂ ਬਾਹਰ ਆਏ ਜਾਂ ਅਗਾਊਂ ਜਮਾਨਤਾਂ ਮਨਜ਼ੂਰ ਕਰਵਾਕੇ ਘਰੀਂ ਬੈਠੇ ਹਨ। ਐਫ.ਆਈ.ਆਰ. ਹੋਣ ਕਾਰਨ ਉਹ ਪਾਸਪੋਰਟ ਬਨਾਉਣ ਤੋਂ ਔਖੇ ਹਨ ਅਤੇ ਕਈਆਂ ਨੂੰ ਵਿਦੇਸ਼ਾਂ ਦਾ ਵੀਜ਼ਾ ਇਸੇ ਕਰਕੇ ਨਹੀਂ ਮਿਲਦਾ ਕਿ ਉਹਨਾ ਤੇ ਕਰਿਮੀਨਲ ਕੇਸ ਦਰਜ਼ ਹਨ। ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਇਸ ਕਮਿਸ਼ਨ ਨੂੰ ਕਾਂਗਰਸ ਦਾ ਕਮਿਸ਼ਨ ਕਹਿਕੇ ਰੱਦ ਕੀਤਾ ਗਿਆ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਅਕਾਲੀ-ਭਾਜਪਾ ਸਰਕਾਰ ਵੇਲੇ ਦਰਜ ਕੀਤੇ ਨਜ਼ਾਇਜ ਕੇਸਾਂ ਦੀ ਜਾਂਚ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਸਰਕਾਰ ਨੇ ਦੋ ਮੈਂਬਰੀ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ 6 ਅਪ੍ਰੈਲ 2017 ਨੂੰ ਨੋਟੀਫੀਕੇਸ਼ਨ ਜਾਰੀ ਕਰਕੇ ਬਣਾਇਆ ਸੀ। ਜਿਸਦੀ ਮਿਆਦ ਸਿਰਫ 6 ਮਹੀਨੇ ਰੱਖੀ ਗਈ, ਪਰ 24 ਸਤੰਬਰ 2017 ਇਸਦੀ ਮਿਆਦ ਅੱਗੋਂ ਇੱਕ ਸਾਲ ਹੋਰ ਵਧਾ ਦਿੱਤੀ ਗਈ। ਕਮਿਸ਼ਨ ਵੱਲੋਂ ਹੁਣ ਤੱਕ ਚਾਰ ਅੰਤਰਿਮ ਰਿਪੋਰਟਾਂ ਪੰਜਾਬ ਸਰਕਾਰ ਨੂੰ ਦਿੱਤੀਆਂ ਗਈਆਂ ਹਨ, ਜਿਹਨਾ ਵਿੱਚੋਂ 675 ਝੂਠੇ ਕੇਸਾਂ ਦੀ ਪੁਛ-ਛਾਣ ਕਰਕੇ ਜਸਟਿਸ ਮਹਿਤਾਬ ਸਿੰਘ ਵੱਲੋਂ ਪਿਛਲੀ ਸਰਕਾਰ ਸਮੇਂ ਦਰਜ਼ ਕੀਤੀਆਂ ਝੂਠੀਆਂ ਐਫ.ਆਈ.ਆਰ. ਰੱਦ ਕਰਨ ਦੀ ਸਿਫਾਰਸ਼ ਹੀ ਨਹੀਂ ਕੀਤੀ ਗਈ, ਸਗੋਂ ਜ਼ਿਆਦਤੀ ਕਰਨ ਵਾਲੇ ਅਫ਼ਸਰਾਂ, ਸ਼ਕਾਇਤ ਕਰਤਾਵਾਂ ਵਿਰੁੱਧ ਕਾਰਵਾਈ ਕਰਨ ਦਾ ਵੀ ਸੁਝਾਅ ਦਿੱਤਾ ਗਿਆ ਹੈ।

ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਸੂਬੇ ਦੇ ਗ੍ਰਹਿ ਵਿਭਾਗ ਅਤੇ ਨਿਆਂ ਭਾਗ ਵਲੋਂ ਪ੍ਰਵਾਨ ਕਰਕੇ ਲਾਗੂ ਕਰਨ ਦੇ ਹੁਕਮ ਮੁੱਖ ਮੰਤਰੀ ਨੇ ਦਿੱਤੇ ਹਨ, ਪਰ ਇਹਨਾਂ ਸਿਫ਼ਾਰਸ਼ ਨੂੰ ਲਾਗੂ ਕਰਨ 'ਚ ਦੇਰੀ ਕਈ ਸਵਾਲ ਖੜੇ ਕਰ ਸਕਦੀ ਹੈ। ਪੰਜਾਬ ਸੂਬੇ ਦੀ ਬਾਬੂਸ਼ਾਹੀ, ਅਫਸਰਸ਼ਾਹੀ ਬਹੁਤ ਹੀ ਧੀਮੀ ਗਤੀ ਨਾਲ ਕੰਮ ਕਰਨ ਦੀ ਆਦੀ ਹੈ ਅਤੇ ਫਾਈਲਾਂ ਦੇ ਢੇਰਾਂ ਦੇ ਢੇਰ ਮਹੀਨਿਆਂ ਬੱਧੀ ਇੱਕ ਮੇਜ਼ ਤੋਂ ਦੂਜੇ ਮੇਜ਼ ਤੱਕ ਦੇਰੀ ਨਾਲ ਪੁੱਜਦੇ ਹਨ ਅਤੇ ਸਿੱਟੇ ਵਜੋਂ ਫੈਸਲੇ ਲਾਗੂ ਕਰਨ 'ਚ ਦੇਰੀ ਹੁੰਦੀ ਹੈ। ਭਾਵੇਂ ਮਹਿਤਾਬ ਸਿੰਘ ਕਮਿਸ਼ਨ ਬਨਾਉਣ ਦਾ ਇੱਕ ਅਸਰ ਪੰਜਾਬ ਪੁਲਿਸ ਉਤੇ ਵੇਖਣ ਨੂੰ ਮਿਲਿਆ ਜਿਸ ਵਲੋਂ ਖਾਸ ਤੌਰ ਤੇ ਅਕਾਲੀ-ਭਾਜਪਾ ਰਾਜ ਦੌਰਾਨ ਪਿਛਲੇ 10 ਸਾਲਾਂ ਵਿੱਚ ਬਠਿੰਡਾ ਜ਼ਿਲੇ ਵਿੱਚ 79 ਝੂਠੀਆਂ ਦਰਜ਼ ਹੋਈਆਂ ਐਫ.ਆਈ.ਆਰ. ਨੂੰ ਰੱਦ ਕਰਾਉਣ ਲਈ ਕਮਿਸ਼ਨ ਕੋਲ ਪਹੁੰਚ ਕੀਤੀ ਗਈ। ਇਹਨਾ ਐਫ.ਆਈ.ਆਰ. ਦੇ ਚਲਾਨ ਅਦਾਲਤਾਂ ਵਿੱਚ ਲੰਮੇ ਸਮੇਂ ਤੋਂ ਪੇਸ਼ ਹੀ ਨਹੀਂ ਸਨ ਕੀਤੇ ਗਏ। ਹੁਣ ਪੁਲਸ ਨੇ ਇਹਨਾ ਨੂੰ ਝੂਠੇ ਕਰਾਰ ਦਿੱਤਾ ਹੈ। ਪਰ ਸਵਾਲ ਹੈ ਕਿ ਜੋ ਪ੍ਰੇਸ਼ਾਨੀ ਝੂਠੇ ਬਣਾਏ ਕੇਸਾਂ ਵਾਲੇ ਪੀੜਤਾਂ ਨੇ ਹੰਢਾਈ ਹੈ ਉਸਦੀ ਜ਼ੁੰਮੇਵਾਰੀ ਕਿਸਦੀ ਹੈ?ਕਮਿਸ਼ਨ ਵਲੋਂ ਪਹਿਲੀ ਅੰਤਰਿਮ ਰਿਪੋਰਟ ਨੂੰ ਅਮਰਿੰਦਰ ਸਿੰਘ ਨੂੰ ਪੇਸ਼ ਕੀਤੀ ਗਈ ਉਸ ਵਿੱਚ 178 ਕੇਸਾਂ ਵਿੱਚੋਂ 130 ਕੇਸਾਂ ਵਿੱਚ ਪੀੜਤਾਂ ਨੂੰ ਮੁਆਵਜਾ ਦੇਣਾ ਤਜ਼ਵੀਜ਼ ਕੀਤਾ ਗਿਆ। ਕਮਿਸ਼ਨ ਵਲੋਂ ਦੂਜੀ ਅੰਤਰਿਮ ਰਿਪੋਰਟ 19 ਸਤੰਬਰ 2017 ਨੂੰ ਸਰਕਾਰ ਨੂੰ ਪੇਸ਼, ਕੀਤੀ ਗਈ, ਜਿਸ ਵਿੱਚ 47 ਐਫ.ਆਈ.ਆਰ. ਝੂਠੀਆਂ ਪਾਈਆਂ ਗਈਆਂ ਸਨ। 29 ਅਕਤੂਬਰ 2017 ਨੂੰ ਪੇਸ਼ ਕੀਤੀ ਤੀਜੀ ਅੰਤਰਿਮ ਰਿਪੋਰਟ ਵਿੱਚ 12 ਕੇਸ ਝੂਠੇ ਨਿਕਲੇ ਅਤੇ ਸ ਸਾਲ ਦੇ ਮਹੀਨੇ ਨਵੰਬਰ ਵਿੱਚ ਚੌਥੀ ਅੰਤਰਿਮ ਰਿਪੋਰਟ ਵਿੱਚ 30 ਵਿਅਕਤੀਆਂ ਵਿਰੁੱਧ ਕੀਤੀ ਐਫ. ਆਈ. ਆਰ. ਨੂੰ ਝੂਠਾ ਪਾਇਆ ਗਿਆ।



ਦੋ ਮੈਂਬਰੀ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਬਹੁਤ ਹੀ ਹੈਰਾਨੀ ਜਨਕ ਤੱਥ ਵੀ ਸਿਆਸੀ ਤੌਰ ਤੇ ਸਿਆਸੀ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦੇ ਸਬੰਧ ਵਿੱਚ ਸਾਹਮਣੇ ਲਿਆਂਦੇ ਹਨ। ਸਿਆਸੀ ਵਿਰੋਧੀਆਂ ਖਿਲਾਫ਼ ਐਫ. ਆਈ. ਆਰ ਦਰਜ਼ ਕਰਵਾ ਦਿੱਤੀਆਂ ਗਈਆਂ, ਉਹਨਾ ਨੂੰ ਥਾਣੇ ਵੀ ਡੱਕ ਦਿੱਤਾ ਗਿਆ, ਪ੍ਰੇਸ਼ਾਨ ਵੀ ਕੀਤਾ ਗਿਆ। ਅਖ਼ਬਾਰਾਂ, ਮੀਡੀਏ 'ਚ ਉਹਨਾ ਨੂੰ ਝੂਠੇ ਪਾਏ ਕੇਸਾਂ ਕਾਰਨ ਬਦਨਾਮ ਕੀਤਾ ਗਿਆ। ਅਦਾਲਤਾਂ ਵਿੱਚ ਤਿੰਨ ਤਿੰਨ ਚਾਰ ਸਾਲਾਂ ਵਿੱਚ ਉਹਨਾ ਵਿਰੁੱਧ ਚਲਾਣ ਵੀ ਪੇਸ਼ ਨਹੀਂ ਕੀਤੇ ਗਏ। ਕਈ ਹਾਲਤਾਂ ਵਿੱਚ ਤਾਂ ਇਹ ਵੀ ਵੇਖਣ ਨੂੰ ਮਿਲਿਆ ਕਿ ਜ਼ਿਲੇ ਦੇ ਅਟਾਰਨੀ ਵੱਲੋਂ ਇਹ ਲਿਖਣ ਜਾਂ ਰਿਪੋਰਟਾਂ ਭੇਜਣ ਦੇ ਬਾਵਜੂਦ ਵੀ ਕਿ ਅਦਾਲਤੀ ਕੇਸ ਬਣਦੇ ਹੀ ਨਹੀਂ, ਉਹਨਾ ਕੇਸਾਂ ਨੂੰ ਵੀ ਹੁਣ ਤੱਕ ਲਟਕਾਇਆ ਗਿਆ ਹੈ। ਇਹਨਾ ਵਿੱਚੋਂ ਬਹੁਤੇ ਪੀੜਤ, ਅਦਾਲਤਾਂ, ਉੱਚ ਅਦਾਲਤਾਂ ਤੋਂ ਜਮਾਨਤਾਂ ਲੈ ਕੇ ਥਾਣੇ ਤੋਂ ਬਾਹਰ ਆਏ ਜਾਂ ਅਗਾਊਂ ਜਮਾਨਤਾਂ ਮਨਜ਼ੂਰ ਕਰਵਾਕੇ ਘਰੀਂ ਬੈਠੇ ਹਨ। ਐਫ.ਆਈ.ਆਰ. ਹੋਣ ਕਾਰਨ ਉਹ ਪਾਸਪੋਰਟ ਬਨਾਉਣ ਤੋਂ ਔਖੇ ਹਨ ਅਤੇ ਕਈਆਂ ਨੂੰ ਵਿਦੇਸ਼ਾਂ ਦਾ ਵੀਜ਼ਾ ਇਸੇ ਕਰਕੇ ਨਹੀਂ ਮਿਲਦਾ ਕਿ ਉਹਨਾ ਤੇ ਕਰਿਮੀਨਲ ਕੇਸ ਦਰਜ਼ ਹਨ। ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਇਸ ਕਮਿਸ਼ਨ ਨੂੰ ਕਾਂਗਰਸ ਦਾ ਕਮਿਸ਼ਨ ਕਹਿਕੇ ਰੱਦ ਕੀਤਾ ਗਿਆ ਹੈ। ਪਰ ਇਸ ਕਮਿਸ਼ਨ ਦੇ ਨਿਰਪੱਖ ਹੋਕੇ ਕੰਮ ਕਰਨ ਦੀਆਂ ਰਿਪੋਰਟਾਂ ਹਨ। ਅਕਤੂਬਰ 24,2017 ਨੂੰ ਗਿੱਲ ਕਮਿਸ਼ਨ ਵਲੋਂ ਦਿੱਤੀ ਰਿਪੋਰਟ 'ਚ ਅਕਾਲੀ ਨੇਤਾ ਸੁੱਚਾ ਸਿੰਘ ਲੰਗਾਹ ਵਿਰੁੱਧ ਕੇਸ ਦਰਜ਼ ਕਰਨ ਲਈ ਕਿਹਾ ਜਦਕਿ ਲੁਧਿਆਣਾ ਦੇ ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਵਿਰੁੱਧ ਕੀਤੀ ਝੂਠੀ ਐਫ. ਆਈ. ਆਰ ਰੱਦ ਕਰਨ ਲਈ ਸਿਫਾਰਿਸ਼ ਕੀਤੀ।

ਪਿਛਲੇ ਦਿਨੀਂ ਸੂਬੇ ਦੀ ਇੱਕ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਵਲੋਂ ਇੱਕ ਬਿਆਨ ਜਾਰੀ ਕਰਕੇ ਮਹਿਤਾਬ ਸਿੰਘ ਕਮਿਸ਼ਨ ਵਿਰੁੱਧ ਜ਼ਹਿਰ ਉਗਲਿਆ ਪਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਮਹਿਤਾਬ ਸਿੰਘ ਗਿੱਲ ਕਮਿਸ਼ਨ ਨੂੰ ਪੱਕਾ ਕਮਿਸ਼ਨ ਬਨਾਉਣ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ। ਖਹਿਰਾ ਨੇ ਗਿੱਲ ਕਮਿਸ਼ਨ ਦੇ ਕੰਮ ਨੂੰ ਸਰਾਹਿਆ ਸੀ, ਅਤੇ ਕਿਹਾ ਸੀ ਕਿ ਉਸ ਵਿਰੁੱਧ ਅਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਵਰਕਰਾਂ ਵਿਰੁਧ ਜੋ ਝੂਠੇ ਕੇਸ ਅਕਾਲੀ-ਭਾਜਪਾ ਸਰਕਾਰ ਵੇਲੇ ਦਰਜ਼ ਕੀਤੇ ਗਏ ਸਨ, ਉਹਨਾ ਨੂੰ ਰੱਦ ਕਰਨ ਦੀ ਸਿਫ਼ਾਰਸ਼ ਇਸ ਕਮਿਸ਼ਨ ਵੱਲੋਂ ਕੀਤੀ ਗਈ ਹੈ।

ਇਸ ਵੇਲੇ ਵੀ ਪੰਜਾਬ ਦੀ ਮੌਜੂਦਾ ਸਰਕਾਰ ਵਿਚਲੇ ਕੁਝ ਨੇਤਾ ਵੀ ਆਪਣੀ ਨਿੱਜੀ ਕਿੜ ਕੱਢਣ ਅਤੇ ਵੈਰ ਵਿਰੋਧ ਕਾਰਨ ਆਪਣੇ ਵਿਰੋਧੀਆਂ ਉਤੇ ਪੁਲਿਸ ਅਫ਼ਸਰਾਂ ਨੂੰ ਸਿਆਸੀ ਢੰਗ ਨਾਲ ਪ੍ਰਭਾਵਤ ਕਰਨ ਦੇ ਰਾਹ ਤੁਰੇ ਹੋਏ ਹਨ। ਇਹੋ ਜਿਹੇ ਸਮੇਂ ਗਿੱਲ ਕਮਿਸ਼ਨ ਵਰਗੇ ਨਿਰਪੱਖ ਕਮਿਸ਼ਨ ਕਾਇਮ ਰੱਖੇ ਜਾਣ ਦੀ ਲੋੜ ਹੈ ਤਾਂ ਕਿ ਝੂਠੀਆਂ ਐਫ.ਆਈ.ਆਰ. ਦਰਜ਼ ਨਾ ਹੋਣ ਤੇ ਲੋਕਾਂ ਨੂੰ ਪ੍ਰੇਸ਼ਾਨੀ ਨਾ ਹੋਵੇ।

ਗਿੱਲ ਕਮਿਸ਼ਨ ਕੋਲ ਕਾਫੀ ਸ਼ਕਾਇਤਾਂ ਪੈਂਡਿੰਗ ਪਈਆਂ ਹਨ। ਅਤੇ ਜੇਕਰ ਗਿੱਲ ਕਮਿਸ਼ਨ ਦਾ ਦਾਇਰਾ ਵਧਾ ਦਿੱਤਾ ਜਾਂਦਾ ਹੈ ਅਤੇ ਹੁਣ ਨਵੀਆਂ ਪ੍ਰਾਪਤ ਸ਼ਕਾਇਤਾਂ ਵੀ ਇਸ 'ਚ ਸ਼ਾਮਿਲ ਕਰਨ ਦਾ ਫੈਸਲਾ ਸਰਕਾਰ ਵਲੋਂ ਹੋ ਜਾਂਦਾ ਹੈ ਤਾਂ ਇਸ ਗੱਲ ਦੀ ਲੋੜ ਪਵੇਗੀ ਕਿ ਕਮਿਸ਼ਨ ਵਿੱਚ ਇੱਕ, ਦੋ ਜੱਜ ਸਾਹਿਬਾਨ ਦੀ ਹੋਰ ਨਿਯੁੱਕਤੀ ਕੀਤੀ ਜਾਵੇ।

ਚੰਗਾ ਹੋਵੇ ਕਿ ਜੇਕਰ ਸਰਕਾਰ ਆਪਣੇ ਪਿਛਲੇ ਸੱਤ-ਅੱਠ ਮਹੀਨਿਆਂ 'ਚ ਨਜ਼ਾਇਜ਼ ਦਰਜ਼ ਕੇਸਾਂ ਦੀ ਪੜਤਾਲ ਦਾ ਅਧਿਕਾਰ ਵੀ ਇਸ ਕਮਿਸ਼ਨ ਨੂੰ ਦੇ ਦੇਵੇ ਅਤੇ ਇਸ ਕਮਿਸ਼ਨ ਨੂੰ ਸਥਾਈ ਬਣਾ ਦਿੱਤਾ ਜਾਵੇ, ਇਸ ਨਾਲ ਜਿਥੇ ਗਲਤ ਐਫ.ਆਈ.ਆਰ. ਦਰਜ਼ ਕਰਨ, ਕਰਾਉਣ ਦਾ ਰੁਝਾਨ ਘੱਟੇਗਾ, ਉਥੇ ਪੀੜਤ ਲੋਕਾਂ ਨੂੰ ਇਨਸਾਫ ਮਿਲੇਗਾ ਅਤੇ ਜ਼ਿਆਦਤੀ ਕਰਨ ਵਾਲੇ ਅਫ਼ਸਰਾਂ, ਸਿਆਸੀ ਲੋਕਾਂ ਨੂੰ ਸਜ਼ਾ ਮਿਲੇਗੀ।

ਗਿੱਲ ਕਮਿਸ਼ਨ ਨੇ ਪੀੜਤ ਲੋਕਾਂ ਤੋਂ ਝੂਠੇ ਕੇਸਾਂ ਦੇ ਨਿਪਟਾਰੇ ਸਬੰਧੀ ਅਰਜ਼ੀਆਂ 31 ਜੁਲਾਈ 2017 ਤੱਕ ਮੰਗੀਆਂ ਸਨ, ਜਿਸ ਅਧੀਨ 4371 ਅਰਜ਼ੀਆਂ ਕਮਿਸ਼ਨ ਨੂੰ ਪ੍ਰਾਪਤ ਹੋਈਆਂ ਸਨ, ਪਰ ਬਹੁਤ ਸਾਰੇ ਲੋਕ ਇਸ ਆਖ਼ਰੀ ਤਾਰੀਖ ਬਾਰੇ ਜਾਣੂ ਨਹੀਂ ਹੋ ਸਕੇ, ਸਿੱਟੇ ਵਜੋਂ ਇਸ ਕਮਿਸ਼ਨ ਸਾਹਮਣੇ ਅਰਜ਼ੀ ਨਹੀਂ ਦੇ ਸਕੇ। ਕਮਿਸ਼ਨ ਨੂੰ ਉਹਨਾ ਲੋਕਾਂ ਤੋਂ ਦੁਬਾਰਾ ਅਰਜ਼ੀਆਂ ਦੀ ਮੰਗ ਕਰਨੀ ਚਾਹੀਦੀ ਹੈ ਜਿਹੜੇ ਅਰਜ਼ੀਆਂ ਨਹੀਂ ਦੇ ਸਕੇ ਕਿਉਂਕਿ ਬਹੁਤੇ ਲੋਕ ਝੂਠੀਆਂ ਐਫ.ਆਈ.ਆਰ ਰੱਦ ਕਰਾਉਣ ਲਈ ਪੰਜਾਬ-ਹਰਿਆਣਾ ਹਾਈਕੋਰਟ ਨਹੀਂ ਜਾ ਸਕਦੇ ਅਤੇ ਕਈ ਜਿਹੜੇ ਹਾਈਕੋਰਟ ਜਾਂਦੇ ਵੀ ਹਨ, ਉਥੇ ਉਹਨਾ ਦੀਆਂ ਅਰਜ਼ੀਆਂ ਲੰਮਾ ਸਮਾਂ, ਜੱਜ ਸਹਿਬਾਨ ਦੀ ਘਾਟ ਕਾਰਨ ਲੰਬਿਤ ਪਈਆਂ ਰਹਿੰਦੀਆਂ ਹਨ।

# ਆਯੋਧਿਆ ਸ਼ਿਲਾਨਿਆਸ, ਤਬਾਹੀ ਅਤੇ ਸਿਆਸਤ

**ਮੂਲ ਲੇਖਕ:- ਹੇਮੰਤ ਸ਼ਰਮਾ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਮੈਂ ਝਗੜੇ ਵਾਲੀ ਇਮਾਰਤ ਤੋਂ ਕੋਈ ਸੌ ਗਜ਼ ਦੂਰ ਖੜਾ ਸੀ। ਸਭ ਕੁਝ ਨਸ਼ਟ ਹੋ ਗਿਆ। ਸਾਡੇ ਸੰਪਰਦਾਇਕ ਮੁੱਲ ਸੁਆਹ ਹੋ ਗਏ। ਚਾਰੇ ਪਾਸੇ ਨਫ਼ਰਤ, ਅਤੇ ਸੰਪਰਦਾਇਕਤਾ ਦਾ ਨਸ਼ਾ ਸੀ। ਭਿਆਨਕ ਦ੍ਰਿਸ਼ ਸੀ। ਛਿਆਲੀ ਏਕੜ ਦਾ ਇਲਾਕਾ ਨਫ਼ਰਤ ਦੇ ਪਾਗਲਪਨ ਦੇ ਜਨੂੰਨ ਵਿੱਚ ਸੀ। ਮਰਿਆਦਾ ਪ੍ਰਸ਼ੋਤਮ ਦੇ ਨਾਮ ਨਾਲ ਹਰ ਕੋਈ ਗੁੱਸਿਆ ਪਿਆ ਸੀ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਮੈਂ ਜੋ ਜੋ ਵੇਖ ਰਿਹਾ ਹਾਂ ਉਹ ਹਕੀਕਤ ਹੈ ਜਾਂ ਇੱਕ ਬੁਰਾ ਸੁਪਨਾ। ਬਾਬਰੀ ਢਾਂਚੇ ਉਤੇ ਕਾਰ ਸੇਵਕਾਂ ਦਾ ਹਮਲਾ ਹੋ ਚੁੱਕਾ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਹੈਰਾਨ ਪ੍ਰੇਸ਼ਾਨ ਅਤੇ ਅਵਾਕ ਸਨ। ਪੁਲਿਸ ਪ੍ਰਾਸ਼ਾਸ਼ਨ ਨੂੰ ਕੱਟੋ ਤਾਂ ਖ਼ੂਨ ਨਹੀਂ। ਬੇਬਸ ਅਤੇ ਲਾਚਾਰ। ਮੈਂ ਪੁਲਿਸ ਵਾਲਿਆਂ ਦਾ ਇਹੋ ਜਿਹਾ ਗਾਂਧੀਵਾਦੀ ਚਿਹਰਾ ਪਹਿਲੀ ਵੇਰ ਵੇਖਿਆ ਸੀ। ਕੋਈ ਦੋ ਸੌ ਕਾਰ ਸੇਵਕ ਵਿਵਾਦਿਤ ਇਮਾਰਤ ਦੇ ਤਿੰਨੇ ਗੁੰਬਦਾਂ ਉਤੇ ਚੜ੍ਹ ਲੋਹੇ ਦੀਆਂ ਰਾਡਾਂ, ਗੈਣਤੀਆਂ ਅਤੇ ਸਰੀਏ ਨਾਲ ਚੋਟ ਕਰ ਰਹੇ ਸਨ। ਥੱਲੇ ਕੋਈ ਇਕ ਲੱਖ ਕਾਰ ਸੇਵਕਾਂ ਨੇ ਇਮਾਰਤ ਨੂੰ ਘੇਰ ਰੱਖਿਆ ਸੀ। ਇੱਕ ਇੱਕ ਕਰਕੇ ਤਿੰਨੋਂ ਗੁੰਬਦ ਟੁੱਟੇ ਨਫਰਤ ਦੀ ਉਸ ਧੂੜ ਦੇ ਗੁਬਾਰ ਨੇ ਸਾਡੀ ਗੰਗਾ-ਜਮਨੀ ਤਹਿਜ਼ੀਬ ਨੂੰ ਢੱਕ ਲਿਆ। ਉਸ ਦਿਨ ਚਾਰ ਸੌ ਸਾਲਾ ਪੁਰਾਣਾ ਬਾਬਰੀ ਢਾਂਚਾ ਨਹੀਂ ਸੀ ਟੁੱਟਿਆ, ਵਿਧਾਨਪਾਲਿਕਾ, ਨਿਆਂਪਾਲਿਕਾ ਅਤੇ ਕਾਰਜਪਾਲਿਕਾ ਦੀਆਂ ਮਰਿਆਦਾਵਾਂ ਵੀ ਟੁੱਟੀਆਂ ਸਨ। ਛੇ ਦਸੰਬਰ ਨੂੰ ਗੀਤਾ ਜੈਯੰਤੀ ਸੀ। ਮਹਾਂਭਾਰਤ ਦਾ ਯੁੱਧ ਵੀ ਦੁਆਪਰ ਵਿੱਚ ਇਸੇ ਦਿਨ ਹੋਇਆ ਸੀ।

ਆਯੋਧਿਆ ਵਿੱਚ ਇਸ ਤਬਾਹੀ ਤੋਂ ਪਹਿਲਾਂ ਜਿਸ ਮਾਮਲੇ ਨੂੰ ਲੈ ਕੇ ਜੰਮਕੇ ਰਾਜਨੀਤੀ ਹੋਈ ਉਹ ਸੀ ਸ਼ਿਲਾਨਿਆਸ। ਨੀਂਹ ਪੱਥਰ ਨੂੰ ਲੈ ਕੇ ਦੋਨਾਂ ਪਾਸਿਆਂ ਤੋਂ ਅੱਗ ਉਗਲਣ ਵਾਲੇ ਭਾਸ਼ਨ ਆਉਣ ਲੱਗੇ। ਪ੍ਰਧਾਨਮੰਤਰੀ ਰਾਜੀਵ ਗਾਂਧੀ ਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ। ਵਿਅਕਤੀ ਦੇ ਤੌਰ 'ਤੇ ਉਹ ਸਿੱਧੇ ਅਤੇ ਸਰਲ ਸਨ। ਉਸਦੇ ਚੱਪੂਆਂ ਨੇ ਉਹਨਾ ਨੂੰ ਸਮਝਾਇਆ ਕਿ ਬਹੁਲਵਾਦੀ ਹਿੰਦੂ ਭਾਵਨਾਵਾਂ ਨੂੰ ਧਿਆਨ 'ਚ ਰੱਖਕੇ ਸ਼ਿਲਾਨਿਆਸ ਕਰਵਾ ਦੇਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਇਹ ਮੁੱਦਾ ਭਾਜਪਾ ਦੀ ਝੋਲੀ 'ਚ ਪੈ ਜਾਵੇ, ਆਪਨੂੰ ਪਹਿਲ ਕਰਨੀ ਚਾਹੀਦੀ ਹੈ। ਲੋਕ ਸਭਾ ਚੋਣਾਂ ਆਗਲੇ ਸਾਲ ਮਾਰਚ ਤੱਕ ਹੋਣੀਆ ਹਨ। ਰਾਜੀਵ ਗਾਂਧੀ ਨੂੰ ਇਹ ਸਮਝਾਇਆ ਗਿਆ ਕਿ ਸ਼ਿਲਾਨਿਆਸ ਕਰਵਾਕੇ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਈਆਂ ਜਾਣ ਅਤੇ ਆਯੋਧਿਆ ਤੋਂ ਹੀ ਚੋਣ ਪ੍ਰਚਾਰ ਦੀ ਸ਼ੁਰੂਆਤ ਕੀਤੀ ਜਾਵੇ। ਰਾਜੀਵ ਗਾਂਧੀ ਨੇ ਆਪਣਾ ਚੋਣ ਪ੍ਰਚਾਰ ਆਯੋਧਿਆ ਤੋਂ ਹੀ ਸ਼ੁਰੂ ਕੀਤਾ ਅਤੇ ਭਾਸ਼ਨ ਵਿੱਚ ਕਾਂਗਰਸ ਪਾਰਟੀ ਦੀ "ਰਾਮ ਰਾਜ" ਦੇ ਪ੍ਰਤੀ 'ਪ੍ਰਤੀਬੱਧਤਾ' ਦੁਹਰਾਈ। ਉਸ ਵੇਲੇ ਰਾਜੀਵ ਗਾਂਧੀ ਦੇ ਭਾਸ਼ਨ ਲੇਖਕ ਮਣੀ ਸ਼ੰਕਰ ਆਇਰ ਹੁੰਦੇ ਸਨ। ਉਹਨਾ ਦਾ ਕਹਿਣਾ ਹੈ ਕਿ ਭਾਸ਼ਨ ਵਿੱਚ ਰਾਮ ਰਾਜ ਦਾ ਜ਼ਿਕਰ ਨਹੀਂ ਸੀ। ਰਾਜੀਵ ਗਾਂਧੀ ਨੇ ਖੁਦ ਇਸ ਨੂੰ ਭਾਸ਼ਨ ਵਿੱਚ ਜੋੜਿਆ ਸੀ। ਰਾਜੀਵ ਜੀ ਨੇ ਇਹ "ਸਮਰਸਾਲਟ" ਕਿਉਂ ਕੀਤਾ? ਇਸਦਾ ਜਵਾਬ ਮੈਨੂੰ ਸਮਾਜਵਾਦੀ ਨੇਤਾ ਮਧੂ ਲਿਮੇ ਤੋਂ ਮਿਲਿਆ। ਉਹਨਾ ਨੇ ਕਿਹਾ "ਧਰਮ ਨੂੰ ਆਪ ਨਜ਼ਰ ਅੰਦਾਜ਼ ਆਪ ਕਰ ਸਕਦੇ ਹੋ। ਸੋਵੀਅਤ ਸੰਘ ਨੇ ਵੀ 70 ਸਾਲ ਤੱਕ ਧਰਮ ਨੂੰ ਨਜ਼ਰ ਅੰਦਾਜ਼ ਕੀਤਾ ਅਤੇ ਨਤੀਜਾ ਸਾਡੇ ਸਾਹਮਣੇ ਹੈ"। ਹੁਣ ਵਾਪਿਸ ਆਉਂਦੇ ਹਾਂ, ਆਪਣੀ ਕਹਾਣੀ ਤੇ, ਰਾਜੀਵ ਗਾਂਧੀ ਬੋਫਰਜ ਘੁਟਾਲੇ ਨੂੰ ਲੈ ਕੇ ਆਪਣੀ ਹਰਮਨਪਿਆਰਤਾ ਅਤੇ ਵਿਸ਼ਵਾਸ਼ ਗੁਆ ਰਿਹਾ ਸੀ। ਵਿਸ਼ਵਾਨਾਥ ਪ੍ਰਤਾਪ ਸਿੰਘ, ਅਰੁਣ ਨਹਿਰੂ, ਆਰਿਫ ਮੁਹੰਮਦ ਖਾਨ ਅਤੇ ਵਿਦਿਆਚਰਨ ਸ਼ੁਕਲ ਆਦਿ ਦੇ ਗਠਬੰਧਨ ਨਾਲ ਉਹਨਾ ਨੂੰ ਗੰਭੀਰ ਚਣੌਤੀ ਮਿਲ ਰਹੀ ਸੀ। ਦੂਜੇ ਪਾਸੇ ਚੋਣਾਂ ਤੋਂ ਠੀਕ ਪਹਿਲਾ 11 ਜੂਨ 1989 ਨੂੰ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਵਿੱਚ ਭਾਜਪਾ ਦੀ ਰਾਸ਼ਟਰੀ ਕਾਰਜਕਰਨੀ ਦੀ ਬੈਠਕ ਹੋਈ। ਉਥੇ ਭਾਜਪਾ ਨੇ ਇੱਕ ਮਤਾ ਪਾਸ ਕਰਕੇ ਆਯੋਧਿਆ ਦੀ ਰਾਮ ਜਨਮ ਭੂਮੀ ਨੂੰ ਹਿੰਦੂਆਂ ਨੂੰ ਸੌਂਪਣ ਦੀ ਮੰਗ ਕੀਤੀ। 24 ਦਸੰਬਰ 1989 ਨੂੰ ਉਤਰ ਪ੍ਰਦੇਸ਼ ਦੇ ਮੁੱਖਮੰਤਰੀ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਤੀਨਿਧੀਆਂ ਦੇ ਨਾਲ ਬੈਠਕ ਕੀਤੀ, ਉਸ ਵਿੱਚ ਕੇਂਦਰੀ ਗ੍ਰਹਿਮੰਤਰੀ ਵੀ ਹਾਜ਼ਰ ਸਨ। ਸਰਕਾਰ ਦਾ ਵਿਸ਼ਵ ਹਿੰਦੂ ਪ੍ਰੀਸ਼ਦ ਉਤੇ ਦਬਾਅ ਸੀ ਕਿ ਸ਼ਿਲਾਨਿਆਸ ਤਾਂ ਹੋਵੇ ਪਰ ਥਾਂ ਬਦਲ ਕੀਤੀ ਜਾਵੇ ਤਾਂ ਕਿ ਸੱਪ ਵੀ ਮਰੇ ਅਤੇ ਲਾਠੀ ਵੀ ਨਾ ਟੁੱਟੇ।



ਵਿਹਿਪ ਨੇ ਇਸ ਨੂੰ ਸਿਰੇ ਤੋਂ ਖਾਰਜ਼ ਕਰ ਦਿੱਤਾ ਅਤੇ ਦੇਵਰਾਹਾ ਬਾਵਾ ਨਾਲ ਸੰਪਰਕ ਕਰਕੇ ਉਸਨੂੰ ਦਖਲ ਦੇਣ ਨੂੰ ਕਿਹਾ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਵਿਸ਼ਵਹਿੰਦੂ ਪ੍ਰੀਸ਼ਦ ਨੇ ਵਿਚਕਾਰ ਸ਼ਿਲਾਲੇਖ ਨੂੰ ਲੈਕੇ ਦੇਵਰਾਹਾ ਬਾਵਾ ਹੀ ਵਚੋਲੇ ਦੀ ਭੂਮਿਕਾ ਨਿਭਾ ਰਹੇ ਸਨ। ਰਾਜੀਵ ਗਾਂਧੀ ਦੇ ਸਾਥੀਆਂ ਨੇ ਵੀ ਉਹਨਾ ਦਾ ਸਾਥ ਛੱਡ ਦਿੱਤਾ ਸੀ। ਉਹ ਸਮਝ ਨਹੀਂ ਰਹੇ ਸਨ ਕਿ ਕੀ ਕਰਨ? ਉਹਨਾ ਨੂੰ ਕਿਸੇ ਨੇ ਦੇਵਰਾਹਾ ਬਾਵਾ ਨਾਲ ਸੰਪਰਕ ਕਰਨ ਨੂੰ ਕਿਹਾ। ਦੇਵਰਾਹਾ ਬਾਵਾ ਅਵਤਾਰੀ ਪੁਰਸ਼ ਸਨ। ਉਹ ਧਰਤੀ 'ਤੇ ਨਹੀਂ ਸਨ ਰਹਿੰਦੇ, ਹਮੇਸ਼ਾ ਪਾਣੀ ਤੋਂ 12 ਫੁੱਟ ਉੱਚੇ ਮਚਾਨ ਉਤੇ ਰਹਿੰਦੇ ਸਨ। ਰਾਜੀਵ ਗਾਂਧੀ ਦੀ ਮਾਂ ਇੰਦਰਾਗਾਂਧੀ ਵੀ ਜਦੋਂ ਕਿਸੇ ਸਮੱਸਿਆ ਵਿੱਚ ਘਿਰਦੀ ਸੀ ਤਾਂ ਹੱਲ ਲਈ ਬਾਵਾ ਕੋਲ ਹੀ ਜਾਂਦੀ ਸੀ। ਰਾਜੀਵ ਗਾਂਧੀ 6 ਨਵੰਬਰ ਨੂੰ ਬਰਿੰਦਾਵਨ ਵਿੱਚ ਬਾਵਾ ਜੀ ਨੂੰ ਮਿਲਣ ਗਏ। ਬਾਵਾ ਨੇ ਕਿਹਾ ਮੰਦਰ ਬਨਣਾ ਚਾਹੀਦਾ ਹੈ। ਤੁਸੀਂ ਸ਼ਿਲਾਨਿਆਸ ਕਰਵਾਉ ਅਤੇ ਸ਼ਿਲਾਨਿਆਸ ਦੀ ਥਾਂ ਬਦਲੀ ਨਾ ਜਾਵੇ।

ਲੇਕਿਨ ਇਸ ਵਿੱਚ ਇੱਕ ਸਮੱਸਿਆ ਸੀ। ਦਰਅਸਲ, ਆਗਿਆਕਾਰੀ ਅਤੇ ਚਾਪਲੂਸ ਸ਼ਵੀ ਦੇ ਹੋਣ ਦੇ ਬਾਵਜੂਦ ਮੁੱਖਮੰਤਰੀ ਨਰਾਇਣ ਦੱਤ ਤਿਵਾੜੀ ਸ਼ਿਲਾਨਿਆਸ ਦੇ ਲਈ ਰਾਜੀ ਨਹੀਂ ਸੀ। ਇਹ ਉਹੀ ਨਰਾਇਣ ਦੱਤ ਤਿਵਾੜੀ ਸਨ, ਜਿਹਨਾ ਨੇ ਐਮਰਜੈਂਸੀ ਦੇ ਦੌਰਾਨ ਖੁਸ਼ਾਮਦੀ ਵਿੱਚ ਰਾਜੀਵ ਗਾਂਧੀ ਦੇ ਛੋਟੇ ਭਰਾ ਸੰਜੇ ਗਾਂਧੀ ਦੀ ਚੱਪਲ ਉਠਾਈ ਸੀ। ਮਤਲਬ ਸਾਫ ਸੀ, ਉਹ ਸ਼ਿਲਾਨਿਆਸ ਤੋਂ ਕਾਂਗਰਸ ਪਾਰਟੀ ਦੇ ਹੋਣ ਵਾਲੇ ਨੁਕਸਾਨ ਨੂੰ ਦੇਖ ਰਹੇ ਸਨ। ਚੋਣਾਂ ਦਾ ਐਲਾਨ ਹੋ ਚੁੱਕਾ ਸੀ, ਨਰਾਇਣ ਦੱਤ ਤਿਵਾੜੀ ਰੋਜ਼ ਪ੍ਰਚਾਰ ਲਈ ਨਿਕਲਦੇ ਸਨ। ਉਸ ਰਾਤ ਮੈਨੂੰ ਉਹਨਾ ਦਾ ਫੋਨ ਆਇਆ। ਕਿਹਾ, "ਕੱਲ ਜਨਸਭਾ ਦੇ ਲਈ ਝਾਂਸੀ ਜਾ ਰਿਹਾ ਹਾਂ। ਆਪ ਮੇਰੇ ਨਾਲ ਚੱਲੋਗੇ"? ਮੈਂ ਹਾਮੀ ਭਰ ਦਿੱਤੀ। ਮੈਂ ਸਵੇਰੇ ਨੌਂ ਵਜੇ ਕਾਲੀਦਾਸ ਮਾਰਗ ਸਥਿਤ ਮੁੱਖਮੰਤਰੀ ਦੀ ਰਿਹਾਇਸ਼ ਤੇ ਪੁੱਜਾ। ਲਖਨਊ ਤੋਂ ਹੈਲੀਕਾਪਟਰ ਵਿੱਚ ਅਸੀਂ ਝਾਂਸੀ ਜਾਣਾ ਸੀ। ਲੰਮੀ ਉਡੀਕ ਤੋਂ ਬਾਅਦ ਤਿਵਾੜੀ ਜੀ ਇੱਕ ਝਟਕੇ ਨਾਲ ਕਮਰੇ ਤੋਂ ਬਾਹਰ ਨਿਕਲਕੇ ਮੇਰੇ ਸਾਹਮਣੇ ਹੀ ਬਾਹਰ ਚਲੇ ਗਏ। ਉਹ ਗੁੱਸੇ ਵਿੱਚ ਸਨ । ਰਾਸਤੇ ਵਿੱਚ ਮੈਂ ਇਹ ਸੋਚ ਰਿਹਾ ਸੀ ਕਿ ਉਹ ਹੁਣ ਬੋਲਣਗੇ, ਮੂੰਹ ਖੋਹਲਣਗੇ, ਪਰ ਹਵਾਈ ਅੱਡਾ ਆ ਗਿਆ, ਪਰ ਉਹ ਕੁਝ ਵੀ ਨਾ ਬੋਲੇ। ਮੈਂ ਖੁਦ ਹੀ ਪੁੱਛ ਲਿਆ। ਸ਼ਿਲਾਨਿਆਸ ਉਤੇ ਕੁਝ ਤਹਿ ਹੋਇਆ? ਉਹਨਾ ਨੇ ਗੁੱਸੇ 'ਚ ਕਿਹਾ, "ਬੂਟਾ ਸਿੰਘ ਨੂੰ ਪੁੱਛੋ। ਉਹ ਸ਼ਿਲਾਨਿਆਸ ਕਰਵਾਉਣ ਆਏ ਹਨ"। ਬਾਅਦ ਵਿੱਚ ਆਯੋਧਿਆ ਦੇ ਇਸੇ ਸ਼ਿਲਾਨਿਆਸ ਨੇ ਦਿੱਲੀ ਦਾ ਤਖ਼ਤ ਬਦਲ ਦਿੱਤਾ। ਦੇਸ਼ ਦੀ ਰਾਜੀਨੀਤੀ ਬਦਲ ਗਈ। ਸ਼ਿਲਾਲੇਖ ਦੇ ਨਾਲ ਖੜੀ ਹੋਕੇ ਭਾਜਪਾ ਦੋ ਸੀਟਾਂ ਤੋਂ 85 ਤੱਕ ਪਹੁੰਚ ਗਈ। ਸ਼ਿਲਾਨਿਆਸ ਦਾ ਵਿਰੋਧ ਕਰਨ ਵਾਲੇ ਵੀ ਪੀ ਸਿੰਘ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਸ਼ਵੀ ਦੇ ਨਾਲ ਦੇਸ਼ ਦੇ ਪ੍ਰਧਾਨ ਮੰਤਰੀ ਬਣ ਗਏ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop